ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 45 | 13 November 2019 to 19 November 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਿਆ

- ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖਾਂ ਦੀ ਅਰਦਾਸ ਹੋਈ ਪ੍ਰਵਾਨ
- ਮੋਦੀ ਵੱਲੋਂ ਡੇਰਾ ਬਾਬਾ ਨਾਨਕ ਅਤੇ ਇਮਰਾਨ ਵੱਲੋਂ ਕਰਤਾਰਪੁਰ ਲਾਂਘੇ ਦਾ ਉਦਘਾਟਨ
- ਸਿੱਧੂ ਦੀ ਮੁੜ ਧਮਾਕੇਦਾਰ ਐਂਟਰੀ, ਮੋਦੀ ਤੇ ਕੈਪਟਨ ਪਏ ਫਿੱਕੇ !
- ਕੈਪਟਨ ਲਾਂਘੇ ਦਾ ਵਿਰੋਧ ਕਰਕੇ ਸਿੱਖ ਪੰਥ ਲਈ ਖਲਨਾਇਕ ਬਣੇ

**ਡੇਰਾ ਬਾਬਾ ਨਾਨਕ/ਏ.ਟੀ. ਨਿਊਜ਼ :** ਆਜ਼ਾਦੀ ਦੇ ਕਰੀਬ 72 ਵਰ੍ਹਿਆਂ ਬਾਅਦ ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨ-ਦੀਦਾਰ ਦੀ ਸਿੱਖਾਂ ਦੀ ਮੰਗ ਪੂਰੀ ਹੋ ਗਈ ਹੈ। ਸੰਗਤ ਲਈ ਬਿਨਾ ਵੀਜ਼ਾ ਲਾਂਘੇ ਦੀ ਸ਼ੁਰੂਆਤ ਹੋ ਗਈ ਹੈ। ਭਾਰਤ ਵਾਲੇ ਪਾਸੇ ਇਸ ਲਾਂਘੇ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਜਦੋਂ ਕਿ ਪਾਕਿਸਤਾਨ ਵਿਚ ਲਾਂਘੇ ਦਾ ਉਦਘਾਟਨ ਵਜ਼ੀਰੇ ਆਜ਼ਮ ਇਮਰਾਨ ਖਾਨ ਵੱਲੋਂ ਕੀਤਾ ਗਿਆ। ਲਾਂਘਾ ਖੁੱਲ੍ਹਣ ਮਗਰੋਂ ਸਿੱਖ ਸ਼ਰਧਾਲੂਆਂ ਦੇ ਪਹਿਲੇ ਵਫ਼ਦ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕੀਤੇ। ਸਿੱਖ ਸ਼ਰਧਾਲੂਆਂ ਦਾ ਇਹ ਵਫ਼ਦ ਮੱਥਾ ਟੇਕਣ ਮਗਰੋਂ ਸ਼ਾਮ ਨੂੰ ਡੇਰਾ ਬਾਬਾ ਨਾਨਕ ਪਰਤ ਆਇਆ।



## ਟਰਮੀਨਲ ਇਮਾਰਤ ਵਿਚ ਪੰਜਾਬੀ ਨੂੰ ਥਾਂ ਨਾ ਦੇਣ 'ਤੇ ਇਤਰਾਜ਼

ਪੰਜਾਬ ਦੇ ਉਚੇਰੀ ਸਿੱਖਿਆ ਅਤੇ ਭਾਸ਼ਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਭਾਰਤ ਸਰਕਾਰ ਵੱਲੋਂ ਕਰਤਾਰਪੁਰ ਲਾਂਘੇ ਲਈ ਬਣਾਈ ਗਈ ਟਰਮੀਨਲ ਇਮਾਰਤ (ਆਈਸੀਪੀ) ਦੇ ਉਦਘਾਟਨੀ ਪੱਥਰ 'ਤੇ ਪੰਜਾਬੀ ਭਾਸ਼ਾ ਨੂੰ ਥਾਂ ਨਾ ਦਿੱਤੇ ਜਾਣ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੇਂਦਰ ਸਰਕਾਰ ਦੇ ਹਰ ਪ੍ਰਾਜੈਕਟ ਦੇ ਨੀਂਹ ਪੱਥਰ ਅਤੇ ਸਾਈਨ ਬੋਰਡ 'ਤੇ ਦਿੱਤੀ ਜਾਣਕਾਰੀ ਸਭ ਤੋਂ ਪਹਿਲਾਂ ਪੰਜਾਬ ਦੀ ਸਰਕਾਰੀ ਭਾਸ਼ਾ ਪੰਜਾਬੀ ਵਿਚ ਦਿੱਤੀ ਜਾਣੀ ਚਾਹੀਦੀ ਹੈ।

ਬਾਕੀ ਸਫ਼ਾ 35 'ਤੇ

## ਕੀ ਕਿਹਾ ਮੋਦੀ ਤੇ ਇਮਰਾਨ ਨੇ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਂਘੇ ਦੇ ਉਦਘਾਟਨ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਨੇੜੇ ਸ਼੍ਰੋਮਣੀ ਕਮੇਟੀ ਵੱਲੋਂ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਾਰ-ਵਾਰ ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਅਤੇ ਸਿੱਖਿਆਵਾਂ ਦਾ ਵਰਨਣ ਕੀਤਾ। ਉਨ੍ਹਾਂ ਆਪਣੇ ਪਾਕਿਸਤਾਨੀ ਹਮਰੁਤਬਾ ਇਮਰਾਨ ਖ਼ਾਨ ਦਾ ਗੁਰਦੁਆਰਾ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਧੰਨਵਾਦ ਕੀਤਾ। ਕਰਤਾਰਪੁਰ ਦੀ ਧਰਤੀ ਨੂੰ ਬਾਬਾ ਨਾਨਕ ਦੀ ਕਰਮੀ ਭੂਮੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਸੀਨੇ ਅਤੇ ਹਵਾ ਵਿਚ ਬਾਣੀ ਦੀ ਮਹਿਕ ਘੁਲੀ ਹੋਈ ਹੈ। 'ਇਸ ਧਰਤੀ ਤੋਂ ਬਾਬੇ ਨੇ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੀ ਰੀਤ ਸ਼ੁਰੂ ਕੀਤੀ ਸੀ। ਉਨ੍ਹਾਂ ਦੀ ਬਾਣੀ ਸਾਡੇ ਜੀਵਨ ਦਾ ਮਾਰਗ ਦਰਸ਼ਨ ਹੈ। ਸ਼੍ਰੋਮਣੀ ਕਮੇਟੀ ਵਲੋਂ ਦਿੱਤੇ ਗਏ 'ਕੌਮੀ ਸੇਵਾ ਐਵਾਰਡ' ਨੂੰ ਉਨ੍ਹਾਂ ਪੀਰਾਂ ਪੈਗੰਬਰਾਂ

ਬਾਕੀ ਸਫ਼ਾ 36 'ਤੇ

## ਅਯੁੱਧਿਆ ਦਾ ਫੈਸਲਾ ਹਿੰਦੂ ਭਾਈਚਾਰੇ ਦੇ ਹੱਕ 'ਚ

### *ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਨੂੰ 1992 ਵਿਚ ਢਾਹੁਣਾ ਵੱਡੀ 'ਭੁੱਲ' ਕਿਹਾ*

**ਅਯੁੱਧਿਆ/ਏ.ਟੀ. ਨਿਊਜ਼ :** ਭਾਰਤ ਦੀ ਸੁਪਰੀਮ ਕੋਰਟ ਨੇ ਸਦੀ ਤੋਂ ਵੱਧ ਪੁਰਾਣੇ ਤੇ ਵਿਵਾਦਾਂ ਦੀ ਜੜ੍ਹ ਅਯੁੱਧਿਆ ਮੁੱਦੇ ਦਾ ਇਤਿਹਾਸਕ ਨਿਬੇੜਾ ਕਰਦਿਆਂ ਵਿਵਾਦਤ ਥਾਂ 'ਤੇ ਰਾਮ ਮੰਦਰ ਦੀ ਉਸਾਰੀ ਦੇ ਹੱਕ ਵਿਚ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਅਯੁੱਧਿਆ ਵਿਚ ਹੀ ਮਸਜਿਦ ਦੀ ਉਸਾਰੀ ਲਈ ਬਦਲਵੀਂ ਥਾਂ 'ਤੇ ਪੰਜ ਏਕੜ ਪਲਾਟ ਦੇਣ ਦਾ ਹੁਕਮ ਵੀ ਸੁਣਾਇਆ ਹੈ। ਵਿਵਾਦਤ ਥਾਂ 'ਤੇ ਟਰੱਸਟ ਵਲੋਂ ਮੰਦਰ ਉਸਾਰਿਆ ਜਾਵੇਗਾ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਪੰਜ ਮੈਂਬਰੀ ਬੈਂਚ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਹਿੰਦੂਆਂ ਦੇ ਇਸ ਵਿਸ਼ਵਾਸ ਕਿ ਭਗਵਾਨ ਰਾਮ ਦਾ ਜਨਮ ਅਯੁੱਧਿਆ ਵਿਚ ਹੋਇਆ, ਬਾਰੇ ਕੋਈ ਦੋ ਰਾਇ ਨਹੀਂ ਹੈ ਤੇ ਸੰਕੇਤਕ ਤੌਰ 'ਤੇ ਉਹ ਜ਼ਮੀਨ ਦਾ ਮਾਲਕਾਨਾ ਹੱਕ ਰੱਖਦੇ ਹਨ। ਇਸ ਦੇ ਬਾਵਜੂਦ ਇਹ ਸਪੱਸ਼ਟ ਹੈ ਕਿ 16ਵੀਂ ਸਦੀ ਦੇ ਇਸ ਤਿੰਨ ਗੁੰਬਦਾਂ ਵਾਲੇ ਢਾਂਚੇ ਨੂੰ ਹਿੰਦੂ ਕਾਰ ਸੇਵਕਾਂ ਵੱਲੋਂ ਮੰਦਰ ਦੀ ਉਸਾਰੀ ਲਈ ਛੇ ਦਸੰਬਰ, 1992 ਨੂੰ ਢਾਹਿਆ ਜਾਣਾ ਗਲਤੀ ਸੀ।'

ਬਾਕੀ ਸਫ਼ਾ 36 'ਤੇ

## ਨਾਨਕ ਦੇ ਰੰਗ ਵਿਚ ਰੰਗਿਆ ਪੰਜਾਬ

**ਸੁਲਤਾਨਪੁਰ ਲੋਧੀ/ਏ.ਟੀ. ਨਿਊਜ਼ :**
550 ਸਾਲਾ ਗੁਰੂ ਨਾਨਕ ਪ੍ਰਕਾਸ਼ ਦਿਹਾੜੇ ਦੌਰਾਨ ਪੂਰਾ ਪੰਜਾਬ ਗੁਰੂ ਦੇ ਰੰਗ ਵਿਚ ਰੰਗਿਆ ਪਿਆ ਹੈ। ਮੁੱਖ ਸਮਾਗਮ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਸੁਲਤਾਨਪੁਰ ਲੋਧੀ ਵਿਚ ਹੋ ਰਿਹਾ ਹੈ। ਸੁਲਤਾਨਪੁਰ ਲੋਧੀ ਉਹ ਥਾਂ ਹੈ ਜਿੱਥੇ ਉਨ੍ਹਾਂ ਨੇ ਕਰੀਬ 14 ਸਾਲ ਬਿਤਾਏ ਹਨ। ਪੰਜਾਬ ਦੇ ਸੁਲਤਾਨਪੁਰ ਲੋਧੀ ਦੇ ਬੇਰ ਸਾਹਿਬ ਗੁਰਦੁਆਰੇ ਵਿਖੇ ਹੋਈ ਸਜਾਵਟ ਵੇਖਦਿਆਂ ਹੀ ਬਣਦੀ ਸੀ ਅਤੇ ਸਾਰੇ ਪਾਸੇ ਜਗਮਗ ਹੀ ਨਜ਼ਰ ਆਉਂਦੀ ਸੀ।। ਗੁਰਦੁਆਰਾ ਬੇਰ ਸਾਹਿਬ ਵਿਚ ਮੱਥਾ ਟੇਕਣ ਲਈ ਸ਼ਰਧਾਲੂਆਂ ਨੂੰ ਤਿੰਨ ਤੋਂ ਚਾਰ ਘੰਟੇ ਤੱਕ ਇੰਤਜ਼ਾਰ ਕਰਨਾ ਪੈ ਰਿਹਾ ਸੀ। ਉਧਰ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਦੇ ਪੰਡਾਲ ਬੇਰੌਣਕੇ ਰਹੇ। ਅਕਾਲੀਆਂ ਤੇ ਕਾਂਗਰਸੀਆਂ ਨੇ ਥਾਂ-ਥਾਂ ਬੋਰਡ ਲਾ ਕੇ ਆਪੋ-ਆਪਣੇ ਪੰਡਾਲਾਂ ਨੂੰ ਮੁੱਖ ਪੰਡਾਲ ਦੱਸਿਆ ਹੈ ਪਰ ਇਨ੍ਹਾਂ ਦੋਵੇਂ ਪੰਡਾਲਾਂ



ਵਿੱਚ ਸੰਗਤਾਂ ਉਸ ਤਰ੍ਹਾਂ ਨਹੀਂ ਆ ਰਹੀਆਂ ਸਨ ਜਿਵੇਂ ਉਹ ਬੇਰ ਸਾਹਿਬ ਜਾ ਰਹੇ ਸਨ।
ਸ਼੍ਰੋਮਣੀ ਕਮੇਟੀ ਦੇ ਪੰਡਾਲ ਦੇ ਤਿੰਨ ਵੱਡੇ ਰਸਤਿਆਂ ਵਿਚੋਂ ਦੋ ਨੂੰ ਮੋਟੇ ਸ਼ੀਸ਼ੇ ਲਾ ਦਿੱਤੇ ਤਾਂ ਜੋ ਏਅਰ ਕੰਡੀਸ਼ਨਾਂ ਦੀ ਠੰਡੀ ਹਵਾ ਬਾਹਰ ਨਾ ਜਾਵੇ।

ਬਾਕੀ ਸਫ਼ਾ 35 'ਤੇ

## ਸੁਲਤਾਨਪੁਰ ਲੋਧੀ ਪਹੁੰਚੇ ਰਾਸ਼ਟਰਪਤੀ

ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵਿਖੇ ਆਪਣੀ ਧਰਮ ਪਤਨੀ ਸਵਿਤਾ ਕੋਵਿੰਦ ਸਮੇਤ ਗੁਰਦੁਆਰਾ ਬੇਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਇਸ ਮੌਕੇ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਵਿੰਦ ਸਿੰਘ ਲੋਗੋਂਵਾਲ, ਅਕਾਲ ਤਖ਼ਤ ਦੇ ਜੱਥੇਦਾਰ ਹਰਪ੍ਰੀਤ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੰਤ ਮੌਜੂਦ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਲੌਂਗੋਵਾਲ ਨੇ ਉਨ੍ਹਾਂ ਨੂੰ ਸਿਰਪਾਓ ਪਾ ਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਰਾਸ਼ਟਰਪਤੀ ਕੋਵਿੰਦ ਦਾ ਸੁਲਤਾਨਪੁਰ ਲੋਧੀ ਪੁੱਜਣ ਉਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਬੀਬੀ ਪ੍ਰਨੀਤ ਕੌਰ, ਪੰਜਾਬ ਦੇ ਰਾਜਪਾਲ ਵੀ.ਪੀ ਸਿੰਘ ਬਦਨੌਰ ਨੇ ਉਨ੍ਹਾਂ ਦਾ ਸਵਾਗਤ ਕੀਤਾ।

















ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ ॥
ੴ ੴ
"ਸਾਧ ਸੰਗਤ ਸਲੇਟ" ਸੈਨਹੋਜ਼ੇ
ਵੱਲੋਂ
ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ
550ਵੇਂ ਪ੍ਰਕਾਸ਼ ਦਿਵਸ ਅਤੇ ਸ੍ਰੀ ਕਰਤਾਰਪੁਰ
ਲਾਂਘਾ ਖੁੱਲਣ 'ਤੇ ਸਮੂਹ ਜਗਤ ਨੂੰ ਲੱਖ-ਲੱਖ ਵਧਾਈਆਂ
ਕਸ਼ਮੀਰ ਸਿੰਘ ਕਾਲਕਟ Kashmir Singh Kalkat
ਗੁਰਮੇਲ ਸਿੰਘ ਖਾਲਸਾ (ਬਾਠ) Gurmail Singh Khalsa (Bath)
ਸਰਬਜੋਤ ਸਿੰਘ ਸਵੱਦੀ Sarbjot Singh Swaddi
ਜਸਪਾਲ ਸਿੰਘ ਸੈਣੀ Jaspal Singh Saini
ਕਸ਼ਮੀਰ ਸਿੰਘ ਸਿਵੀਆ Kashmir Singh Sivia
ਨੀਟੂ ਸਿੰਘ ਕਾਹਲੋਂ Neetu Singh Kahlon
ਸੁਖਵਿੰਦਰ ਸਿੰਘ ਮਾਨ Sukhwinder Singh Mann
ਹਰਪਾਲ ਸਿੰਘ ਚਾਹਲ Harpal Singh Chahal
ਜਗਜੀਤ ਸਿੰਘ ਮੰਡ Jagjit Singh Mand
ਮਨਪ੍ਰੀਤ ਸਿੰਘ ਬਦੇਸ਼ਾ Manpreet Singh Badesha
ਪ੍ਰੀਤ ਸਿੰਘ ਰੰਧਾਵਾ Preet Singh Randhawa
ਭੁਪਿੰਦਰ ਸਿੰਘ ਗਿੱਲ Bhupinder Singh Gill
ਇੰਦਰਜੀਤ ਸਿੰਘ Inderjit Singh
ਕੁਲਵੰਤ ਕੌਰ ਚਾਹਲ Kulwant Kaur Chahal
ਗੁਰਦੇਵ ਸਿੰਘ ਕਲਸੀ Gurdev Singh Kalsi
ਬਲਦੇਵ ਸਿੰਘ ਜੰਡੂ Baldev Singh Jandu
ਕਮਲਜੀਤ ਸਿੰਘ ਚੀਮਾ Kamaljeet Singh Cheema
ਸਤਪਾਲ ਸਿੰਘ ਸਿੱਧੂ Satpal Singh Sidhu
ਸੰਦੀਪ ਸਿੰਘ ਸੰਧੂ Sundeep Singh Sandhu
ਰਤਨਦੀਪ ਸਿੰਘ ਸੈਣੀ Rattandeep Singh Saini
ਗੁਰਪ੍ਰੀਤ ਕੌਰ ਸੈਣੀ Gurpreet Kaur Saini
Designed By Punjab Mail USA
Sadh Sangat Slate, San Jose, CA.

## 550 ਸਾਲਾ ਪ੍ਰਕਾਸ਼ ਪੁਰਬ 'ਤੇ ਕੈਨੇਡਾ ਵਿਚ 13 ਲੱਖ ਦੀ ਮੋਮਬੱਤੀ 550 ਘੰਟੇ ਜਗੇਗੀ

**ਐਬਟਸਫੋਰਡ/ਏ.ਟੀ. ਨਿਊਜ਼ :** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਸਰੀ ਸਥਿਤ ਗੁਰਦੁਆਰਾ ਦੂਖ ਨਿਵਾਰਨ ਦੇ ਪ੍ਰਬੰਧਕਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਨਿਵੇਕਲੀ ਕਿਸਮ ਦੀ ਮੋਮਬੱਤੀ ਤਿਆਰ ਕਰਵਾਈ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਨਰਿੰਦਰ ਸਿੰਘ ਰਾਣੀਪੁਰ ਨੇ ਦੱਸਿਆ ਕਿ ਇਹ ਮੋਮਬੱਤੀ ਸਰੀ ਨਿਵਾਸੀ ਹਰਵਿੰਦਰ ਸਿੰਘ ਸੇਵਕ ਨੇ 2208 ਘੰਟੇ ਵਿਚ ਤਿਆਰ ਕੀਤੀ ਹੈ। ਇਸ ਵਿਚ ਜੈਵਿਕ ਸਰ੍ਹੋਂ ਦਾ ਤੇਲ, ਚਮੇਲੀ ਦਾ ਤੇਲ ਅਤੇ ਸੋਇਆਬੀਨ ਦੀ ਮੋਮ ਦੀ ਵਰਤੋਂ ਕੀਤੀ ਗਈ ਹੈ, ਜਿਹੜੀ ਜਰਮਨੀ ਤੋਂ ਮੰਗਵਾਈ ਗਈ ਹੈ। ਇਸ ਮੋਮਬੱਤੀ ਦੀ ਲੰਬਾਈ ਸਵਾ ਦੋ ਫੁੱਟ ਤੇ ਭਾਰ 15 ਕਿਲੋ ਹੈ। ਇਸ 'ਤੇ 25,000 ਡਾਲਰ ਭਾਵ 13 ਲੱਖ ਰੁਪਏ ਖਰਚ ਆਇਆ ਹੈ।

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਗੁਰੂ ਨਾਨਕ ਪਾਤਿਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਦੌਰਾਨ ਸੰਗਤਾਂ 'ਚ ਭਾਰੀ ਉਤਸ਼ਾਹ

### ਗੁਰਦੁਆਰਾ ਸਾਹਿਬ ਦੇ ਧਾਰਮਿਕ ਅਤੇ ਸਟੇਜ ਕਮੇਟੀ ਦੀ ਕਾਰਗੁਜ਼ਾਰੀ ਢਿੱਲੀ ਰਹੀ

**ਫਰੀਮੌਂਟ/ਏ.ਟੀ. ਨਿਊਜ਼ :** ਗੁਰਦੁਆਰਾ ਸਾਹਿਬ ਫਰੀਮੌਂਟ ਵਿੱਚ ਗੁਰੂ ਨਾਨਕ ਪਾਤਿਸ਼ਾਹ ਦੇ ਗੁਰਪੁਰਬ ਵੇਲੇ ਸੰਗਤ ਵੱਲੋਂ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਪਰ ਧਾਰਮਿਕ ਤੇ ਸਟੇਜ ਕਮੇਟੀ ਦੀ ਕਾਰਗੁਜ਼ਾਰੀ ਢਿੱਲੀ ਹੀ ਰਹੀ। ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀਆਂ ਤੋਂ ਬਿਨਾਂ ਕੋਈ ਚੰਗੇ ਕੀਰਤਨੀ ਜੱਥੇ ਜਾਂ ਢਾਡੀਆਂ ਦਾ ਪ੍ਰਬੰਧ ਨਾ ਕੀਤਾ ਗਿਆ। ਧਾਰਮਿਕ ਕਮੇਟੀ ਦੇ ਇੰਚਾਰਜ ਕੁਲਜੀਤ ਸਿੰਘ ਹਨ ਅਤੇ ਸਟੇਜ ਕਮੇਟੀ ਦੇ ਹਰਮਿੰਦਰ ਸਿੰਘ ਹਨ। ਇਹ ਸਾਰਾ ਦਿਨ ਫੇਸਬੁੱਕ ਤੇ ਹੋਰ ਲੋਕਾਂ ਦੀ ਨੁਕਤਾਚੀਨੀ



ਜਾਂ ਗਲਤੀਆਂ ਲੱਭਣ 'ਤੇ ਲਾ ਦਿੰਦੇ ਹਨ ਇਸ ਲਈ ਆਪਣੀ ਡਿਊਟੀ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਤੇ ਨਾਂਹ ਹੀ ਟਾਈਮ ਮਿਲਦਾ ਹੈ। ਸਾਰੀ ਦੁਨੀਆਂ ਵਿੱਚ 550 ਸਾਲਾ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਪਰ ਫਰੀਮਾਂਟ ਵਿੱਚ ਇਹ ਮੱਠਾ ਹੀ ਰਿਹਾ। ਭਾਂਤ ਭਾਂਤ ਦੇ ਲੰਗਰ ਤਾਂ ਸਨ ਅਤੇ ਸੇਵਾਦਾਰਾਂ ਨੇ ਬੜੇ ਉਤਸ਼ਾਹ ਨਾਲ ਕੰਮ ਕੀਤਾ ਪਰ ਸਟੇਜ ਦੀ ਕਾਰਗੁਜ਼ਾਰੀ ਠੰਡੀ ਹੀ ਰਹੀ। ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਚਾਰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਤਕਰੀਬਨ 70 ਪਰਿਵਾਰਾਂ ਨੇ ਆਪਣੇ ਘਰਾਂ ਵਿੱਚ ਸਹਿਜ ਪਾਠ ਕੀਤੇ ਅਤੇ ਉਹਨਾਂ ਦੇ ਭੋਗ ਵੀ ਗੁਰਦੁਆਰਾ ਸਾਹਿਬ ਵਿਖੇ ਪਾਏ ਗਏ। ਗੁਰਦੁਆਰਾ ਸਾਹਿਬ ਵਿਖੇ ਪਿਛਲੇ ਇੱਕ ਹਫ਼ਤੇ ਤੋਂ ਲਗਾਤਾਰ ਪ੍ਰਕਾਸ਼ ਪੁਰਬ ਸੰਬੰਧੀ ਪ੍ਰੋਗਰਾਮ ਚੱਲ ਰਹੇ ਹਨ। ਪਿਛਲੇ ਸਨਿੱਚਰਵਾਰ ਵੀ 50 ਤੋਂ ਵੱਧ ਪਰਿਵਾਰਾਂ ਨੇ ਘਰਾਂ ਵਿੱਚ ਸਹਿਜ ਪਾਠ ਕੀਤੇ ਅਤੇ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ।









ਗੁਰਦੁਆਰਾ ਸਾਹਿਬ, ਫਰੀਮੌਂਟ

# STUDENT AWARD

## ON OCCASION OF 550TH PARKASH PURAB OF SRI GURU NANAK DEV JI

GURDWARA SAHIB FREMONTIS INVITING SELF-NOMINATION FROM SIKH STUDENTS OF THE BAY AREA FOR THE EXCELLENCY AWARDS.

### TO QUALIFY YOU MUST HAVE :

- Age between 13yrs to 21yrs
- Current GPA 3.5 and above

### AND ONE OF THE FOLLOWING:

- have done at least 100 hours of Community Service in the recent years
- Officiated SSA or Panthik organization
- Speech and Debate team participation at zonal, state or national level

***SPECIAL CASE:** PhD students are eligible to apply

PLEASE ENTER YOUR INFORMATION IN THIS FORM:

bit.ly/fgs-awards

OR BY SCANNING THIS QR CODE

# ਗੁਰੂ ਨਾਨਕ ਪਾਤਸਾਹ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮ ਦੌਰਾਨ ਰੂਹਾਨੀ ਰੰਗ 'ਚ ਰੰਗਿਆ ਕਰਤਾਰਪੁਰ ਸਾਹਿਬ





**ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ/ ਬਲਵਿੰਦਰਪਾਲ ਸਿੰਘ:** ਪਾਕਿਸਤਾਨ ਦੇ ਸਤਿਕਾਰਯੋਗ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਸਾਹਿਬ ਨੇ ਇਕ ਸਾਲ ਦੇ ਅੰਦਰ ਕਰਤਾਰਪੁਰ ਸਾਹਿਬ ਲਾਂਘੇ ਨੂੰ ਪੂਰਾ ਕਰ ਦਿੱਤਾ ਅਤੇ ਕਰਤਾਰਪੁਰ ਸਾਹਿਬ ਨੂੰ ਸੰਸਾਰ ਦਾ ਸਭ ਤੋਂ ਅਹਿਮ ਗੁਰਦੁਆਰਾ ਸਾਹਿਬ ਵੀ ਬਣਾ ਦਿੱਤਾ। ਜਿਹੜਾ ਕਰਤਾਰਪੁਰ ਸਾਹਿਬ ਦਾ ਪ੍ਰਾਜੈਕਟ ਤਿੰਨ ਸਾਲ ਵਿਚ ਪੂਰਾ ਹੋਣਾ ਸੀ, ਉਹ ਸਿਰਫ਼ ਦਸ ਮਹੀਨੇ ਵਿਚ, ਤਿੰਨ ਸਿਫਟਾਂ ਵਿਚ ਹੀ ਪੂਰਾ ਕਰ ਲਿਆ ਗਿਆ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਹੈ ਇਮਰਾਨ ਖਾਨ ਸਾਹਿਬ ਨੇ 9 ਨਵੰਬਰ ਨੂੰ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਉਦਘਾਟਨ ਕੀਤਾ ਤੇ ਗੁਰਦੁਆਰਾ ਸਾਹਿਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਕਰਤਾਰਪੁਰ ਸਾਹਿਬ ਸਿੱਖਾਂ ਦਾ ਮਦੀਨਾ ਹੈ ਅਤੇ ਮੈਨੂੰ ਅਹਿਸਾਸ ਹੈ ਕਿ ਜੇ ਇਕ ਮੁਸਲਮਾਨ ਮਦੀਨੇ ਤੋਂ ਚਾਰ ਕਿਲੋਮੀਟਰ ਦੂਰ ਹੋਵੇ ਤੇ ਮਦੀਨੇ ਪਹੁੰਚ ਕੇ ਮੱਕੇ ਦੇ ਦਰਸ਼ਨ ਨਾ ਕਰੇ ਸਕੇ ਤਾਂ ਮੈਂ ਇਕ ਪ੍ਰਧਾਨ ਮੰਤਰੀ ਹੁੰਦੇ ਹੋਏ ਵੀ ਇਹ ਦਰਦ ਸਮਝ ਸਕਦਾ ਹਾਂ। ਇਸ ਕਰਕੇ ਮੇਰੇ ਦਿਲ ਵਿਚ ਆਇਆ ਕਿ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਸਵਾ ਚਾਰ ਕਿਲੋਮੀਟਰ ਦੂਰ ਹੈ ਅਤੇ ਸਿੱਖਾਂ ਨੂੰ ਇਹ ਤੋਹਫਾ ਦੇਣਾ ਚਾਹੀਦਾ ਹੈ ਅਤੇ 2019 ਵਿਚ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਆ ਰਿਹਾ ਹੈ, ਇਸ ਕਰਕੇ ਇਹ ਪ੍ਰਾਜੈਕਟ ਪੂਰਾ ਕਰਨਾ ਹੈ।'

ਇਸ ਮੌਕੇ ਸਮਾਗਮ ਵਿਚ ਭਾਰਤ ਦੇ ਸਾਬਕਾ ਪ੍ਰਧਨ ਮੰਤਰੀ ਮਨਮੋਹਨ ਸਿੰਘ, ਪੰਜਾਬ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਰੇ ਮੰਤਰੀ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਪਹੁੰਚੀਆਂ। ਇਸ ਸਮਾਗਮ ਵਿਚ ਨਵਜੋਤ ਸਿੰਘ ਸਿੱਧੂ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਹ ਇਕ ਯਾਦਗਾਰੀ ਅੰਤਰਰਾਸ਼ਟਰੀ ਸਮਾਗਮ ਸੀ ਕਿਉਂਕਿ ਅਮਰੀਕਾ, ਕੈਨੇਡਾ, ਇੰਗਲੈਂਡ, ਯੂਰਪ, ਆਸਟਰੇਲੀਆ ਅਤੇ ਪੂਰੇ ਏਸ਼ੀਆ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਪਹੁੰਚੀਆਂ। ਪਿਛਲੇ ਹਫ਼ਤੇ ਹੀ ਨਨਕਾਣਾ ਸਾਹਿਬ ਵਿਚ ਬਾਬਾ ਗੁਰੂ ਨਾਨਕ ਸਾਹਿਬ ਯੂਨੀਵਰਸਿਟੀ ਦਾ ਉਦਘਾਟਨ ਪਾਕਿਸਤਾਨ ਦੇ ਪ੍ਰਧਨ ਮੰਤਰੀ ਜਨਾਬ ਇਮਰਾਨ ਖਾਨ ਨੇ ਕੀਤਾ ਸੀ।





ਅਮਰੀਕਾ ਤੋਂ ਕਾਂਗਰਸਮੈਨ ਪੈਟਰਿਕ ਮੀਹਾਨ (ਸਾਬਕਾ ਕੋ-ਚੇਅਰ ਅਮੈਰੀਕਨ ਸਿੱਖ ਕੰਗਰੈਨਸਲ ਕਾਕਸ) ਅਤੇ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ, ਪੰਜਾਬ ਗਵਰਨਰ ਜਨਾਬ ਮੁਹੰਮਦ ਸਰਵਰ ਦੇ ਵਿਸ਼ੇਸ਼ ਸੱਦੇ 'ਤੇ ਪਾਕਿਸਤਾਨ ਪਹੁੰਚੇ। ਲਾਹੌਰ ਦੇ ਗਰਵਰਨ ਹਾਉਸ ਵਿਚ ਪਾਕਿਸਤਾਨ ਦੇ ਰਾਸ਼ਟਰਪਤੀ ਜਨਾਬ ਡਾਕਟਰ ਆਰਿਫ ਆਲਵੀ ਅਤੇ ਗਵਰਨਰ ਮੁਹੰਮਦ ਸਰਵਰ ਨੇ ਕਾਗਰਸਮੈਨ ਪੈਟਰਿਕ ਮੀਹਾਨ ਤੇ ਹਰਪ੍ਰੀਤ ਸਿੰਘ ਸੰਧੂ ਦਾ ਵਿਸ਼ੇਸ਼ ਸਨਮਾਨ ਕੀਤਾ।

ਗੁਰੂ ਸਾਹਿਬ ਦਾ ਜਨਮ ਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਵਿਚ ਵੀ ਕਾਂਗਰਸਮੈਨ ਪੈਟਰਿਕ ਮੀਹਾਨ ਦਾ ਸਨਮਾਨ ਕੀਤਾ ਗਿਆ। ਨਨਕਾਣਾ ਸਾਹਿਬ ਵਿਚ ਬਹੁਤ ਵੱਡਾ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਪੂਰੇ ਸੰਸਾਰ ਵਿਚੋਂ ਸਿੱਖ ਦਰਸ਼ਨ ਅਭਿਲਾਸ਼ੀ ਪਹੁੰਚੇ। ਪਾਕਿਸਤਾਨ ਵਿਚ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਪੂਰਾ ਪਾਕਿਸਤਾਨ ਹੀ ਸਿੱਖਾਂ ਦਾ ਘਰ ਬਣ ਗਿਆ ਹੈ। ਪਾਕਿਸਤਾਨ ਦੀ ਕੇਂਦਰ ਸਰਕਾਰ, ਪੰਜਾਬ ਸਰਕਾਰ, ਪੁਲੀਸ ਵਿਭਾਗ ਅਤੇ ਸਾਰੇ ਮੰਤਰੀ ਮੰਡਲ ਨੇ ਹਰ ਸਮਾਗਮ ਨੂੰ ਚਾਰ ਚੰਨ ਲਾਏ। ਧਾਰਮਿਕ ਸੁਰ ਵਿਚ ਹੋਏ ਸਭ ਸਮਾਗਮਾਂ ਵਿਚ ਪਾਕਿਸਤਾਨੀ ਲੋਕਾਂ ਨੇ ਬਹੁਤ ਪਿਆਰ ਅਤੇ ਸਤਿਕਾਰ ਦਿੱਤਾ। ਇਸ ਸਮਾਗਮ ਦੌਰਾਨ ਪਾਕਿਸਤਾਨ ਸਰਕਾਰ ਨੇ ਕਰੋੜਾਂ ਰੁਪਏ ਖਰਚ ਕੀਤੇ। ਹੁਣ ਹਰ ਰੋਜ਼ ਪੰਜ ਹਜਾਰ ਸ਼ਰਧਾਲੂ ਭਾਰਤ ਤੋਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਸਵੇਰੇ ਆ ਕੇ ਸ਼ਾਮੀ ਵਾਪਸ ਆ ਸਕਦੇ ਹਨ।

ਪਿਛਲੇ ਸਾਲਾਂ ਵਿਚ ਹੋਰ ਸਥਾਨਕ ਪੰਥਕ ਜਥੇਬੰਦੀਆਂ,ਅੰਤਰਰਾਸਟਰੀ ਪੰਥਕ ਜਥੇਬੰਦੀਆਂ ਦੇ ਨਾਲ ਨਾਲ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਵੀ ਅਣਥੱਕ ਸੇਵਾ ਕਰਦਿਆਂ ਹਰ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਸਮਾਗਮਾਂ ਦੀ ਸਫਲ ਬਣਾਉਣ ਲਈ ਉੱਦਮ ਕੀਤਾ।


# ਗੁਰਦੁਆਰਾ ਸਾਹਿਬ ਫਰੀਮੌਂਟ ਦੀ ਜਨਰਲ ਬਾਡੀ ਮੀਟਿੰਗ

**300 Gurdwara Road Fremont CA 94536**

**24 ਨਵੰਬਰ, 2019 ਦਿਨ ਐਤਵਾਰ**

**ਸਮਾਂ : 12:00 ਤੋਂ 12:30 ਵਜੇ**

**ਸਥਾਨ : ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ**




ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਿਹ

ਮੌਜੂਦਾ ਸੁਪਰੀਮ ਕੌਂਸਲ ਗੁਰਦੁਆਰਾ ਸਾਹਿਬ ਦੇ ਆਰਟੀਕਲ 2 ਮੁਤਾਬਕ ਸੇਵਾ ਨਹੀਂ ਨਿਭਾ ਰਹੇ, ਜਿਹੜੀ ਕਿ ਗੁਰਮਤਿ ਸਿਧਾਂਤ ਦੀ ਉਲੰਘਣਾ ਹੈ। ਇਹ ਸੁਪਰੀਮ ਕੌਂਸਲ ਦੀ ਜਗ੍ਹਾ ਨਵੀਂ ਸੁਪਰੀਮ ਕੌਂਸਲ ਮਾਰਚ 2020 ਤੱਕ ਚੁਨਣ ਦੀ ਤਜ਼ਵੀਜ਼ ਹੈ। ਸਾਡੇ ਵੱਲੋਂ ਗੁਰੂ ਗਰੰਥ ਸਾਹਿਬ ਅੱਗੇ ਪਰਚੀਆਂ ਪਾਕੇ ਜਾਂ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਆਪਸੀ ਸਹਿਮਤੀ ਨਾਲ ਉਮੀਦਵਾਰ ਆਪਸ ਵਿੱਚ ਹੀ ਸੁਪਰੀਮ ਕੌਂਸਲ ਚੁਣ ਸਕਦੇ ਹਨ। ਜੇ ਕਿਸੇ ਸੰਗਤ ਮੈਂਬਰ ਕੋਲ ਕੋਈ ਹੋਰ ਤਜ਼ਵੀਜ ਹੋਵੇ ਤਾਂ ਵਿਚਾਰ ਹੋ ਸਕਦੀ ਹੈ। ਕੋਈ ਸੁਝਾਅ, ਤਜਵੀਜ਼ ਜਾਂ ਕੋਈ ਵੀ ਮੁੱਦਾ ਸੰਗਤ ਨਾਲ ਸਾਂਝਾ ਕਰਨ ਲਈ 17 ਨਵੰਬਰ ਤੱਕ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਲਿਖਤੀ ਤੌਰ 'ਤੇ ਬੇਨਤੀ ਕਰ ਸਕਦੇ ਹੋ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੇਨਤੀ ਹੈ ਕਿ 24 ਨਵੰਬਰ ਦਿਨ ਐਤਵਾਰ 12:00 ਤੋਂ 12:30 ਵਜੇ ਤੱਕ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਜਨਰਲ ਬਾਡੀ ਕੀਤੀ ਜਾਵੇਗੀ। ਸਾਰੀ ਸੰਗਤ ਨੂੰ ਸਮੇਂ ਸਿਰ ਪੰਹੁਚਣ ਦੀ ਬੇਨਤੀ ਕੀਤੀ ਜਾਂਦੀ ਹੈ।

**ਵਲੋਂ : ਜਸਵਿੰਦਰ ਸਿੰਘ, ਪ੍ਰਧਾਨ ਅਤੇ ਸੁਪਰੀਮ ਕੌਂਸਲ ਮੈਂਬਰ**

**ਸੰਪਰਕ 510-584-7172**

## ਨਵੰਬਰ ’84 ਦੇ ਪੀੜਤਾਂ ਨੂੰ ਉਂਟਾਰੀਓ ਦੀ ਵਿਧਾਨ ਸਭਾ ’ਚ ਸ਼ਰਧਾਂਜਲੀ

**ਟੋਰਾਂਟੋ/ਏ.ਟੀ. ਨਿਊਜ਼ :** ਕੈਨੇਡਾ ਵਿਚ ਉਂਟਾਰੀਓ ਦੀ ਵਿਧਾਨ ਸਭਾ ਵਿਚ ਇਕ ਵਿਸ਼ੇਸ਼ ਸਮਾਗਮ ਦੌਰਾਨ ਸਾਰੀਆਂ ਰਾਜਨੀਤਕ ਪਾਰਟੀਆਂ ਵਲੋਂ ਨਵੰਬਰ 1984 ਦੇ ਸਿੱਖ ਵਿਰੋਧੀ ਕਤਲੇਆਮ ਦਾ ਸ਼ਿਕਾਰ ਹੋਏ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਂਟਾਰੀਓ ਗੁਰਦੁਆਰਾਜ਼ ਕਮੇਟੀ (ਓ.ਜੀ.ਸੀ.) ਅਤੇ ਉਂਟਾਰੀਓ ਸਿੱਖ ਐਂਡ ਗੁਰਦੁਆਰਾ ਕਾਸਲ (ਓ.ਐਸ.ਜੀ.ਸੀ.) ਦੇ ਸਹਿਯੋਗ ਨਾਲ ਕਰਵਾਏ ਇਸ ਸਮਾਗਮ ਵਿਚ ਕੰਜ਼ਰਵੇਟਿਵ ਪਾਰਟੀ, ਨਿਊ ਡੈਮੋਕਰੇਟਿਕ ਪਾਰਟੀ, ਲਿਬਰਲ ਪਾਰਟੀ ਤੇ ਗਰੀਨ ਪਾਰਟੀ ਦੇ ਵਿਧਾਇਕ ਪੁੱਜੇ, ਜਿਨ੍ਹਾਂ ਵਿਚ ਅਮਰਜੋਤ ਸਿੰਘ ਸੰਧੂ, ਗੁਰਰਤਨ ਸਿੰਘ, ਕੈਥਲੀਨ ਵਿੱਨ ਤੇ ਮਾਈਕ ਸ਼ਰਾਈਨਰ ਦੇ ਨਾਂਅ ਸ਼ਾਮਿਲ ਹਨ। ਓ.ਐਸ.ਜੀ.ਸੀ. ਦੇ ਚੇਅਰਮੈਨ ਮਨਜੀਤ ਸਿੰਘ ਪਰਮਾਰ ਤੇ ਓ.ਜੀ.ਸੀ. ਦੇ ਬੁਲਾਰੇ ਅਮਰਜੀਤ ਸਿੰਘ ਮਾਨ ਨੇ ਪੁੱਜੇ ਆਗੂਆਂ ਤੇ ਲੋਕਾਂ ਦਾ ਧੰਨਵਾਦ ਕੀਤਾ, ਤੇ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਇਨਸਾਫ ਮਿਲਣਾ ਅਤਿ ਜ਼ਰੂਰੀ ਹੈ। ਓਹਾਈਓ ਸਟੇਟ ਯੂਨੀਵਰਸਿਟੀ (ਅਮਰੀਕਾ) ਤੋਂ ਡਾ: ਤਰੁਨਜੀਤ ਸਿੰਘ ਬੁਤਾਲੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਹੱਕ ਤੇ ਇਨਸਾਫ ਦੀ ਆਵਾਜ਼ ਨੂੰ ਬੁਲੰਦ ਰੱਖਣਾ ਸਮੇਂ ਦੀ ਲੋੜ ਹੈ। ਉਪਰੰਤ ਵਿਧਾਨ ਸਭਾ ਦੇ ਬਾਹਰ ਮੋਮਬੱਤੀਆਂ ਜਗਾ ਕੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

## ਗਾਂਧੀ ਪਰਿਵਾਰ ਦੀ ਰੱਖਿਆ ਸੀਆਰਪੀ ਕਰੇਗੀ

**ਨਵੀਂ ਦਿੱਲੀਏ.ਟੀ. ਨਿਊਜ਼ :** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਪੁੱਤਰ ਰਾਹੁਲ ਤੇ ਧੀ ਪ੍ਰਿਯੰਕਾ ਨੂੰ ਦਿੱਤੀ ਗਈ ਐੱਸਪੀਜੀ ਦੀ ਸੁਰੱਖਿਆ ਵਾਪਸ ਲੈ ਲਈ ਗਈ ਹੈ। ਗਾਂਧੀ ਪਰਿਵਾਰ ਦੀ ਸੁਰੱਖਿਆ ਵਿਚ ਸੀਆਰਪੀਐੱਫ ਦੀ ਜ਼ੈੱਡ-ਪਲੱਸ ਸੁਰੱਖਿਆ ਤਾਇਨਾਤ ਕੀਤੀ ਗਈ ਹੈ। ਅਧਿਕਾਰੀਆਂ ਮੁਤਾਬਕ ਗਾਂਧੀ ਪਰਿਵਾਰ ਨੇ ਪਿਛਲੇ ਕਈ ਸਾਲਾਂ ਤੋਂ ਸੈਂਕੜੇ ਮੌਕਿਆਂ ’ਤੇ ਬੁਲੇਟ ਪਰੂਫ ਵਾਹਨਾਂ ਦੀ ਵਰਤੋਂ ਨਹੀਂ ਕੀਤੀ ਅਤੇ ਜ਼ਿਆਦਾਤਰ ਵਿਦੇਸ਼ੀ ਦੌਰਿਆਂ ’ਤੇ ਉਹ ਐੱਸਪੀਜੀ ਕਮਾਂਡੋ ਵੀ ਨਾਲ ਲੈ ਕੇ ਨਹੀਂ ਗਏ। ਕਾਂਗਰਸ ਦੇ ਸੀਨੀਅਰ ਤਰਜਮਾਨ ਆਨੰਦ ਸ਼ਰਮਾ ਨੇ ਕਿਹਾ ਕਿ ਸੋਨੀਆ ਗਾਂਧੀ, ਰਾਹੁਲ ਅਤੇ ਪ੍ਰਿਯੰਕਾ ਗਾਂਧੀ ਦੀ ਐੱਸਪੀਜੀ ਸੁਰੱਖਿਆ ਹਟਾਏ ਜਾਣ ਦਾ ਫ਼ੈਸਲਾ ਬਦਲਾਖੋਰੀ ਵਾਲਾ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਅੱਤਵਾਦੀਆਂ ਤੋਂ ਖ਼ਤਰਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਪਾਰਟੀ ਆਗੂਆਂ ਰਾਹੁਲ ਅਤੇ ਪ੍ਰਿਅੰਕਾ ਗਾਂਧੀ ਤੋਂ ਐੱਸਪੀਜੀ ਸੁਰੱਖਿਆ ਕਵਰ ਵਾਪਸ ਲੈਣ ਦੇ ਫ਼ੈਸਲੇ ਦੀ ਕਰੜੀ ਆਲੋਚਨਾ ਕੀਤੀ।

# ਸਿਆਟਲ ਵਿਚ ਭਗਤ ਨਾਮਦੇਵ ਜੀ ਦਾ ਜਨਮ ਦਿਵਸ ਮਨਾਇਆ





**ਸਿਆਟਲ /ਗੁਰਚਰਨ ਸਿੰਘ ਢਿੱਲੋਂ :** ਭਗਤ ਨਾਮਦੇਵ ਜੀ ਦਾ ਜਨਮ ਦਿਵਸ ਸਮੂਹ ਸੰਗਤ ਨੇ ਮਿਲ ਕੇ ਸਿੱਖ ਟੈਂਪਲ ਆਫ਼ ਸਿਆਟਲ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਇਸ ਮੌਕੇ ਭਾਈ ਖਲਦਲ ਖੰਡਨ ਸਿੰਘ ਦੇ ਕੀਰਤਨੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ। ਗੁਰਦੁਆਰੇ ਦੇ ਮੁੱਖ ਸੇਵਾਦਾਰ ਭਾਈ ਗੁਰਮੇਲ ਸਿੰਘ ਗਿੱਲ ਨੇ ਸਮੂਹ ਸੰਗਤਾਂ ਨੂੰ ਭਗਤ ਨਾਮਦੇਵ ਜੀ ਦੇ ਜਨਮ ਦਿਵਸ ਦੀ ਵਧਾਈ ਦਿੱਤੀ। ਗੁਰਮੇਲ ਸਿੰਘ ਗਿੱਲ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਆਗਮਨ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਅੱਜ ਤੋਂ ਹੀ ਅਖੰਡ ਪਾਠ ਸਾਹਿਬ ਦੇ ਪਾਠ ਆਰੰਭ ਹੋ ਰਹੇ ਹਨ ਅਤੇ ਮੰਗਲਵਾਰ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਣਗੇ। ਅੱਜ ਦੇ ਲੰਗਰਾਂ ਦੀ ਸੇਵਾ ਸਮੂਹ ਸਾਧ ਸੰਗਤ ਵਲੋਂ ਕੀਤੀ ਗਈ। ਭਾਈ ਰੇਸ਼ਮ ਸਿੰਘ ਹੈਡਗ੍ਰੰਥੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

# ਸਤਪਾਲ ਸਿੱਧੂ ਵਾਟਸਕਾਮ ਕਾਊਂਟੀ ਦੇ ਐਗਜ਼ੈਕਟਿਵ ਪਦ ਲਈ ਚੁਣੇ ਗਏ

### ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ



**ਸਿਆਟਲ /ਗੁਰਚਰਨ ਸਿੰਘ ਢਿੱਲੋਂ :** ਬੇਲਗਹਿਮ ਟੈਕਟੀਕਲ ਦੇ ਡੀਨ ਰਹਿ ਚੁੱਕੇ ਸਤਪਾਲ ਸਿੰਘ ਸਿੱਧੂ ਵਾਟਸਕਾਮ ਕਾਊਂਟੀ ਲਈ ਐਗਜ਼ੇਕਟਿਵ ਪਦ ਲਈ 40507 ਵੋਟਾਂ ਲੈ ਕੇ ਆਪਣੇ ਵਿਰੋਧੀ ਟੋਨੀ ਲਾਰਸਨ 38657 ਵੋਟਾਂ ਭਾਵ 1850 ਵੋਟਾਂ ਦੇ ਫਰਕ ਨਾਲ ਹਰਾ ਕੇ ਜੇਤੂ ਰਹੇ। ਰੋਜ਼ੀ ਰੋਟੀ ਦੀ ਖਾਤਰ ਬੈਲਗਹਿਮ ਵਿਚ ਲੱਕੜ ਦੀਆਂ ਮਿੱਲਾਂ ਵਿਚ ਕੰਮ ਕਰਨ ਵਾਲੇ ਪੰਜਾਬੀਆਂ ਨੂੰ ਨਸਲੀ ਵਿਤਰਕੇ ਤਹਿਤ 100 ਸਾਲ ਪਹਿਲਾਂ ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਸੀ, ਜਿਨ੍ਹਾਂ ਦੀ ਯਾਦ ਵਿਚ ਸ਼ਹਿਰ ਯਾਦਗਾਰੀ ਗੇਟ ਬਣਾਇਆ ਗਿਆ ਹੈ। ਉਸੇ ਸ਼ਹਿਰ ਵਾਟਸਕਾਮ ਕਾਊਂਟੀ ਦੇ ਸਤਪਾਲ ਸਿੱਧੂ ਚਾਰ ਸਾਲ ਪਹਿਲਾਂ ਕੌਂਸਿਲ ਮੈਂਬਰ ਚੁਣੇ ਗਏ ਸਨ। ਇਸ ਸ਼ਹਿਰ ਦੇ ਮੇਅਰ ਵਾਂਗ ਐਗਜ਼ੈਕਟਿਵ ਦੀ ਚੋਣ ਜਿੱਤ ਕੇ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਹੈ। ਬੈਲਗਹਿਮ ਤੇ ਸਿਆਟਲ ਦੇ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਮਨਾਈ ਜਾ ਰਹੀ ਹੈ। ਇਸ ਮੌਕੇ ਰਛਪਾਲ ਸਿੰਘ ਸੰਧੂ, ਅਮਰਜੀਤ ਸਿੰਘ ਬਰਾੜ, ਮਹਿੰਦਰ ਸਿੰਘ ਸੰਘਾ, ਹਰਦਿਆਲ ਸਿੰਘ ਸੰਘਾ, ਸੁਰਜੀਤ ਸਿੰਘ ਸਮੇਤ ਬੈਲਗਹਿਮ ਦੇ ਚਹੇਤਿਆਂ ਨੇ ਸਤਪਾਲ ਸਿੱਧੂ ਨੂੰ ਜਿੱਤ ਦੀਆਂ ਵਧਾਈਆਂ ਦਿੱਤੀਆਂ। ਸਿਆਟਲ ਤੋਂ ਮਨਮੋਹਲ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਪਿੰਟੂ ਬਾਠ, ਬਲਬੀਰ ਸਿੰਘ, ਸੁਖਚੈਨ ਸਿੰਘ ਸੰਧੂ, ਬਲਵੰਤ ਸਿੰਘ ਔਲਖ, ਕਰਨਲ ਹਰਦਿਆਲ ਸਿੰਘ ਵਿਰਕ ਤੇ ਬਲਜੀਤ ਸਿੰਘ ਸੋਹਲ ਨੇ ਸਿੱਧੂ ਜਿੱਤ ਦੀ ਵਧਾਈ ਦਿੱਤੀ ਅਤੇ ਜਿੱਤ ਦੀ ਖੁਸ਼ੀ ਮਨਾਈ।

ਫੋਟੋ : ਸਤਪਾਲ ਸਿੱਧੂ ਨੂੰ ਵਾਟਸਕਾਮ ਕਾਊਂਟੀ ਲਈ ਐਗਜ਼ੈਕਟਿਵ ਪਦ ਦੀ ਚੋਣ ਜਿੱਤਣ ਤੋਂ ਬਾਅਦ ਰਛਪਾਲ ਸਿੰਘ ਸੰਧੂ ਫੁੱਲਾਂ ਦਾ ਗੁਲਦਸਤਾ ਦੇ ਕੇ ਵਧਾਈ ਦੇਂਦੇ ਸਮੇਂ।

DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਡਾ. ਅੰਬੇਡਕਰ ਜੀ ਦੇ ਪੜਪੋਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਵਿਖੇ ਨਤਮਸਤਕ ਹੋਏ



**ਸੈਕਰਾਮੈਂਟ/ਹੁਸਨ ਲੜੋਆ ਬੰਗਾ :** ਭਾਰਤੀ ਸੰਵਿਧਾਨ ਦੇ ਨਿਰਮਾਤਾ, ਭਾਰਤ ਦੇ ਪਹਿਲੇ ਕਾਨੂੰਨ ਮੰਤਰੀ, ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਪੜਪੋਤੇ ਸ਼੍ਰੀ ਰਾਜਰਤਨ ਅੰਬੇਡਕਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਵਿਖੇ ਪਹੁਚੇ, ਜਿੱਥੇ ਪਹੁੰਚਣ ਤੇ ਗੁਰੂਘਰ ਦੀ ਸੰਗਤ ਵਲੋਂ ਉਨ੍ਹਾਂ ਦਾ ਬਹੁਤ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਜੈਕਾਰਿਆਂ ਦੀ ਗੂੰਜ ਵਿਚ ਉਨ੍ਹਾਂ ਨੂੰ ਗੁਰੂਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ ਗਏ। ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਉਨ੍ਹਾਂ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਗੁਰੂਘਰ ਵੱਲੋ ਉਨ੍ਹਾਂ ਨੂੰ ਸ੍ਰੀ ਸਿਰਪਾਓ ਸਾਹਿਬ ਦੀ ਬਖਸ਼ਿਸ਼ ਕੀਤੀ ਗਈ। ਉਨ੍ਹਾਂ ਵੱਲੋਂ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ ਅਤੇ ਮੌਜੂਦ ਸੰਗਤਾਂ ਦੇ ਪ੍ਰਸ਼ਨਾਂ ਦੇ ਉੱਤਰ ਵੀ ਦਿੱਤੇ। ਗੁਰੂਘਰ ਦੀ ਸੰਗਤਾਂ ਵਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤਾ ਗਿਆ। ਉਹ ਤਕਰੀਬਨ ਤਿੰਨ ਘੰਟੇ ਤੱਕ ਗੁਰੂਘਰ ਵਿਖੇ ਰਹੇ। ਜਿਸ ਦੌਰਾਨ ਸੰਗਤਾਂ ਨੇ ਉਨ੍ਹਾਂ ਨਾਲ ਲੰਗਰ ਛਕਿਆ, ਖੁੱਲ ਕੇ ਵਿਚਾਰਾਂ ਕੀਤੀਆਂ । ਇਸ ਤੋਂ ਪਹਿਲਾਂ ਕੈਲੀਫੋਰਨੀਆ ਦੀ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਸੈਨ ਫਰਾਸਿਸਕੋ ਏਅਰ ਪੋਰਟ ਪਹੁੰਚ ਕੇ ਸ੍ਰੀ ਰਾਜਰਤਨ ਅੰਬੇਡਕਰ ਜੀ ਦਾ ਅਮਰੀਕਾ ਪਹੁੰਚਣ ਤੇ ਫੁੱਲਾਂ ਦੇ ਗੁਲਦਸਤੇ ਦੇ ਕੇ ਸੁਆਗਤ ਕੀਤਾ। ਆਪਣੇ ਇਸ ਇਤਿਹਾਸਕ ਦੌਰੇ ਦੌਰਾਨ ਉਨ੍ਹਾਂ ਨੇ ਸੈਕਰਾਮੈਂਟੋ, ਬੇ ਏਰੀਆ ਅਤੇ ਯੂਬਾ ਸਿਟੀ ਵਿਖੇ ਗੁਰੂਘਰਾਂ ਵਿੱਚ ਸੰਗਤਾਂ ਨੂੰ ਸੰਬੋਧਨ ਕੀਤਾ, ਵਿਚਾਰ ਚਰਚਾ ਕੀਤੀ। ਯੂਬਾ ਸਿਟੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਸੈਮੀਨਾਰ ਵਿਖੇ ਆਪ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਇਸ ਤੋਂ ਇਲਾਵਾ ਯੂਬਾ ਸਿਟੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ 40ਵੇਂ ਮਹਾਨ ਨਗਰ ਕੀਰਤਨ ਦੌਰਾਨ ਵੀ ਸੰਗਤਾਂ ਨੂੰ ਸੰਬੋਧਨ ਕੀਤਾ।

# ਸਿੱਖਸ ਆਫ ਅਮਰੀਕਾ ਦਾ ਵਫਦ ਨਵਜੋਤ ਸਿੰਘ ਸਿੱਧੂ ਨੂੰ ਮਿਲਿਆ

## *ਸਿੱਧੂ ਨੂੰ ਅਮਰੀਕਾ ਦੀ ਧਰਤੀ 'ਤੇ ਕੀਤਾ ਜਾਵੇਗਾ ਸੋਨ ਤਮਗੇ ਨਾਲ ਸਨਮਾਨਿਤ : ਜੱਸੀ*

**ਨਿਊਯਾਰਕ/ਰਾਜ ਗੋਗਨਾ-** ਭਾਰਤ ਦੇ ਰਾਜਨੀਤਿਕ ਪਿਤਾਮਾ ਅਤੇ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਮੁੱਖ ਨਾਇਕ ਨਵਜੋਤ ਸਿੰਘ ਸਿੱਧੂ ਦੇ ਸੱਦੇ 'ਤੇ ਸਿੱਖਸ ਆਫ ਅਮਰੀਕਾ ਦਾ ਤਿੰਨ ਮੈਂਬਰੀ ਵਫਦ ਸਿੱਧੂ ਦੀ ਰਿਹਾਇਸ਼ 'ਤੇ ਉਨ੍ਹਾਂ ਨੂੰ ਮਿਲਿਆ। ਇਸ ਵਫਦ ਦੀ ਅਗਵਾਈ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕੀਤੀ। ਉਨ੍ਹਾਂ ਦੇ ਨਾਲ ਬਲਜਿੰਦਰ ਸਿੰਘ ਸ਼ੰਮੀ ਅਤੇ ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਵੀ ਹਾਜ਼ਰ ਹੋਏ।

ਨਵਜੋਤ ਸਿੰਘ ਸਿੱਧੂ ਵਲੋਂ ਵਫਦ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਪੰਜਾਬ ਲਈ ਕੁਝ ਕਰਨ ਗੁਜ਼ਰਨ ਲਈ ਵਿਚਾਰਾਂ ਦੀ ਸਾਂਝ ਪਾਈ। ਜਸਦੀਪ ਸਿੰਘ ਜੱਸੀ ਨੇ ਨਵਜੋਤ ਸਿੰਘ ਸਿੱਧੂ ਵਲੋਂ ਕਰਤਾਰਪੁਰ ਸਾਹਿਬ ਕੋਰੀਡੋਰ ਖੁਲ੍ਹਵਾਉਣ ਵਿੱਚ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਅਮਰੀਕਾ ਵਿਖੇ ਸਿੱਖਸ ਆਫ ਅਮਰੀਕਾ ਦੇ ਉਤਸਵ (ਗਾਲਾ) ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ। ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਸਿੱਧੂ ਨੂੰ ਕਿਹਾ ਕਿ ਤੁਹਾਡੇ ਸਨਮਾਨ ਦੇ ਅਸੀਂ ਕਰਜਾਈ ਹਾਂ, ਜਿਸ ਦਾ ਐਲਾਨ ਅਸੀਂ ਪਹਿਲੀ ਜੱਫੀ 'ਤੇ ਹੀ ਕਰ ਦਿੱਤਾ ਸੀ ਅਤੇ ਜਿਸਨੂੰ ਅਮਰੀਕਾ ਦੀਆਂ ਸੰਗਤਾਂ ਦੀ ਹਾਜ਼ਰੀ ਵਿੱਚ ਗੋਲਡ ਮੈਡਲ ਦੇ ਰੂਪ ਵਿੱਚ ਤੁਹਾਡੇ ਸਨਮੁਖ ਕਰਾਂਗੇ।

ਇਸ ਮੌਕੇ ਨਵਜੋ ਸਿੰਘ ਸਿੱਧੂ ਨੇ ਕਿਹਾ ਕਿ ਮੈਂ ਪੰਜਾਬ ਨੂੰ ਅਜਿਹਾ ਸੂਬਾ ਬਣਾ ਦਿਆਂਗੇ ਜਿਸ ਦੀ ਪੰਜਾਬ ਦੇ ਵਾਸੀ ਸ਼ਾਇਦ ਕਲਪਨਾ ਵੀ ਨਾ ਕਰਦੇ ਹੋਣ। ਲੋੜ ਹੈ ਇਕੱਠੇ ਹੋਣ ਦੀ ਅਤੇ ਮਿਲਕੇ ਹੰਭਲਾ ਮਾਰਨ ਦੀ, ਜਿਸ ਲਈ ਸਮਾਂ ਢੁਕਵਾਂ ਹੈ। ਜੱਸੀ ਨੇ ਕਿਹਾ ਕਿ ਅਮਰੀਕਾ ਲਈ ਸੰਗਤਾਂ ਤੁਹਾਡੇ ਦੀਦਾਰੇ ਕਰਨ ਲਈ ਅਤੇ ਤੁਹਾਨੂੰ ਸੁਣਨ ਲਈ ਬੇਸਬਰੀ ਨਾਲ ਇੰਤਜ਼ਾਰ ਕਰ ਰਹੀਆਂ ਹਨ। ਜੱਸੀ ਨੇ ਸਿੱਧੂ ਨੂੰ ਖੁਲ੍ਹਾ ਸਮਾਂ ਕੱਢ ਕੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਡਾ. ਸੁਰਿੰਦਰ ਸਿੰਘ ਗਿੱਲ ਨੇ ਕਿਹਾ ਕਿ ਸਿੱਖਸ ਆਫ ਅਮਰੀਕਾ ਪੰਜਾਬ ਲਈ ਕੁਝ ਕਰਨ ਗੁਜ਼ਰਨ ਲਈ ਉਤਾਵਲੀ ਹੈ, ਜਿਸ ਲਈ ਨਵਜੋਤ ਸਿੰਘ ਸਿੱਧੂ ਦੀਆਂ ਸੇਵਾਵਾਂ ਦੀ ਲੋੜ ਹੈ। ਬਲਜਿੰਦਰ ਸਿੰਘ ਸ਼ੰਮੀ ਨੇ ਡਰੱਗ ਮੁਕਤ ਅਧੁਨਿਕ ਸੈਂਟਰ ਦੀ ਗੱਲ ਕੀਤੀ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਸਾਡੇ ਦਰਵਾਜ਼ੇ ਹਰ ਸਖਸ਼ੀਅਤ ਲਈ ਖੁਲ੍ਹੇ ਹਨ, ਜੋ ਪੰਜਾਬ ਦੀ ਬਿਹਤਰੀ ਲਈ ਕੁਝ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਅਗਲੀ ਮੀਟਿੰਗ 27 ਨਵੰਬਰ ਤੋਂ ਪਹਿਲਾਂ ਮੁੜ ਮੇਰੇ ਨਾਲ ਕਰੋ ਅਤੇ ਬਜਟ ਨੂੰ ਅਵਾਮ ਦੇ ਸਾਹਮਣੇ ਪੇਸ਼ ਕਰੋ।

ਜਸਦੀਪ ਸਿੰਘ ਜੱਸੀ ਵਲੋਂ ਧੰਨਵਾਦ ਕਰਨ ਉਪਰੰਤ ਬਜਟ ਭੇਜਣ ਦੀ ਸਹਿਮਤੀ ਪ੍ਰਗਟਾਈ ਗਈ। ਕੌਫੀ ਦੇ ਕੱਪ ਦੀ ਸਾਂਝ ਨਾਲ ਮੀਟਿੰਗ ਆਪਣਾ ਮੁਕਾਮ ਹਾਸਲ ਕਰ ਗਈ। ਇਸ ਮੀਟਿੰਗ ਨੂੰ ਆਯੋਜਿਤ ਕਰਨ ਵਿੱਚ ਡਾਕਟਰ ਜਤਿੰਦਰ ਸਿੰਘ ਪੰਨੂ, ਰਣਜੀਤ ਸਿੰਘ ਰਾਣਾ ਅਤੇ ਪ੍ਰਿੰਸੀਪਲ ਸਵਿੰਦਰ ਸਿੰਘ ਪੰਨੂ ਦਾ ਅਹਿਮ ਯੋਗਦਾਨ ਰਿਹਾ, ਜੋ ਕਿ ਧੰਨਵਾਦ ਦੇ ਪਾਤਰ ਹਨ।



# ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ

**ਵੈਸਟ ਸੈਕਰਾਮੈਂਟੋ/ਏ.ਟੀ. ਨਿਊਜ਼ :** ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵਲੋਂ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਧਾਰਮਿਕ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਵਲੋਂ ਸਮੂਹ ਪੰਜਾਬੀ ਸਾਹਿਤ ਸਭਾਵਾਂ ਨੂੰ ਇਸ ਕਵੀ ਦਰਬਾਰ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ। ਕਵੀ ਦਰਬਾਰ 16 ਨਵੰਬਰ 2019 ਦਿਨ ਸ਼ਨਿੱਚਰਵਾਰ ਨੂੰ ਸ਼ਾਮ 6:00 ਵਜੇ ਤੋਂ 7:00 ਵਜੇ ਤੱਕ ਹੋਵੇਗਾ। ਸਾਰੇ ਸਾਹਿਤ ਪ੍ਰੇਮੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿੱਖ ਫ਼ਲਸਫੇ ਨਾਲ ਸਬੰਧਿਤ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਢਲੇ ਯੋਗਦਾਨ ਦੇ ਸਬੰਧ ਵਿਚ ਕਵਿਤਾਵਾਂ ਪੇਸ਼ ਕੀਤੀਆਂ ਜਾਣ। ਸਮੂਹ ਸਾਧ ਸੰਗਤ ਨੂੰ ਵੀ ਸ਼ਾਮ ਦੇ ਦੀਵਾਨਾਂ ਵਿੱਚ ਹਾਜ਼ਰੀ ਭਰਨ ਦੀ ਬੇਨਤੀ ਹੈ। ਹੋਰ ਵਧੇਰੇ ਜਾਣਕਾਰੀ ਲਈ ਬਲਬੀਰ ਸਿੰਘ ਢਿੱਲੋਂ (916-919-6196) ਅਤੇ ਭਾਈ ਹਰਪ੍ਰੀਤ ਸਿੰਘ (916-240-3441) ਨਾਲ ਸੰਪਰਕ ਕੀਤਾ ਜਾ ਸਕਦਾ ਹੈ।


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834



CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

# ਬੋਰਡ ਆਫਐਜੂਕੇਸ਼ਨ ਕਨੈਨੀਕਟ ਦੀ ਚੋਣ ਜਿੱਤੇ ਸਵਰਨਜੀਤ ਸਿੰਘ ਖਾਲਸਾ

**ਨਿਊਯਾਰਕ/ਹੁਸਨ ਲੜੋਆ ਬੰਗਾ :** ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਅਮਰੀਕਾ ਯੂਨਿਟ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਮੈਂਬਰ ਪਲੈਨਿੰਗ ਬੋਰਡ ਨਾਰਵਿਚ ਕਨੈਕਟੀਕਟ, ਮੈਂਬਰ ਡੀਪਾਰਟਮੈਂਟ ਆਫ ਜਸਟਿਸ ਬੀਤੇ ਦਿਨ ਬੋਰਡ ਆਫ ਐਜੂਕੇਸ਼ਨ ਕਨੈਨੀਕਟ ਅਮਰੀਕਾ ਦੇ ਮੈਂਬਰ ਬੈਲਟ ਪੇਪਰ ਨਾਲ ਚੁਣੇ ਗਏ।ਉਹ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਸਨ ਜਿਨਾਂ ਰਿਪਬਲਿਕਨ ਉਮੀਦਵਾਰ ਨੂੰ ਹਰਾਇਆ। ਐੱਫ ਬੀ ਆਈ ਵੱਲੋਂ ਜਿਮ ਕੌਮੀ ਡਾਇਰੈਕਟਰ ਐੱਫ ਬੀ ਆਈ ਅਮਰੀਕਾ ਦੀ ਰਾਜਧਾਨੀ ਡੀਸੀ ਵਾਸ਼ਿੰਗਟਨ ਵਿਚਲੇ ਐੱਫ ਬੀ ਆਈ ਦੇ ਹੈੱਡਕੁਆਰਟਰ ਵਿੱਚ ਸਵਰਨਜੀਤ ਸਿੰਘ ਖਾਲਸਾ ਨੂੰ ਐਵਾਰਡ 'ਕਮਿਊਨਿਟੀ ਆਫ ਲੀਡਰਸ਼ਿਪ' ਵਜੋਂ ਸਨਮਾਨਿਤ ਕਰ ਚੁੱਕੇ ਹਨ।ਇਹ ਐਵਾਰਡ ਸਵਰਨਜੀਤ ਸਿੰਘ ਖਾਲਸਾ ਨੂੰ ਨਸਲਵਾਦ ਵਿਰੋਧੀ ਤੇ ਹਿਊਮਨ ਰਾਈਟਸ ਦੇ ਹੱਕ ਵਿੱਚ ਮੁਹਿੰਮ



ਉੱਚ ਪੱਧਰ 'ਤੇ ਉਠਾਉਣ ਕਰਕੇ ਦਿੱਤਾ ਗਿਆ। ਐੱਫ ਬੀ ਆਈ ਵੱਲੋਂ ਅਮਰੀਕਾ ਵਿੱਚ 50 ਸ਼ਖ਼ਸੀਅਤਾਂ ਸਿਲੈਕਟ ਕੀਤੀਆਂ ਗਈਆਂ, ਜਿਸ ਵਿੱਚੋਂ ਸਵਰਨਜੀਤ ਸਿੰਘ ਖਾਲਸਾ ਤੋਂ ਸਿਵਾਏ ਸਾਰੇ ਗ਼ੈਰ-ਭਾਰਤੀ ਸਨ।

ਸਵਰਨਜੀਤ ਸਿੰਘ ਖਾਲਸਾ ਨੇ ਇਸ ਮੌਕੇ ਦੱਸਿਆ ਕਿ ਅਮਰੀਕਾ ਸਰਕਾਰ ਸਿੱਖ ਕੌਮ 'ਤੇ ਹੋ ਰਹੇ ਨਸਲੀ ਹਮਲਿਆਂ ਨੂੰ ਰੋਕਣ ਬਾਰੇ ਯੋਗ ਤੇ ਉਸਾਰੂ ਭੂਮਿਕਾ ਨਿਭਾ ਰਹੀ ਹੈ ਤੇ ਹੁਣ ਅਜਿਹੇ ਹਮਲਿਆਂ ਬਾਰੇ ਹੇਟ ਕਰਾਈਮ ਵਜੋਂ ਕੇਸ ਦਰਜ ਹੋ ਰਹੇ ਹਨ। ਉਨਾਂ ਕਿਹਾ ਕਿ ਕੈਨੇਡਾ ਸਰਕਾਰ ਵਾਂਗ ਭਾਰਤ ਨੂੰ ਵੀ ਦਿੱਲੀ ਸਿੱਖ ਕਤਲੇਆਮ ਬਾਰੇ ਨਸਲਕੁਸ਼ੀ ਵਜੋਂ ਸੰਸਦ ਵਿੱਚ ਮਾਨਤਾ ਦੇਣੀ ਚਾਹੀਦੀ ਹੈ। ਖਾਲਸਾ ਨੇ ਦੱਸਿਆ ਕਿ ਹੁਣ ਤੱਕ ਐਫ.ਬੀ.ਆਈ ਦੀ ਮਦਦ ਨਾਲ ਕੈਨੇਟਿਕਟ ਦੇ 2,000 ਤੋਂ ਵੱਧ ਪੁਲਿਸ ਵਾਲਿਆਂ ਨੂੰ ਸਿੱਖਾਂ ਦੇ ਧਾਰਮਿਕ ਚਿੰਨਾਂ ਬਾਰੇ ਜਾਣੂ ਕਰਵਾਇਆ ਜਾ ਚੁੱਕਾ ਹੈ ਤੇ ਇਸ ਕੰਮ ਨੂੰ ਅੱਗੇ ਵਧਾਇਆ ਜਾਏਗਾ। ਅਮਰੀਕਾ ਵਿਚ ਸਿੱਖਾਂ ਉਤੇ ਨਸਲੀ ਹਮਲਿਆਂ ਦੀ ਜਾਂਚ ਵੀ ਹੁਣ ਐਫ.ਬੀ.ਆਈ ਹੀ ਕਰਦੀ ਹੈ।ਇਹ ਵੀ ਦੱਸਣਾ ਲਾਜ਼ਮੀ ਹੈ ਕਿ ਕੈਨੇਟਿਕਟ ਦੀ ਸਟੇਟ ਕੈਪੀਟਲ ਬਿਲਡਿੰਗ ਵਿਚ ਵੀ ਸਿੱਖਾਂ ਨੂੰ ਕਿਰਪਾਨ ਲੈ ਕੇ ਜਾਣ ਦੀ ਖੁੱਲ ਖਾਲਸਾ ਦੇ ਯਤਨਾਂ ਕਰਨ ਹਾਸਿਲ ਹੋਈ। ਕਰਤਾਰਪੁਰ ਖੁਲਾ ਲਾਂਘਾ ਬਾਰੇ ਉਨਾਂ ਕਿਹਾ ਕਿ ਗੁਰੂ ਨਾਨਕ ਦਾ ਇਹ ਮਾਰਗ ਵਿਸ਼ਵ ਸ਼ਾਂਤੀ ਦਾ ਮਾਰਗ ਬਣੇਗਾ।

## ਸਹਾਇਤਾ ਵੱਲੋਂ ਫਰਿਜਨੋ ਵਿੱਖੇ ਫੰਡ ਰੇਜਰ 16 ਨਵੰਬਰ ਨੂੰ

**ਫਰਿਜ਼ਨੋ : ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਮਨੁੱਖਤਾ ਦੀ ਸੇਵਾ ਨੂੰ ਸਮਰਪਿਤ 'ਸਹਾਇਤਾ' ਸੰਸਥਾ ਵੱਲੋਂ ਦੀਨ ਦੁਖੀਆਂ ਦੀ ਮੱਦਦ ਲਈ ਪੰਜਾਬ ਭਰ ਵਿੱਚ ਉਪਰਾਲੇ ਵਿੱਢੇ ਗਏ ਹਨ। ਆਪਣੇ ਨਿਸ਼ਾਨੇ ਦੀ ਪੂਰਤੀ ਲਈ ਇਸ ਸੰਸਥਾ ਦੇ ਕਾਰਕੁਨ ਦਾਨੀ ਸੱਜਣਾਂ ਤੱਕ ਪਹੁੰਚ ਬਣਾਉਣ ਲਈ ਪੂਰੇ ਕੈਲੀਫੋਰਨੀਆ ਵਿੱਚ ਫੰਡ ਰੇਜ ਕਰ ਰਹੇ ਹਨ। ਇਸੇ ਕੜੀ ਤਹਿਤ ਸਹਾਇਤਾ ਪੀਸੀਏ ਦੇ ਉੱਦਮ ਸਦਕਾ ਸੈਂਟਰਲ ਵੈਲੀ ਦੇ ਸੋਹਣੇ ਸ਼ਹਿਰ ਫਰਿਜ਼ਨੋ ਦੇ ਇੰਡੀਆ ਕਬਾਬ ਪੈਲਿਸ ਰੈਸਟੋਰੈਂਟ ਵਿੱਚ 'ਸਹਾਇਤਾ ਨਾਈਟ' ਨਾਮੀਂ ਪ੍ਰੋਗਰਾਮ ਤਹਿਤ 16 ਨਵੰਬਰ ਦਿਨ ਸ਼ਨੀਵਾਰ ਸ਼ਾਮੀਂ 6 ਤੋਂ 9 ਵਜੇ ਦਰਮਿਆਨ ਫੰਡ ਰੇਜ ਕਰਨ ਜਾ ਰਹੀ ਹੈ। ਇਸ ਫੰਡ ਰੇਜ ਲਈ ਸਾਰਿਆਂ ਨੂੰ ਖੁੱਲ੍ਹਾ ਸੱਦਾ ਹੈ। ਚੰਗਾ ਕੰਮ ਕਰਨ ਵਿੱਚ ਦੇਰ ਨਹੀਂ ਕਰਨੀ ਚਾਹੀਦੀ, ਸੋ ਤੁਸੀਂ ਵੀ ਇਸ ਸੰਸਥਾ ਦਾ ਹਿੱਸਾ ਬਣ ਸਕਦੇ ਹੋ, ਆਓ ਤੇ ਜਾਣੋ ਕਿ ਇਹ ਸੰਸਥਾ ਕਿਸ ਤਰ੍ਹਾਂ ਲੋੜਵੰਦਾਂ ਦੀ ਸੇਵਾ ਕਰਦੀ ਹੈ। ਸਹਾਇਤਾ ਨਾਈਟ ਦਾ ਪੂਰਾ ਪ੍ਰੋਗਰਾਮ ਸੁਣੋ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਜਾਣੋ। ਜੇਕਰ ਤੁਹਾਨੂੰ ਲੱਗੇ ਕਿ ਵਾਕਿਆ ਸਹਾਇਤਾ ਦੀਨ ਦੁਖੀ ਦੀ ਬਾਂਹ ਫੜ ਰਹੀ ਹੈ, ਤਾਂ ਤੁਸੀਂ ਵੀ ਦਾਨ ਦੇ ਰੂਪ ਵਿੱਚ ਦਸਵੰਧ ਕੱਢ ਸਕਦੇ ਹੋ। ਵਧੇਰੇ ਜਾਣਕਾਰੀ ਲਈ Info@sahita.org ਤੇ ਜਾ ਸਕਦੇ ਹੋ।

## ਇਰਾਨ ਸਰਕਾਰ ਗੁਰੂ ਨਾਨਕ ਚੇਅਰ ਸਥਾਪਤ ਕਰੇਗੀ

### *11 ਯੂਨੀਵਰਸਿਟੀਆਂ ਵਿਚ ਗੁਰੂ ਨਾਨਕ ਚੇਅਰ ਹੋਣਗੀਆਂ*

**ਅੰਮ੍ਰਿਤਸਰ/ਏ.ਟੀ. ਨਿਊਜ਼ :**

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਦੁਨੀਆ ਭਰ ਵਿੱਚ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਇਰਾਨ ਸਰਕਾਰ ਆਪਣੀ ਯੂਨੀਵਰਸਟੀ ਵਿੱਚ ਗੁਰੂ ਨਾਨਕ ਦੇਵ ਜੀ ਚੇਅਰ ਸਥਾਪਿਤ ਕਰਨ ਜਾ ਰਹੀ ਹੈ। ਇਹ ਜਾਣਕਾਰੀ ਇਰਾਨ ਦੀ ਯੂਨੀਵਰਸਟੀ ਦੇ ਵਾਈਸ ਚਾਂਸਲਰ ਅੱਬੂ ਹਸਨ ਨੇ ਦਿੱਤੀ।

ਅੱਬੂ ਹਸਨ ਆਪਣੇ ਕੁਝ ਸਾਥੀਆਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲੇ ਤੇ ਕਈ ਮਾਮਲਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ। ਯਾਦ ਰਹੇ ਬੀਤੇ ਦਿਨੀਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ 11 ਯੂਨੀਵਰਸਿਟੀਆਂ ਗੁਰੂ ਨਾਨਕ ਚੇਅਰ ਪੰਜਾਬੀ ਯੂਨੀਵਰਸਿਟੀ (ਪਟਿਆਲਾ), ਆਈਕੇ ਗੁਜਰਾਲ ਪੀਟੀਯੂ (ਕਪੂਰਥਲਾ), ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਬਠਿੰਡਾ), ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਫਗਵਾੜਾ), ਚੰਡੀਗੜ੍ਹ ਯੂਨੀਵਰਸਿਟੀ (ਘੜੂੰਆਂ), ਚਿਤਕਾਰਾ ਯੂਨੀਵਰਸਿਟੀ (ਰਾਜਪੁਰਾ), ਅਕਾਲ ਯੂਨੀਵਰਸਿਟੀ (ਤਲਵੰਡੀ ਸਾਬੋ) ਤੋਂ ਇਲਾਵਾ ਆਈਟੀਐਮ ਯੂਨੀਵਰਸਿਟੀ (ਗਵਾਲੀਅਰ), ਆਰਡੀਕੇਐਫ ਯੂਨੀਵਰਸਿਟੀ (ਭੁਪਾਲ), ਜੇਆਈਐਸ ਯੂਨੀਵਰਸਿਟੀ (ਪੱਛਮੀ ਬੰਗਾਲ) ਤੇ ਯੂਨੀਵਰਸਿਟੀ ਆਫ਼ ਰਿਲੀਜਨ (ਇਰਾਨ) ਵਿੱਚ ਚੇਅਰ ਸਥਾਪਿਤ ਕਰਨ ਦਾ ਐਲਾਨ ਕੀਤਾ ਸੀ।

## ਜੀ.ਐਚ.ਜੀ. ਅਕੈਡਮੀ ਵੱਲੋਂ ਕੀਰਤਨ ਅਤੇ ਭਾਸ਼ਨ ਮੁਕਾਬਲੇ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ /ਕੁਲਵੰਤ ਧਾਲੀਆਂ, ਨੀਟਾ ਮਾਛੀਕੇ:** ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀ ਜਿੱਥੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਸਾਲਾਨਾ ਗਿੱਧੇ ਅਤੇ ਭੰਗੜੇ ਦੇ ਸਿਖਲਾਈ ਕੈਂਪ ਲਾਉਂਦੀ ਹੈ, ਉਸੇ ਉਪਰਾਲੇ ਨੂੰ ਅੱਗੇ ਤੋਰਦੇ ਹੋਏ ਬੱਚਿਆਂ ਨੂੰ ਧਰਮ ਦੀ ਸਿੱਖਿਆ ਅਤੇ ਉਤਸ਼ਾਹਤ ਕਰਨ ਲਈ ਅਕੈਡਮੀ ਵੱਲੋਂ ਇਸ ਸਾਲ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਸਮਰਪਿਤ ਬੱਚਿਆਂ ਦੇ ਕੀਰਤਨ ਅਤੇ ਭਾਸ਼ਨ ਮੁਕਾਬਲੇ ਕਰਵਾਏ ਜਾ ਰਹੇ ਹਨ ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਡਾ. ਹਰਸ਼ਿੰਦਰ ਕੌਰ ਪਹੁੰਚਣਗੇ ਜੋ ਬੱਚਿਆਂ ਨਾਲ ਗੁਰਸਿੱਖੀ ਦੇ ਫਲਸਫੇ ਸਬੰਧੀ ਵਿਚਾਰਾਂ ਕਰਨਗੇ। ਸੰਸਥਾ ਦੇ ਬੁਲਾਰੇ ਅਨੁਸਾਰ ਇਹ ਪ੍ਰੋਗਰਾਮ 16 ਨਵੰਬਰ 2019 ਦਿਨ ਸ਼ਨੀਵਾਰ ਨੂੰ ਹੋਵੇਗਾ। ਕੀਰਤਨ ਮੁਕਾਬਲੇ 6 ਸਾਲ ਦੀ ਉਮਰ ਤੋਂ 18 ਸਾਲ ਦੀ ਉਮਰ ਦੇ ਦਰਮਿਆਨ ਬੱਚਿਆਂ ਦੇ ਹੋਣਗੇ। ਜਿਨ੍ਹਾਂ ਨੂੰ ਕ੍ਰਮਵਾਰ 500, 300 ਅਤੇ 250 ਡਾਲਰ ਦੇ ਇਨਾਮ ਦਿੱਤੇ ਜਾਣਗੇ। ਸਪੀਚ ਮੁਕਾਬਲੇ ਬੱਚਿਆਂ ਦੇ ਦੋ ਵੱਖ-ਵੱਖ ਉਮਰ ਗਰੁੱਪ ਹੋਣਗੇ। ਜਿਸ ਵਿੱਚ ਪਹਿਲਾ 10 ਸਾਲ ਤੋਂ 14 ਸਾਲ ਅਤੇ ਦੂਸਰਾ ਗਰੁੱਪ 14 ਸਾਲ ਤੋਂ 18 ਸਾਲ ਦਾ ਹੋਵੇਗਾ। ਜਿਨ੍ਹਾਂ ਨੂੰ ਪਹਿਲੇ ਸਥਾਨ ਵਾਲੇ ਨੂੰ ਤਿੰਨ ਸੌ ਡਾਲਰ, ਦੂਜੇ ਸਥਾਨ ਵਾਲੇ ਨੂੰ ਦੋ ਸੌ ਡਾਲਰ ਅਤੇ ਤੀਜੇ ਸਥਾਨ ਵਾਲੇ ਨੂੰ ਇਕ ਸੌ ਡਾਲਰ ਦਿੱਤਾ ਜਾਵੇਗਾ। ਜਿਸ ਦੀਆਂ ਸਭ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਪ੍ਰਬੰਧਕਾਂ ਵੱਲੋਂ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਗਈ ਹੈ ਕਿ ਆਪਣੇ ਬੱਚਿਆਂ ਨੂੰ ਇਸ ਪ੍ਰੋਗਰਾਮ ਵਿੱਚ ਹਿਸਾ ਲੈਣ ਲਈ ਜ਼ਰੂਰ ਉਤਸਾਹਤ ਕਰਨ ਅਤੇ ਆਪ ਪਰਿਵਾਰਾਂ ਸਮੇਤ ਸ਼ਾਮਲ ਹੋਣ। ਇਹ ਸਮੁੱਚਾ ਪ੍ਰੋਗਰਾਮ 'ਸਿੱਖ ਇੰਨਸਟੀਚਿਊਟ' (ਗੁਰਦੁਆਰਾ ਸਿੰਘ ਸਭਾ) 4827 North Parkway Drive, Fresno, CA 93722 ਵਿਖੇ ਹੋਵੇਗਾ। ਪ੍ਰੋਗਰਾਮ ਵਿੱਚ ਹਿਸਾ ਲੈਣ ਅਤੇ ਆਪਣੇ ਰਜਿਸਟ੍ਰੇਸ਼ਨ ਸੰਬੰਧੀ ਉਦੇਦੀਪ ਸਿੰਘ ਸਿੱਧੂ ਨਾਲ ਫੋਨ ਨੰਬਰ (559) 355-4065 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਯਾਦਗਾਰੀ ਮੈਡਲ ਅਤੇ ਗੁਟਕਾ ਸਾਹਿਬ ਭੇਟ ਵਜੋਂ ਦਿੱਤਾ ਜਾਵੇਗਾ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ।




## ਸਿਟੀ ਮੇਅਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ







**ਫਰੀਮੌਂਟ/ਏ.ਟੀ. ਨਿਊਜ਼ :**
ਯੂਨੀਅਨ ਸਿਟੀ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਤੇ ਸਿਟੀ ਮੇਅਰ ਨੇ ਫਰੀਮੌਂਟ ਗੁਰਦੁਆਰਾ ਸਾਹਿਬ ਕਮੇਟੀ ਨੂੰ ਸੱਦ ਕੇ ਘੋਸ਼ਣਾ ਪੱਤਰ ਦਿੱਤਾ। ਸਿੱਖ ਪੰਚਾਇਤ ਵੱਲੋਂ ਭਾਈ ਕਸ਼ਮੀਰ ਸਿੰਘ ਤੇ ਗੁਰਦੁਆਰਾ ਸਾਹਿਬ ਫਰੀਮੌਂਟ ਵੱਲੋਂ ਭਾਈ ਜਸਵਿੰਦਰ ਸਿੰਘ ਜੰਡੀ ਨੇ ਸਿਟੀ ਮੇਅਰ ਦਾ ਧੰਨਵਾਦ ਕੀਤਾ। ਮੇਅਰ ਵਲੋਂ ਦਿੱਤੇ ਵਧਾਈ ਸੰਦੇਸ਼ ਵਿਚ ਸਿੱਖ ਕੌਮ ਦੀ ਸ਼ਲਾਘਾ ਕੀਤੀ ਗਈ।

## ਕਾਂਗਰਸ ਮੈਂਬਰ ਜਿਮ ਕੋਸਟਾ ਅਤੇ ਜੌਨ ਗਰਮੈਂਡੀ ਵਲੋਂ 550ਵੇਂ ਗੁਰਪੁਰਬ ਦੀ ਵਧਾਈ

**ਵਾਸ਼ਿੰਗਟਨ/ਏ.ਟੀ. ਨਿਊਜ਼ :** ਅਮਰੀਕੀ ਪਾਰਲੀਮੈਂਟ (ਕਾਂਗਰਸ) ਦੇ ਮੈਂਬਰਾਂ ਜਿਮ ਕੋਸਟਾ ਅਤੇ ਜੌਨ ਗਰਮੈਂਡੀ ਨੇ ਇਕ ਮਤਾਪੇਸ਼ ਕਰ ਕੇ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਆਪਣੇ ਮਤੇ ਵਿਚ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੁਨੀਆ ਦੇ ਇਤਿਹਾਸ ਵਿਚ ਮਹਾਨ ਹਸਤੀਆਂ ਵਿਚੋਂ ਇਕ ਸਨ ਜਿਨ੍ਹਾਂ ਨੇ ਮਨੁੱਖ ਨੂੰ ਅਮਨ, ਬਰਾਬਰੀ ਅਤੇ ਸੇਵਾ ਦਾ ਸੁਨੇਹਾ ਦਿੱਤਾ। ਸ੍ਰੀ ਕੋਸਟਾ ਨੇ ਕਿਹਾ ਕਿ ਇਹੋ ਕਾਰਨ ਹੈ ਕਿ ਸਿੱਖ ਕੌਮ ਦੁਨੀਆਂ ਭਰ 'ਚ ਭਲਾਈ ਦੇ ਕੰਮਾਂ ਵਿਚ ਸਭ ਤੋਂ ਅੰਗੇ ਹੈ। ਜੌਨ ਗਰਮੈਂਡੀ ਨੇ ਕਿਹਾ ਕਿ ਸਿੱਖ ਅਮਰੀਕਨ ਭਾਈਚਾਰੇ ਦੀਆਂ ਗਤੀਵਿਧੀਆਂ ਤੋਂ ਗੁਰੂ ਸਾਹਿਬ ਦੇ ਸਿਧਾਂਤ ਅਤੇ ਸਿੱਖਿਆਵਾਂ ਦੀ ਸਾਫ਼ ਝਲਕ ਮਿਲਦੀ ਹੈ ਜਿਸ ਦਾ ਪ੍ਰਭਾਵ ਅਮਰੀਕੀਸਮਾਜ ਉਪਰ ਵੀ ਪਿਆ ਹੈ।

## ਜੱਜ ਦੀ ਸਿਆਣਪ ਨੇ ਬਾਬ ਦੀ ਚਲਾਕੀ ਨੂੰ ਮਾਰਿਆ ਮੂਧੇ ਮੂੰਹ

**ਸੈਨਹੋਜੇ/ਏ.ਟੀ. ਨਿਊਜ਼ :**
ਬਾਬ ਢਿੱਲੋਂ ਐਂਡ ਕੰਪਨੀ ਵੱਲੋਂ ਸੈਨਹੋਜੇ ਗੁਰਦੁਆਰਾ ਸਾਹਿਬ ਦੇ ਰਿਕਾਰਡ ਸੰਗਤ ਨੂੰ ਦੇਣ ਸਬੰਧੀ ਚੱਲ ਰਹੇ ਕੇਸ ਵਿੱਚ ਬਾਬ ਦੀਆਂ ਚਲਾਕੀਆਂ ਧਰੀਆਂ ਧਰਾਈਆਂ ਰਹਿ ਗਈਆਂ, ਜਦੋਂ ਜੱਜ ਨੇ ਕਿਹਾ ਕਿ 30 ਦਿਨਾਂ ਅੰਦਰ ਸਾਰੇ ਰਿਕਾਰਡ ਦੀ ਲਿਸਟ ਬਣਾ ਕੇ ਕਚਹਿਰੀ ਅੱਗੇ ਪੇਸ਼ ਕਰੇ। ਜੇ ਕਮੇਟੀ ਜਾਂ ਸਬੰਧਤ ਬੰਦੇ ਕਚਹਿਰੀ ਦੇ ਹੁਕਮ ਦੀ ਪਾਲਣਾ ਨਹੀਂ ਕਰਦੇ ਤਾਂ 5 ਦਿਨ ਦੀ ਜੇਲ੍ਹ ਅਤੇ 1000 ਡਾਲਰ ਜੁਰਮਾਨਾ ਹੋ ਸਕਦਾ ਹੈ।
ਯਾਦ ਰਹੇ ਬਾਬ ਢਿੱਲੋਂ ਐਂਡ ਕੰਪਨੀ ਇਹ ਕਹਿ ਰਹੇ ਸਨ ਕਿ ਵਿਰੋਧੀਆਂ ਨੂੰ ਰਿਕਾਰਡ ਨਹੀਂ ਦਿੱਤਾ ਜਾ ਸਕਦਾ ਕਿਉਂ ਕਿ ਉਸ ਵਿੱਚ ਮੈਂਬਰਾਂ ਦੀ ਅਜਿਹੇ ਵੇਰਵੇ ਹੁੰਦੇ ਹਨ, ਜਿਵੇਂ ਕਿ ਜਨਮ ਤਰੀਕ ਅਤੇ ਫੋਟੋਆਂ ਜਿਨ੍ਹਾਂ ਦੀ ਦੁਰਵਰਤੋਂ ਹੋ ਸਕਦੀ ਹੈ। ਹਾਲਾਂ ਕਿ ਬਾਬ ਢਿੱਲੋਂ ਦੀ ਪਾਰਟੀ ਨੂੰ ਉਹ ਵੇਰਵੇ ਉਪਲਬਧ ਹਨ।
ਇੱਥੇ ਸੰਗਤ ਗੋਚਰੇ ਇੱਕ ਗੱਲ ਰੱਖਣੀ ਚਾਹੁੰਦੇ ਹਾਂ ਕਿ ਬਾਬ ਢਿੱਲੋਂ ਨੇ ਚੋਣਾਂ ਵਿੱਚ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿੱਚ ਇੱਕ ਸੋਧ ਲਿਆਉਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਵਿੱਚ ਕਿਹਾ ਸੀ ਕਿ ਕੋਈ ਵੀ ਸੰਗਤ ਮੈਂਬਰ ਕਦੇ ਵੀ ਕੋਈ ਵੀ ਰਿਕਾਰਡ ਨਹੀਂ ਮੰਗ ਸਕਦਾ ਅਤੇ ਕੋਈ ਕਚਹਿਰੀ ਵੀ ਰਿਕਾਰਡ ਨਹੀਂ ਲੈ ਸਕਦੀ। ਇਸ ਬਦਨੀਤੀ ਨੂੰ ਜੱਜ ਪਹਿਲਾਂ ਹੀ ਸਮਝ ਗਈ ਸੀ ਤੇ ਉਸਨੇ ਇਹ ਧਾਰਾ ਮੁੱਢੋਂ ਹੀ ਬਾਹਰ ਕੱਢਣ ਦੇ ਹੁਕਮ ਦੇ ਦਿੱਤੇ ਸਨ।
ਬਾਬ ਢਿੱਲੋਂ ਆਪਣੀ ਹੈਂਕੜ ਅਤੇ ਪੈਸੇ ਦੇ ਜ਼ੋਰ ਨਾਲ ਸੰਗਤ ਨੂੰ ਖੱਜਲ-ਖੁਆਰ ਕਰ ਰਿਹਾ ਹੈ। ਸਾਧ ਸੰਗਤ ਸਲੇਟ ਵਾਲੇ ਗਰੀਬ ਕਿਰਤੀ ਪੈਸਾ ਆਪਣੀਆਂ ਜੇਬਾਂ ਵਿੱਚੋਂ ਲਾ ਰਹੇ ਹਨ ਪਰ ਇਹ ਗੁਰੂ ਦੀ ਗੋਲਕ ਦਾ ਹੁਣ ਤੱਕ 1 ਮਿਲੀਅਨ ਡਾਲਰ ਤੋਂ ਉੱਪਰ ਉਜਾੜਾ ਕਰ ਚੁੱਕਾ ਹੈ। ਇਸ ਵੱਲੋਂ ਵੋਟਰ ਲਿਸਟ ਵਿੱਚ ਧਾਂਦਲੀਆਂ ਕਰਕੇ ਕਚਹਿਰੀ ਨੇ ਵੋਟਾਂ ਤੋਂ ਸਿਰਫ ਤਿੰਨ ਦਿਨ ਪਹਿਲਾਂ ਵੋਟਾਂ ਕੈਂਸਲ ਕਰ ਦਿੱਤੀਆਂ ਸਨ। ਮੈਂਬਰਸ਼ਿਪ ਲਿਸਟ ਵਿੱਚ ਕੋਈ ਹੇਰਾ-ਫੇਰੀ ਨਾ ਹੋਵੇ ਅਤੇ ਜਾਅਲੀ ਵੋਟਾਂ ਕੈਂਸਲ ਕਰਨ ਲਈ ਜੱਜ ਨੇ ਕੇਸ ਦੀ ਸੁਣਵਾਈ ਕਰਨ ਤੋਂ ਬਾਅਦ ਹੀ ਵੋਟਾਂ ਹੋਣ ਦਾ ਕੰਮ ਸ਼ੁਰੂ ਕਰਨਾ ਹੈ। ਸੈਨਹੋਜੇ ਦੀ ਸੰਗਤ ਬਾਬ ਢਿੱਲੋਂ ਅਤੇ ਗਰੁੱਪ ਵੱਲੋਂ ਕੀਤੀਆਂ ਅਜਿਹੀਆਂ ਹਰਕਤਾਂ ਦੀ ਬਹੁਤ ਨਿਖੇਧੀ ਕਰ ਰਹੀ ਹੈ, ਜਿਸ ਕਾਰਨ ਸੰਗਤ ਦੀ ਹੱਕੀ ਕਮਾਈ ਕਚਹਿਰੀਆਂ ਵਿੱਚ ਰੋੜੀ ਜਾ ਰਹੀ ਹੈ।

## ਮੌੜ ਧਮਾਕਾ: ਨਵੀਂ ਸਿੱਟ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ

**ਬਠਿੰਡਾ/ਏ.ਟੀ. ਨਿਊਜ਼ :** ਮੌੜ ਬੰਬ ਧਮਾਕੇ ਦੀ ਜਾਂਚ ਹੁਣ ਨਵੀਂ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਵਿੱਢ ਦਿੱਤੀ ਹੈ ਜਿਸ ਦਾ ਗਠਨ ਹਾਲ ਹੀ ਵਿੱਚ ਡੀਜੀਪੀ ਨੇ ਕੀਤਾ ਹੈ। ਏਡੀਜੀਪੀ (ਲਾਅ ਐਂਡ ਆਰਡਰ) ਨਵੀਂ ਸਿੱਟ ਦੀ ਅਗਵਾਈ ਕਰਨਗੇ ਜਦਕਿ ਤਿੰਨ ਮੈਂਬਰ ਬਣਾਏ ਗਏ ਹਨ। ਨਵੀਂ ਸਿੱਟ ਦੀ ਪਹਿਲੀ ਮੀਟਿੰਗ ਵੀ ਹੋ ਚੁੱਕੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 18 ਅਕਤੂਬਰ ਨੂੰ ਮੌੜ ਧਮਾਕੇ ਦੀ ਜਾਂਚ ਕਰ ਰਹੀ ਸਿੱਟ ਨੂੰ ਰੱਦ ਕਰ ਦਿੱਤਾ ਸੀ ਅਤੇ ਨਵੀਂ ਸਿੱਟ ਤੇ ਉਸ ਦੀ ਬਣਤਰ ਬਾਰੇ ਹੁਕਮ ਜਾਰੀ ਕਰ ਦਿੱਤੇ ਸਨ।
ਡੀਜੀਪੀ ਵੱਲੋਂ ਜਾਰੀ ਪੱਤਰ ਅਨੁਸਾਰ ਨਵੀਂ ਸਿੱਟ ਦੇ ਆਈਜੀ ਅਮਿਤ ਪ੍ਰਸ਼ਾਦ, ਬਠਿੰਡਾ ਰੇਂਜ ਦੇ ਆਈਜੀ ਅਤੇ ਐੱਸਐੱਸਪੀ ਬਠਿੰਡਾ ਮੈਂਬਰ ਬਣਾਏ ਗਏ ਹਨ। ਨਵੀਂ ਸਿੱਟ ਦੇ ਚੇਅਰਮੈਨ ਲੋੜ ਅਨੁਸਾਰ ਸਿੱਟ ਦੇ ਹੋਰ ਨਵੇਂ ਮੈਂਬਰ ਵੀ ਲੈ ਸਕਦੇ ਹਨ।
ਪਹਿਲਾਂ ਮੌੜ ਧਮਾਕਾ ਕੇਸ ਦੀ ਜਾਂਚ ਡੀਆਈਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਟੀਮ ਕਰ ਰਹੀ ਸੀ ਜਿਸ ਨੇ ਜਾਂਚ ਨੂੰ ਆਖਰੀ ਪੜਾਅ ਤੱਕ ਪਹੁੰਚਾ ਦਿੱਤਾ ਸੀ। ਡੀਜੀਪੀ ਨੇ ਪੱਤਰ 'ਚ ਹਦਾਇਤ ਕੀਤੀ ਹੈ ਕਿ ਕਾਨੂੰਨ ਮੁਤਾਬਿਕ ਮੌੜ ਧਮਾਕੇ ਦਾ ਚਲਾਨ ਵੀ ਅਦਾਲਤ 'ਚ ਪੇਸ਼ ਕੀਤਾ ਜਾਵੇ।
ਚਰਚੇ ਹਨ ਕਿ ਨਵੀਂ ਸਿਟ ਮੌੜ ਧਮਾਕੇ ਦੀ ਜਾਂਚ ਦੌਰਾਨ ਪੁੱਛਗਿੱਛ ਲਈ ਹਨੀਪ੍ਰੀਤ ਨੂੰ ਵੀ ਤਲਬ ਕਰ ਸਕਦੀ ਹੈ ਜਿਸ ਨੂੰ ਥੋੜ੍ਹੇ ਦਿਨ ਪਹਿਲਾਂ ਹੀ ਜ਼ਮਾਨਤ ਮਿਲੀ ਹੈ।
ਪਾਤੜਾਂ ਦੇ ਗੁਰਜੀਤ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਮੌੜ ਧਮਾਕੇ ਦੀ ਜਾਂਚ ਸੀਬੀਆਈ ਤੋਂ ਕਰਾਏ ਜਾਣ ਦੀ ਮੰਗ ਕੀਤੀ ਸੀ। ਹਾਈ ਕੋਰਟ ਨੇ ਭਾਵੇਂ ਸੀਬੀਆਈ ਜਾਂਚ ਦੇ ਆਦੇਸ਼ ਤਾਂ ਨਹੀਂ ਦਿੱਤੇ ਪਰ ਹੁਣ ਨਵੀਂ ਸਿੱਟ ਦਾ ਗਠਨ ਕਰਨ ਦੇ ਹੁਕਮ ਦਿੱਤੇ ਹਨ। ਨਵੀਂ ਸਿੱਟ ਤਿੰਨ ਮਹੀਨੇ ਅੰਦਰ ਮੌੜ ਧਮਾਕੇ ਦੀ ਜਾਂਚ ਰਿਪੋਰਟ ਪੇਸ਼ ਕਰੇਗੀ। ਹਾਈ ਕੋਰਟ ਵਿੱਚ ਕੇਸ ਦੀ ਅਗਲੀ ਪੇਸ਼ੀ 30 ਜਨਵਰੀ ਨੂੰ ਹੈ।










# ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸਿੱਖਿਆ ਕੇਂਦਰ ਖੋਲ੍ਹਣ ਦਾ ਪ੍ਰੋਗਰਾਮ ਉਲੀਕਿਆ

**ਸੈਕਰਾਮੈਂਟੋ /ਹੁਸਨ ਲੜੋਆ ਬੰਗਾ :** ਵਿਦਿਅਕ ਸਮਾਜ ਸੇਵੀ ਸੰਸਥਾ, ਟੀ .ਵੀ ਸਕੂਲ ਫਾਉਂਡੇਸ਼ਨ ਵੱਲੋ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਿੰਡ ਅਤੇ ਵੱਖ ਵੱਖ ਵਾਰਡਾਂ ਵਿਚ ਗੁਰੂ ਨਾਨਕ ਦੇਵ ਸਿੱਖਿਆ ਕੇਂਦਰ ਖੋਲ੍ਹਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।




ਇਸ ਸਬੰਧੀ ਕੀਤੀ ਪੱਤਰਕਾਰ ਮਿਲਣੀ ਮੌਕੇ ਪੰਜਾਬੀ ਦੇ ਸ਼ਾਇਰ ਡਾ. ਸੁਰਜੀਤ ਪਾਤਰ, ਪੰਜਾਬੀ ਸਾਹਿਤ ਅਕੈਡਮੀ ਦੇ ਸਾਬਕਾ ਪ੍ਰਧਾਨ ਪ੍ਰੋ.ਗੁਰਭਜਨ ਗਿੱਲ ਅਤੇ ਵਕੀਲ ਹਰੀਸ਼ ਢਾਂਡਾ ਨੇ ਸ਼ਿਰਕਤ ਕੀਤੀ। ਟੀ ਵੀ ਸਕੂਲ ਦੇ ਪ੍ਰਬੰਧਕੀ ਡਾਇਰੈਕਟਰ ਪ੍ਰੋ. ਸੰਤੋਖ ਸਿੰਘ ਔਜਲਾ ਨੇ ਦੱਸਿਆ ਕਿ ਸਾਡੀ ਫਾਉਂਡੇਸ਼ਨ ਨਵੀ ਸੂਚਨਾ ਟੈਕਨਾਲੋਜੀ ਦੀ ਮਦਦ ਨਾਲ, ਟੀ.ਵੀ ਚੈਨਲ 'ਟੀ.ਵੀ ਸਚੋਲ ਫਾਸਟਵੇ ਚੈਨਲ ਨੁਮੇਰ-279', 'ਟੀ.ਵੀ ਸਕੂਲ' ਤੇ ਮੋਬਾਈਲ ਐੱਪ ਅਤੇ ਪੈਨ ਡ੍ਰਾਈਵ ਰਾਹੀਂ ਪੰਜਾਬ ਦੇ ਨੌਵੀਂ, ਦਸਵੀ ਦੇ ਵਿਦਿਆਰਥੀਆਂ ਨੂੰ ਗਣਿਤ, ਅੰਗਰੇਜ਼ੀ, ਸਾਇੰਸ ਅਤੇ 11ਵੀਂ 12ਵੀਂ ਦੇ ਵਿਦਿਆਰਥੀਆਂ ਨੂੰ ਫਿਜ਼ਿਕਸ , ਕੈਮਿਸਟਰੀ , ਮੈਥ, ਅਕਾਊਂਟੈਂਸੀ ਦੇ ਵਿਸ਼ਿਆਂ 'ਚ ਉਚ ਦਰਜੇ ਦੀ ਪੜ੍ਹਾਈ ਪ੍ਰਦਾਨ ਕਰ ਰਹੀ ਹੈ। ਸੰਸਥਾ ਵੱਲੋ ਸ਼ੁਰੂ ਕਿੱਤੇ ਦੋ ਨਵੇਂ ਪਲਾਨਾਂ 'ਚ ਕੋਈ ਵੀ ਪਿੰਡ ਜਾਂ ਵਾਰਡ 1000 ਰੁਪਏ (ਸਲਾਨਾ 12000 ਰੁਪਏ) ਦੇ ਕੇ ਵਿਦਿਆਰਥੀਆਂ ਨੂੰ ਮੋਬਾਈਲ ਐੱਪ ਰਾਹੀਂ ਪੜ੍ਹਾਈ ਕਰਵਾ ਸਕਦਾ ਹੈ। ਦੂਜੇ ਪਲਾਨ 'ਚ ਗੁਰੂ ਨਾਨਕ ਦੇਵ ਜੀ ਦੀ 550ਵੀਂ ਸ਼ਤਾਬਦੀ ਨੂੰ ਸਮਰਪਿਤ ਹਰ ਪਿੰਡ ਜਾਂ ਵਾਰਡ ਵਿਚ ਗੁਰੂ ਨਾਨਕ ਸਿਖਿਆ ਕੇਂਦਰ ਸਥਾਪਤ ਕੀਤੇ ਜਾਣਗੇ। ਕਿਸੇ ਵੀ ਪਿੰਡ ਜਾਂ ਵਾਰਡ ਦੇ ਸਰਪੰਚ ਜਾਂ ਕੌਂਸਲਰ ਜਾਂ ਕੋਈ ਸਮਾਜ ਸੇਵੀ ਸੰਸਥਾ ਕਿਸੇ ਸਾਂਝੇ ਥਾਂ ਟੀ.ਵੀ ਸਕਰੀਨ ਲਾ ਕੇ ਪੜ੍ਹਾਈ ਦਾ ਪ੍ਰਬੰਧ ਕਰ ਸਕਦੀ ਹੈ। ਡਾ.ਪਾਤਰ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਵਿਅਕਤੀ ਦੇ ਸਰਵਪੱਖੀ ਵਿਕਾਸ ਵਿਚ ਅਹਿਮ ਕੜੀ ਦਾ ਕੰਮ ਕਰਦੀ ਹੈ। ਇਸ ਵਕਤ ਇਹ ਸੰਸਥਾ ਪੰਜਾਬ ਸਮੇਤ ਉੱਤਰੀ ਭਾਰਤ ਦੇ 7 ਰਾਜਾਂ ਵਿਚ 5 ਲੱਖ ਤੋਂ ਵੱਧ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਘਰ ਵਿਚ ਹੀ ਮੁਫ਼ਤ ਵਿਦਿਆ ਪ੍ਰਦਾਨ ਕਰ ਰਹੀ ਹੈ। ਪ੍ਰੋ.ਔਜਲਾ ਅਨੁਸਾਰ ਸੰਸਥਾ ਦਾ ਮੁੱਖ ਮਕਸਦ ਪੰਜਾਬ ਦੇ ਹਰ ਬੱਚੇ ਨੂੰ ਵਿਸ਼ਵ ਪੱਧਰ ਦੀ ਸਿੱਖਿਆ ਘਰ ਘਰ ਪ੍ਰਦਾਨ ਕਰਨਾ ਹੈ ।

## ਗੁਰੁ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਵਿਰਾਸਤ-ਏ-ਖਾਲਸਾ 'ਚ ਦੀਪਮਾਲਾ

**ਸ੍ਰੀ ਆਨੰਦਪੁਰ ਸਾਹਿਬ/ਏ.ਟੀ. ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਇਥੋਂ ਦੀ ਵਿਰਾਸਤ-ਏ-ਖਾਲਸਾ ਇਮਾਰਤ ਨੂੰ ਲਾਈਟਾਂ ਨਾਲ ਸਜਾਇਆ ਗਿਆ। ਇਸ ਮੌਕੇ ਸੰਗਤਾਂ ਤੇ ਸੈਲਾਨੀਆਂ ਨੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਨਮੋਹਕ ਲਾਈਟਿੰਗ ਅਤੇ ਪ੍ਰਦਰਸ਼ਨੀ 'ਰਬਾਬ ਤੋਂ ਨਗਾਰਾ' ਦਾ ਅਨੰਦ ਮਾਣਿਆ ਤੇ ਸਿੱਖ ਇਤਿਹਾਸ ਬਾਰੇ ਵਡਮੁੱਲੀ ਜਾਣਕਾਰੀ ਵੀ ਹਾਸਲ ਕੀਤੀ। ਵਿਰਾਸਤ-ਏ-ਖਾਲਸਾ ਦੁਨੀਆਂ ਭਰ ਵਿੱਚ ਵਿਲੱਖਣ ਪਛਾਣ ਬਣਾ ਚੁੱਕਾ ਹੈ।
ਇਸ ਅਜਾਇਬਘਰ ਵਿੱਚ ਗੁਰੁ ਨਾਨਕ ਦੇਵ ਜੀ ਦੀ ਵਿਚਾਰਧਾਰਾ, ਉਨ੍ਹਾਂ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਦੇ ਫਲਸਫੇ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਤੋਂ ਸੰਗਤ ਨੇ ਬਾਕਮਾਲ ਜਾਣਕਾਰੀ ਹਾਸਲ ਕੀਤੀ ਅਤੇ ਵਿਸ਼ਾਲ ਇਮਾਰਤ 'ਤੇ ਕਰਵਾਈ ਗਈ ਮਨਮੋਹਕ ਲਾਈਟਿੰਗ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਅਧਾਰਤ ਪ੍ਰਦਰਸ਼ਨੀ 'ਰਬਾਬ ਤੋਂ ਨਗਾਰਾ' ਸੰਗਤਾਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ। ਵਿਰਾਸਤ-ਏ-ਖਾਲਸਾ ਦੇ ਮੈਨੇਜਰ (ਲੋਕ ਸੰਪਰਕ) ਨੇ ਦੱਸਿਆ ਕਿ ਇਸ ਪ੍ਰਦਰਸ਼ਨੀ ਦਾ ਉਦਘਾਟਨ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇਪੀ ਸਿੰਘ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਵੱਲੋਂ ਕੀਤਾ ਗਿਆ।
ਸੰਸਥਾ ਦੀ ਮੈਨੇਜਮੈਂਟ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਾਮ ਦੇ ਸਮੇਂ ਸੰਗਤਾਂ ਲਈ ਇਸ ਅਜਾਇਬਘਰ ਨੂੰ ਖੋਲ੍ਹਿਆ ਗਿਆ ਤਾਂ ਕਿ ਉਹ ਮਨਮੋਹਕ ਦੀਪਮਾਲਾ ਦਾ ਅਨੰਦ ਲੈ ਸਕਣ।

## ਇਕ ਸਿੱਖ ਫੌਜੀ ਦੀ ਦਾਸਤਾਨ

ਮੈਂ ਮੱਧਵਰਗੀ ਕਿਸਾਨ ਪ੍ਰਵਾਰ ਵਿੱਚੋਂ ਹਾਂ। ਦਸਵੀ ਪਾਸ ਕਰਕੇ 1968 ਵਿੱਚ ਮੈਂ ਫੌਜ ਵਿੱਚ ਭਰਤੀ ਹੋ ਗਿਆ। ਕਿਉਂਕਿ ਉਦੋਂ ਫੌਜੀਆਂ ਦੀ ਬਹੁਤ ਚੜ੍ਹਾਈ ਹੁੰਦੀ ਸੀ। ਮੇਰਾ ਮਹਿਕਮਾ ਤੋਪਖਾਨਾ ਸੀ। ਮੈਥੋਂ ਪੁੱਛਿਆ ਗਿਆ ਕਿ ਤੂੰ ਟੈਂਕ ਚਲਾਉਣਾ ਪਸੰਦ ਕਰੇਂਗਾ ਕਿ ਗੱਡੀ ? ਮੈਂ ਘੁੰਮਣ ਫਿਰਨ ਦਾ ਸ਼ੌਕੀਨ ਹੋਣ ਕਰਕੇ ਮੈਂ ਕਿਹਾ ਗੱਡੀ ਤੇ ਡਰਾਈਵਰ ਬਣ ਗਿਆ ਕਿਉਂਕਿ ਟੈਂਕ ਚਲਾ ਕੇ ਬੰਦਾ ਘੁੰਮ ਫਿਰ ਨਹੀਂ ਸਕਦਾ, ਯੂਨਿਟ ਵਿੱਚ ਹੀ ਕੈਦੀ ਜਿਹਾ ਬਣਕੇ ਰਹਿ ਜਾਂਦਾ ਹੈ! ਬਹੁਤੇ ਫੌਜੀ ਤਾਂ ਇੱਕ ਜਗ੍ਹਾ 'ਤੇ ਹੀ ਸਾਰੀ ਨੌਕਰੀ ਕਰ ਜਾਂਦੇ ਹਨ, ਪਰ ਮੇਰੇ ਪੈਰ ਵਿੱਚ ਐਸਾ ਚੱਕਰ ਸੀ ਕਿ ਭਾਰਤ ਦੇ ਕੋਨੇ ਕੋਨੇ ਵਿੱਚ ਨੌਕਰੀ ਕੀਤੀ। ਫੌਜ ਵਿੱਚ ਚਾਰ ਸਾਲ ਪੜਨਾ ਵੀ ਪਿਆ। ਮੈਂ ਕੈਪਟਨ ਨੂੰ ਕਿਹਾ ਕਿ ਇਹੋ ਝੋਲਾ ਚੱਕਣ ਦੇ ਮਾਰੇ ਨੇ ਸਕੂਲ ਛੱਡਿਆ ਤੇ ਏਹੋ ਕਿਤਾਬਾਂ ਫਿਰ ਮੇਰੇ ਮੱਥੇ ਮਾਰੀਆਂ ਤਾਂ ਕੈਪਟਨ ਕਹਿੰਦਾ ਮੈਂ ਤੇਰੇ ਵਾਗੂੰ ਭੜਾਈ ਛੱਡੀ ਸੀ! ਬਹੁਤ ਸਾਲ ਮੈਂ ਡਰਾਈਵਰਾਂ ਦਾ ਮਾਸਟਰ ਵੀ ਰਿਹਾ। ਬੰਗਾਲ ਵਿੱਚ ਗਿਆ ਬੰਗਾਲੀ ਭਾਸ਼ਾ ਸਿੱਖੀ ਅਤੇ ਬੰਬੇ ਗਿਆ ਤਾਂ ਮਰਾਠੀ ਸਿੱਖੀ। ਪੰਜਾਬ ਤੋਂ ਬਾਹਰ ਹਿੰਦੀ ਦੀਆਂ ਕਿਤਾਬਾਂ ਹੀ ਮਿਲਦੀਆਂ ਸਨ ਤੇ ਮੇਰੀਆਂ ਕਿਤਾਬਾਂ ਹਿੰਦੂ ਲੈ ਜਾਂਦੇ ਤੇ ਵਾਪਸ ਨਾ ਕਰਦੇ। ਮੈਂ ਤੰਗ ਆ ਕੇ ਉਰਦੂ ਸਿੱਖਿਆ ਤੇ ਸੋਚਿਆ ਕਿਤਾਬਾਂ ਚੋਰੀ ਨਹੀਂ ਹੋਣਗੀਆਂ ਕਿਉਕਿ ਹਿੰਦੂ ਉਰਦੂ ਨਹੀਂ ਸੀ ਜਾਣਦੇ। ਸੋਚਿਆ ਜੇ ਰਸਤਾ ਭਟਕ ਕੇ ਪਾਕਿਸਤਾਨ ਚਲੇ ਗਏ ਤਾਂ ਉਰਦੂ ਕੰਮ ਆਵੇਗਾ! ਮੈਂ ਕੋਰਸ ਕਰਕੇ ਸੂਬੇਦਾਰ ਦੇ ਰੈਂਕ ਦੇ ਕਾਬਲ ਹੋ ਗਿਆ ਤੇ ਕੈਪਟਨ ਬਣਕੇ ਪੈਨਸ਼ਨ ਆਉਣਾ ਸੀ ਪਰ ਕੁਦਰਤ ਨੂੰ ਹੋਰ ਹੀ ਮੰਨਜ਼ੂਰ ਸੀ!

ਰੌਲਾ ਪੈ ਗਿਆ ਕਿ ਅੰਬਰਸਰ 'ਤੇ ਫੌਜ ਨੇ ਹਮਲਾ ਕਰ ਦਿੱਤਾ! ਸਾਡੀ ਰੈਜੀਮੈਂਟ ਮਿਕਸ ਹੋਣ ਕਰਕੇ ਵਣ-ਵਣ ਦੀ ਲੱਕੜੀ ਇਕੱਠੀ ਹੋਈ ਸੀ। ਅਸੀਂ ਪੰਜ ਕੁ ਸਿੱਖ ਸੀ, ਬਾਕੀ ਕੋਈ ਬੰਗਾਲੀ ਕੋਈ ਬਿਹਾਰੀ ਵਗੈਰਾ। ਅਸੀਂ ਪੰਜੇ ਜਾਣੇ ਬਹੁਤ ਫਿਕਰਮੰਦ ਹੋਏ ਪਰ ਦੂਜੇ ਫੌਜੀਆਂ ਨੂੰ ਕੋਈ ਖਾਸ ਦੁੱਖ ਨਹੀਂ ਹੋਇਆ! ਖਬਰ ਆ ਗਈ ਕਿ ਫੌਜੀ ਹਮਲੇ ਮਗਰੋਂ ਫੌਜੀ ਭਗੌੜੇ ਹੋ ਗਏ। ਅਸੀਂ ਪੰਜ ਜਾਣੇ ਹੋਣ ਕਰਕੇ ਖਾਲੀ ਹੱਥ ਭੱਜ ਨਹੀਂ ਸੀ ਸਕਦੇ। ਮੈਂ ਫਟਾ ਫਟ ਅਸਤੀਫਾ ਦੇ ਦਿੱਤਾ। ਅਸਤੀਫਾ ਮੰਨਜੂਰ ਹੋ ਗਿਆ ਕਿਉਂਕਿ ਮੈਂ ਪੰਦਰਾਂ ਸਾਲ ਪੂਰੇ ਕਰ ਚੁੱਕਿਆ ਸੀ, ਇਸ ਕਰਕੇ ਕੋਈ ਦਿੱਕਤ ਨਹੀਂ ਆਈ, ਨਹੀਂ ਤਾਂ ਫੌਜ ਵਿੱਚ ਜਾਣਾ ਸੌਖਾ ਤੇ ਆਉਣਾ ਔਖਾ। ਘਰ ਆ ਕੇ ਖੇਤੀ ਬਾੜੀ ਕੀਤੀ। ਇਹ ਤਾਂ ਗੱਲ ਜੱਗ ਜਾਹਰ ਹੈ ਕਿ ਖੇਤੀ ਵਿੱਚ ਘਾਟਾ ਹੀ ਘਾਟਾ ਹੈ! ਪਰ ਜੱਟ ਕੀ ਕਰੇ ? ਮੈਂ ਸੱਤ ਅੱਠ ਸਾਲ ਘਾਟਾ ਖਾ ਕੇ 1992 ਵਿੱਚ ਹਾਂਗਕਾਂਗ ਆ ਗਿਆ। ਬਹੁਤ ਮੁਸ਼ਕਲਾਂ ਆਈਆਂ। ਘੜੀਆਂ ਬਣਾਈਆਂ, ਡਰਾਈਵਰੀ ਕੀਤੀ, ਕੱਪੜਾ ਡਲੀਵਰੀ ਕੀਤਾ। ਇੱਕ ਕੰਪਨੀ ਵਿੱਚ ਇੰਸਪੈਕਟਰ ਲੱਗਾ, ਮੇਰਾ ਕੰਮ ਸੀ ਚੀਨ ਵਿੱਚ ਜਾਣਾ। ਇਸ ਨੌਕਰੀ ਵਿੱਚ ਮੈਂ ਸਾਰਾ ਚੀਨ ਘੁੰਮਿਆ ਤੇ ਨਾਵਲ ਲਿਖਿਆ 'ਪੂਰਨ ਦਾ ਬਾਗ', ਕਿਉਂਕਿ ਇਸ ਨੌਕਰੀ ਵਿੱਚ ਟਾਈਮ ਮਿਲ ਜਾਂਦਾ ਸੀ। ਹੁਣ ਮੈਂ ਸਕਿਓਰਿਟੀ ਗਾਰਡ ਦੀ ਨੌਕਰੀ ਕਰਦਾਂ ਹਾਂ ਅਤੇ ਨਾਲ ਲਿਖਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ।

**-ਬਲਦੇਵ ਸਿੰਘ ਬੁੱਧ ਸਿੰਘ ਵਾਲਾ**


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035


ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕਰਤਾਰਪੁਰ ਸਾਹਿਬ ਦਾ ਇਤਿਹਾਸ



*ਕਰਤਾਰਪੁਰ ਨੂੰ ਗੁਰੂ ਨਾਨਕ ਸਾਹਿਬ ਨੇ ਸੰਨ 1522 ਵਿੱਚ ਵਸਾਇਆ। ਇੱਥੇ ਉਦਾਸੀ ਦੌਰਾਨ ਹੀ ਜਦ ਗੁਰੂ ਨਾਨਕ ਦੇਵ ਜੀ ਲਾਹੌਰ ਪਰਤਦੇ ਹੋਏ ਰਾਵੀ ਦੇ ਕਿਨਰੇ ਪੱਖੋ ਰੰਧਾਵੇ ਪਿੰਡ ਪਹੁੰਚੇ ਤਾਂ ਪਿੰਡ ਦਾ ਚੌਧਰੀ ਅਜਿੱਤ ਰੰਧਾਵਾ ਉਹਨਾਂ ਨੂੰ ਮਿਲਣ ਆਇਆ। ਉਹਨਾਂ ਨੇ ਗੁਰੂ ਜੀ ਨੂੰ ਰਾਵੀ ਦੇ ਪਾਰ ਦੂਜੇ ਪਾਸੇ ਦਰਸ਼ਨ ਦੇਣ ਲਈ ਕਿਹਾ ਤੇ ਉਸ ਪਾਸੇ ਗੁਰੂ ਜੀ ਅਤੇ ਸਿੱਖਾਂ ਵਾਸਤੇ ਧਰਮਸ਼ਾਲਾ ਅਤੇ ਹੋਰ ਰਿਹਾਇਸ਼ ਦਾ ਵੀ ਪ੍ਰਬੰਧ ਕਰ ਦਿਤਾ। ਗੁਰੂ ਜੀ ਆਪਣੇ ਮਾਤਾ-ਪਿਤਾ ਨੂੰ ਤਲਵੰਡੀ ਤੋਂ ਅਤੇ ਆਪਣੀ ਪਤਨੀ ਸੁਲੱਖਣੀ ਅਤੇ ਦੋਵੇਂ ਪੁੱਤਰਾਂ ਨੂੰ ਸੁਲਤਾਨਪੁਰ ਲੋਧੀ ਤੋਂ ਇਥੇ ਲੈ ਆਏ। ਇਸ ਤਰ੍ਹਾਂ ਇਸ ਨਗਰ ਦੀ ਨੀਂਹ ਰੱਖੀ। ਜਿਸ ਦਾ ਬਾਅਦ ਵਿੱਚ ਨਾਮ ਕਰਤਾਰਪੁਰ ਪੈ ਗਿਆ। ਇਸ ਸਥਾਨ 'ਤੇ ਗੁਰਦੁਆਰਾ ਵੀ ਹੈ। ਗੁਰਦੁਆਰਾ ਕਰਤਾਰਪੁਰ ਸਾਹਿਬ ਉਹ ਸਥਾਨ ਹੈ, ਜਿੱਥੇ ਜਾਤ-ਪਾਤ ਅਤੇ ਊਚ-ਨੀਚ ਦੇ ਹਨੇਰੇ ਵਿੱਚ ਡੁੱਬੇ ਇਸ ਸੰਸਾਰ ਨੂੰ ਚਾਨਣ ਦੀ ਰਾਹ ਵਿਖਾ ਕੇ ਸਤਿਨਾਮ ਦੀ ਪ੍ਰਚਾਰ ਫੇਰੀ ਕਰਦੇ ਹੋਏ ਗੁਰੂ ਨਾਨਕ ਸਾਹਿਬ 70 ਸਾਲ 4 ਮਹੀਨੇ ਦੀ ਉਮਰ ਭੋਗ ਕੇ 22 ਸਤੰਬਰ 1539 ਨੂੰ ਜੋਤੀ ਜੋਤਿ ਸਮਾ ਗਏ ਸਨ।*

## ਕਰਤਾਰਪੁਰ ਲਾਂਘੇ ਬਾਰੇ ਪਾਸਪੋਰਟ ਦੀ ਸ਼ਰਤ ਖ਼ਤਮ ਹੋਵੇ: ਜਥੇਦਾਰ

ਅੰਮ੍ਰਿਤਸਰ/ਏ.ਟੀ. ਨਿਊਜ਼ -ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਕੋਲੋਂ ਮੰਗ ਕੀਤੀ ਹੈ ਕਿ ਪਾਕਿਸਤਾਨ ਵਿਚ ਵਸਦੇ ਸਿੱਖਾਂ ਵਾਸਤੇ ਗੁਰਦੁਆਰਾ ਡੇਰਾ ਬਾਬਾ ਨਾਨਕ ਦਾ ਲਾਂਘਾ ਖੋਲ੍ਹਿਆ ਜਾਵੇ। ਉਹ ਕਰਤਾਰਪੁਰ ਲਾਂਘਾ ਖੁੱਲ੍ਹਣ ਮਗਰੋਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਗਏ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਵਾਸਤੇ ਪਾਸਪੋਰਟ ਦੀ ਸ਼ਰਤ ਖ਼ਤਮ ਕਰ ਕੇ ਇਸ ਨੂੰ ਆਧਾਰ ਕਾਰਡ ਆਦਿ ਰਾਹੀਂ ਦਰਸ਼ਨ ਦੀਦਾਰ ਕਰਨ ਵਾਸਤੇ ਜਾਣ ਦੀ ਆਗਿਆ ਹੋਣੀ ਚਾਹੀਦੀ ਹੈ, ਤਾਂ ਜੋ ਵੱਧ ਤੋਂ ਵੱਧ ਸ਼ਰਧਾਲੂ ਦਰਸ਼ਨ ਕਰਨ ਲਈ ਜਾ ਸਕਣ।



ਗੁਰਦੁਆਰਾ ਕਰਤਾਰਪੁਰ ਦੇ ਵਿਹੜੇ ਵਿਚ ਰੱਖੇ ਉਦਘਾਟਨੀ ਸਮਾਗਮ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਜਿਵੇਂ ਭਾਰਤੀ ਸਿੱਖਾਂ ਵਾਸਤੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਦੀਦਾਰਿਆਂ ਵਾਸਤੇ ਲਾਂਘਾ ਖੋਲ੍ਹਿਆ ਗਿਆ ਹੈ, ਉਸੇ ਤਰ੍ਹਾਂ ਪਾਕਿਸਤਾਨ ਵਿਚ ਵਸਦੇ ਸਿੱਖਾਂ ਵਾਸਤੇ ਗੁਰਦੁਆਰਾ ਡੇਰਾ ਬਾਬਾ ਨਾਨਕ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਿਆ ਜਾਵੇ। ਉਨ੍ਹਾਂ ਆਖਿਆ ਕਿ ਪਾਕਿਸਤਾਨ ਵਿਚ ਇਸ ਵੇਲੇ ਸਿੱਖਾਂ ਦੀ ਆਬਾਦੀ ਲਗਪਗ ਦਸ ਹਜ਼ਾਰ ਹੈ ਅਤੇ ਇਹ ਸਿੱਖ ਵੀ ਭਾਰਤ ਵਿਚਲੇ ਗੁਰਧਾਮਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਦੋਵਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਪਾਕਿਸਤਾਨ ਵਿਚ ਵਸਦੇ ਸਿੱਖਾਂ ਦੀ ਮੰਗ ਵੀ ਪੂਰੀ ਕੀਤੀ ਜਾਵੇ। ਗੁਰਦੁਆਰਾ ਕਰਤਾਰਪੁਰ ਲਾਂਘੇ ਦੀ ਸ਼ੁਰੂਆਤ ਲਈ ਦੋਵਾਂ ਸਰਕਾਰਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਵਿਸ਼ੇਸ਼ ਤੌਰ 'ਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਦੋਵਾਂ ਦੇਸ਼ਾਂ ਵਿਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਮਜ਼ਬੂਤ ਹੋਣ ਅਤੇ ਦੋਵਾਂ ਮੁਲਕਾਂ ਦੀ ਤਰੱਕੀ ਦੀ ਅਰਦਾਸ ਕੀਤੀ।

## ਡੇਰਾ ਬਾਬਾ ਨਾਨਕ ਅਤੇ ਖਡੂਰ ਸਾਹਿਬ ਦੀ ਸੰਗਤ ਨੇ ਯਾਤਰੂਆਂ ਲਈ ਬੂਹੇ ਖੋਲ੍ਹੇ

**ਖਡੂਰ ਸਾਹਿਬ/ਏ.ਟੀ. ਨਿਊਜ਼ :**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਨੂੰ ਧਿਆਨ ਵਿਚ ਰੱਖਦੇ ਹੋਏ ਕਾਰ ਸੇਵਾ ਖਡੂਰ ਸਾਹਿਬ ਵਲੋਂ ਸੰਗਤਾਂ ਲਈ ਰਿਹਾਇਸ਼ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਹੈ। ਇਸ ਸਬੰਧ ਵਿਚ ਕਾਰ ਸੇਵਾ ਖਡੂਰ ਸਾਹਿਬ ਵਲੋਂ ਬਾਬਾ ਬਲਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਤਹਿਤ ਡੇਰਾ ਬਾਬਾ ਨਾਨਕ ਨਗਰ ਦੀ ਸੰਗਤ ਦੇ ਸਹਿਯੋਗ ਨਾਲ 4000 ਯਾਤਰੂਆਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਗਿਆ ਹੈ। ਨਗਰ ਖਡੂਰ ਸਹਿਬ ਵਿਖੇ ਵੀ 5000 ਯਾਤਰੂਆਂ ਦੇ ਠਹਿਰਨ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਪ੍ਰਬੰਧ ਸਮੁੱਚੇ ਇਲਾਕੇ ਦੀ ਸੰਗਤ ਵਲੋਂ ਆਪਣੇ ਘਰਾਂ ਦੇ ਬੂਹੇ ਖੋਲ੍ਹ ਕੇ ਕੀਤਾ ਗਿਆ ਹੈ। ਹਰ ਘਰ ਨੇ ਇਕ-ਇਕ ਕਮਰਾ ਸੰਗਤ ਨੂੰ ਸਮਰਪਿਤ ਕੀਤਾ ਹੈ। ਇਸ ਸਬੰਧੀ ਪੂਰੀ ਤਰ੍ਹਾਂ ਪ੍ਰਬੰਧ ਕਰ ਲਿਆ ਗਿਆ ਹੈ।ਇਸ ਸਬੰਧ ਵਿਚ ਸੰਗਤ ਕਾਰ ਸੇਵਾ ਖਡੂਰ ਸਾਹਿਬ ਵਿਖੇ ਸੰਪਰਕ ਕਰ ਸਕਦੀ ਹੈ। ਗੁਰਦੁਆਰਾ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਵੀ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾਦਾਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਸੰਗਤ ਵਲੋਂ ਘਰਾਂ ਵਿਚ ਰਿਹਾਇਸ਼ ਦੇ ਨਾਲ ਨਾਲ ਟਰਾਂਸਪੋਰਟ ਅਤੇ ਖਾਣੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

## ਕਰਤਾਰਪੁਰ ਸਾਹਿਬ ਲਾਂਘੇ ਦਾ ਇਤਿਹਾਸ

- 14-15 ਅਗਸਤ 1947-ਭਾਰਤ ਅਤੇ ਪਾਕਿਸਤਾਨ ਦਰਮਿਆਨ ਪੰਜਾਬ ਦਾ ਖਿੱਤਾ ਵੰਡੇ ਜਾਣ ਕਾਰਨ ਸਿੱਖ ਵਸੋਂ ਦਾ ਵੱਡਾ ਹਿੱਸਾ ਲਹਿੰਦੇ ਪਾਸਿਓਂ ਚੜ੍ਹਦੇ ਪੰਜਾਬ ਵਾਲੇ ਪਾਸੇ ਆ ਗਿਆ ਤੇ ਇਤਿਹਾਸਕ ਗੁਰਧਾਮਾਂ ਦੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਤੋਂ ਵੱਖਰਾ ਹੋ ਗਿਆ।
- 1947-ਸ਼੍ਰੋਮਣੀ ਕਮੇਟੀ ਨੇ ਸਿੱਖ ਰਹਿਤ ਮਰਿਆਦਾ ਵਿੱਚ ਦਰਜ ਅਰਦਾਸ ਵਿੱਚ ਪੰਥ ਦੀ ਅਕਾਲ ਪੁਰਖ ਅੱਗੇ ਅਰਜ਼ੋਈ ਹੇਠ ਲਿਖੇ ਲਫਜ਼ਾਂ ਵਿੱਚ ਸ਼ਾਮਲ ਕੀਤੀ।
  "ਸ਼੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।" ਸਿੱਖ ਇਹ ਅਰਦਾਸ ਅਕਾਲ ਪੁਰਖ ਅੱਗੇ ਪਿਛਲੇ 71 ਸਾਲ ਤੋਂ ਕਰਦਾ ਆ ਰਿਹਾ ਹੈ। ਆਖਿਰ 9 ਨਵੰਬਰ 2019 ਨੂੰ ਇਹ ਅਰਦਾਸ ਪੂਰੀ ਹੋ ਗਈ ਹੈ।
- ਫਰਵਰੀ 1999-'ਭਾਰਤ ਦੀ ਸੰਘਾਤਮਕ ਸਰਕਾਰ' ਦੇ ਪ੍ਰਧਾਨ ਮੰਤਰੀ ਵਾਜਪਾਈ ਵੱਲੋਂ ਦਿੱਲੀ-ਲਾਹੌਰ ਬੱਸ ਸੇਵਾ ਦੀ ਸ਼ੁਰੂਆਤ ਕਰਦਿਆਂ ਪਾਕਿਸਤਾਨ ਜਾਣ ਤੇ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਇੱਕ ਵਜ਼ਾ ਰਹਿਤ ਲਾਂਘਾ ਬਣਾਉਣ ਦੀ ਤਜਵੀਜ਼ ਸਾਹਮਣੇ ਆਈ।
- 2000-ਪਾਕਿਸਤਾਨ ਸਰਕਾਰ ਨੇ ਆਪਣੇ ਵੱਲੋਂ ਖੁੱਲ੍ਹੇ ਦਰਸ਼ਨ ਦੀਦਾਰ ਲਈ ਵੀਜ਼ਾ ਰਹਿਤ ਲਾਂਘੇ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ।
- 2001 ਤੋਂ 2018-'ਭਾਰਤੀ ਸੰਘਾਤਮਕ ਸਰਕਾਰ' ਇਸ ਅਰਸੇ ਦੌਰਾਨ ਮੁਲਕ ਦੀ ਅਖੰਡਤਾ ਤੇ ਸੁਰੱਖਿਆ ਲਈ ਖਤਰਾ ਦੱਸ ਕੇ ਖੁੱਲੇ ਲਾਂਘੇ ਦੀ ਤਜਵੀਜ਼ ਨੂੰ ਰੱਦ ਕਰਦੀ ਆ ਰਹੀ ਸੀ, ਦੂਜੇ ਬੰਨੇ ਪਾਕਿ ਸਰਕਾਰ ਦੇ ਸੰਘਾਤਮਕ ਵਜ਼ੀਰ ਤੇ ਉੱਚ ਅਫਸਰ ਵੱਖ-ਵੱਖ ਸਮੇਂ ਕਰਤਾਰਪੁਰ ਸਾਹਿਬ ਖੁੱਲੇ ਲਾਂਘੇ ਦੀ ਤਜਵੀਜ਼ ਨੂੰ ਲਾਗੂ ਕਰਨ ਦੀ ਸਹਿਮਤੀ ਦੇਂਦੇ ਰਹੇ।
- 2 ਮਈ 2017- ਭਾਰਤੀ ਸੰਘਾਤਮਕ ਸੰਸਦ ਦੀ ਇੱਕ ਵਿਦੇਸ਼ ਮਾਮਲਿਆਂ ਬਾਰੇ ਸਟੈਂਡਿੰਗ ਕਮੇਟੀ ਦੇ ਤਤਕਾਲੀ ਚੇਅਰਮੈਨ ਸ਼ਸ਼ੀ ਥਰੂਰ ਦੀ ਅਗਵਾਈ ਵਿਚ ਡੇਰਾ ਬਾਬਾ ਨਾਨਕ ਵਿੱਖੇ ਪਹੁੰਚ ਕੇ ਕਰਤਰਪੁਰ ਸਾਹਿਬ ਲਾਂਘੇ ਬਾਰੇ ਜਾਇਜ਼ਾ ਲਿਆ ਪਰ ਇਸ ਕਮੇਟੀ ਨੇ ਇਹ ਕਹਿੰਦਿਆਂ ਕਰਤਾਰਪੁਰ ਲਾਂਘੇ ਦੀ ਤਜਵੀਜ਼ ਨੂੰ ਰੱਦ ਕੀਤਾ ਕਿ ਸਰਹੱਦ ਉੱਤੇ ਭਾਰਤੀ ਫੌਜੀਆਂ ਦੇ ਸਿਰ ਵੱਢੇ ਜਾ ਰਹੇ ਹਨ। ਇਸ ਕਰਕੇ ਇਹ ਲਾਂਘਾ ਨਹੀ ਬਣਾਇਆ ਜਾ ਸਕਦਾ। ਇਸ ਕਮੇਟੀ ਨੇ ਲ਼ਾਂਘਾ ਖੋਲਣ ਦੀ ਥਾਂ ਤੇ ਡੇਰਾ ਬਾਬਾ ਨਾਨਕ ਸਥਿਤ ਬੀਐਸਐਫ ਦੀ ਚੌਕੀ ਤੇ ਵਧੇਰੇ ਦੂਰ ਤੱਕ ਤੇ ਸਾਫ ਵੇਖ ਸਕਣ ਵਾਲੀਆਂ ਚਾਰ ਦੂਰਬੀਨਾਂ ਲਾਉਣ ਦਾ ਸੁਝਾਅ ਦਿੱਤਾ ਤਾਂ ਜੋ ਸਿੱਖ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣ।
- 18 ਅਗਸਤ 2018-ਪਾਕਿਸਤਾਨ ਦੇ ਨਵੇਂ ਬਣੇ ਵਜ਼ੀਰੇ ਆਜ਼ਮ ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਸਮੇਂ ਪਾਕਿ ਫੌਜ ਦੇ ਮੁਖੀ ਜਨਰਲ ਬਾਜਵਾ ਨੇ ਨਵਜੋਤ ਸਿੰਘ ਸਿੱਧੂ ਨੂੰ ਦੱਸਿਆ ਕਿ ਪਾਕਿਸਤਾਨ ਕਰਤਾਰਪੁਰ ਸਾਹਿਬ ਵਜ਼ਾ ਰਹਿਤ ਲਾਂਘਾ ਖੋਲ੍ਹਣ ਬਾਰੇ ਵਿਚਾਰ ਕਰ ਰਿਹਾ ਹੈ।
- 20 ਅਗਸਤ 2018-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਸ਼ੁਸ਼ਮਾ ਸਵਰਾਜ ਨੂੰ ਕਰਤਾਰਪੁਰ ਖੁੱਲੇ ਲਾਂਘੇ ਸੰਬੰਧੀ ਪਾਕਿਸਤਾਨ ਨਾਲ ਅਧਿਕਾਰਤ ਤੌਰ ਉੱਤੇ ਗੱਲਬਾਤ ਕਰਨ ਲਈ ਚਿੱਠੀ ਲਿਖੀ।
- 27 ਅਗਸਤ 2018-ਚੜ੍ਹਦੇ ਪੰਜਾਬ ਦੀ ਅਸੈਂਬਲੀ ਨੇ ਕਰਤਾਰਪੁਰ ਸਾਹਿਬ ਖੁੱਲਾ ਲਾਂਘਾ ਬਣਾਉਣ ਲਈ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਅਤੇ ਭਾਰਤ ਸਰਕਾਰ ਨੂੰ ਇਸ ਸੰਬਧੀ ਫੌਰੀ ਤੌਰ ਤੇ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨ ਦੀ ਤਜਵੀਜ਼ ਭੇਜੀ।
- 29 ਅਗਸਤ 2018-ਪਾਕਿਸਤਾਨ ਸਥਿਤ ਭਾਰਤ ਦੇ ਮੁੱਖ ਸਫੀਰ ਅਜੇ ਬਸਾਰੀਆਂ ਨੇ ਕਰਤਾਰਪੁਰ ਸਾਹਿਬ ਵਿਖੇ ਜਾ ਕੇ ਖੁੱਲਾ ਲਾਂਘਾ ਬਣਾਉਣ ਦੀ ਪਾਕਿਸਤਾਨ ਸਰਕਾਰ ਦੀ ਯੋਜਨਾ ਦਾ ਮੌਕੇ ਉੱਤੇ ਜਾ ਕੇ ਜਾਇਜਾ ਲਿਆ।
- 7 ਸਤੰਬਰ 2018-ਪਾਕਿਸਤਾਨ ਸੰਘਾਤਮਕ ਸਰਕਾਰ ਨੇ ਸੂਚਨਾ ਅਤੇ ਪ੍ਰਸਾਰਣ ਵਜ਼ੀਰ ਚੌਧਰੀ ਫਵਾਦ ਹੁਸੈਨ ਨੇ ਕਿਹਾ ਕਿ ਇਮਰਾਨ ਖਾਨ ਸਰਕਾਰ ਸਿੱਖਾਂ ਲਈ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਵੀਜ਼ਾ ਰਹਿਤ ਲਾਂਘਾ ਬਣਾਉਣ ਦੀ ਸਹੂਲਤ ਦੇ ਰਹੀ ਹੈ।
- 14 ਸਤੰਬਰ 2018-ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਨੇ ਭਾਰਤ ਦੇ ਵਜ਼ੀਰੇ ਆਜ਼ਮ ਨਰਿੰਦਰ ਮੋਦੀ ਨੂੰ ਚਿਠੀ ਲਿਖ ਕੇ ਦੁਵੱਲੇ ਸਹਿਯੋਗ ਅਤੇ ਵਪਾਰ ਕਰਨ ਅਤੇ ਆਪਸੀ ਮਾਹੌਲ ਨੂੰ ਸੁਖਾਵਾਂ ਕਰਨ ਲਈ ਗੱਲਬਾਤ ਕਰਨ ਦੀ ਪੇਸ਼ਕਸ਼ ਕੀਤੀ।
- 17 ਸਤੰਬਰ 2018-ਨਵਜੋਤ ਸਿੰਘ ਸਿੱਧੂ ਤੇ ਮਨੋਹਰ ਸਿੰਘ ਗਿੱਲ਼ ਭਾਰਤ ਦੇ ਵਿਦੇਸ਼ੀ ਮਾਮਲਿਆਂ ਦੀ ਵਜ਼ੀਰ ਸੁਸ਼ਮਾ ਸਵਰਾਜ ਨੂੰ ਖੁੱਲੇ ਲਾਂਘੇ ਸੰਬੰਧੀ ਪਾਕਿ ਸਰਕਾਰ ਨਾਲ ਗੱਲਬਾਤ ਦੀ ਸ਼ੁਰੂਆਤ ਕਰਨ ਦੀ ਸਲਾਹ ਦੇਣ ਲਈ ਮਿਲੇ।
- 20 ਸਤੰਬਰ 2018-ਪਾਕਿਸਤਾਨ ਸਰਕਾਰ ਦੀ ਦਰਖਾਸਤ ਉੱਤੇ ਭਾਰਤ ਦੀ ਵਿਦੇਸ਼ੀ ਮਾਮਲਿਆਂ ਦੇ ਵਜ਼ੀਰ ਸੁਸ਼ਮਾ ਸਵਰਾਜ ਅਤੇ ਪਾਕਿਸਤਾਨ ਵਿਦੇਸ਼ੀ ਮਾਮਲਿਆਂ ਦੇ ਵਜ਼ੀਰੇ ਸ਼ਾਹ ਮਹਿਮੂਦ ਕੁਰੈਸ਼ੀ ਦੀ ਯੁਨਾਇਟਡ ਨੈਸ਼ਨਲ ਜਨਰਲ ਅਸੈਂਬਲੀ ਦੇ ਸਾਲਾਨਾ ਇਜਲਾਸ ਮੌਕੇ 26-27 ਸਤੰਬਰ ਨੂੰ ਬੈਠਕ ਹੋਈ ਜਿਸ ਵਿੱਚ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਖੁੱਲੇ ਲਾਂਘੇ ਦਾ ਮੁੱਦਾ ਵੀ ਬੈਠਕ ਵਿਚ ਵਿਚਾਰਿਆ ਜਾਣਾ ਸੀ।
- 21 ਸਤੰਬਰ 2018-ਭਾਰਤ ਸਰਕਾਰ ਵੱਲੋ ਇਕਤਰਫਾ ਫੈਸਲਾ ਲੈਂਦਿਆਂ 26-27 ਸਤੰਬਰ ਨੂੰ ਹੋਣ ਵਾਲੀ ਬੈਠਕ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਜਿਸ ਦਾ ਕਾਰਨ ਇਮਰਾਨ ਤੋਂ ਪਹਿਲਾਂ ਵਾਲੀ ਸਰਕਾਰ ਵੱਲੋਂ 16 ਜੁਲਾਈ ਨੂੰ ਕਸ਼ਮੀਰੀ ਖਾੜਕੂ ਬੁਰਹਾਨ ਵਾਨੀ ਬਾਰੇ ਇੱਕ ਡਾਕ ਟਿਕਟ ਨੂੰ ਦੱਸਿਆ ਗਿਆ।
- 3 ਅਕਤੂਬਰ 2018-ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਦਰਸ਼ਨ ਕਰਨ ਲਈ ਆਏ ਯੂ.ਐਨ. ਦੇ ਸੈਕਟਰੀ ਜਨਰਲ ਐਟੋਨੀਓ ਗੁਟੇਰੀਜ਼ ਨੂੰ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਖੁੱਲੇ ਦਰਸ਼ਨ ਦੀਦਾਰ ਲਈ ਵੀਜ਼ਾ ਰਹਿਤ ਲਾਂਘਾ ਬਣਾਉਣ ਲਈ ਯਾਦ ਪੱਤਰ ਦਿੱਤਾ ਅਤੇ ਕਿਹਾ ਕਿ ਉਹ ਯੂ.ਐਨ. ਜਨਰਲ ਅਸੈਬਲੀ ਰਾਹੀ ਇਹ ਮਸਲਾ ਹੱਲ ਕਰਵਾਉਣ।
- 4 ਅਕਤੂਬਰ 2018-ਪਾਕਿਸਤਾਨ ਸਰਕਾਰ ਦੇ ਵਿਦੇਸ਼ ਮਾਮਲਿਆਂ ਦੇ ਮਹਿਕਮੇ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਕਿਹਾ ਕਿ ਸਿੱਖ ਸ਼ਰਧਾਲੂਆਂ ਦੀ ਖੁੱਲੇ ਲਾਂਘੇ ਦੀ ਤਜਵੀਜ਼ ਨੂੰ ਲਾਗੂ ਕਰਨ ਦਾ ਇੱਕੋ ਇੱਕ ਹਲ ਦੁਵੱਲੀ ਗਲਬਾਤ ਹੈ।
- 10 ਨਵੰਬਰ 2018-ਪੰਜਾਬ ਦੇ ਮੁੱਖ ਮੰਤਰੀ ਕੈ:ਅਮਰਿੰਦਰ ਦਿੰਘ ਨੇ ਉਸ ਸਮੇਂ ਦੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਕਰਤਾਰਪੁਰ ਸਾਹਿਬ ਲਾਂਘਾ ਖੋਲਣ ਸੰਬੰਧੀ ਪਾਕਿਸਤਾਨ ਸਰਕਾਰ ਨਾਲ ਗੱਲਬਾਤ ਕਰਨ ਲਈ ਚਿੱਠੀ ਲਿੱਖੀ।
- 19 ਨਵੰਬਰ 2018 ਨੂੰ ਭਾਰਤ ਸਰਕਾਰ ਨੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਲ਼ਾਂਘਾ ਬਣਾਉਣ ਦੀ ਬਜਾਏ ਇੱਕ ਵਧੇਰੇ ਦੂਰ ਤੇ ਸਾਫ ਵੇਖ ਸਕਣ ਵਾਲੀ ਦੂਰਬੀਨ ਡੇਰਾ ਬਾਬਾ ਨਾਨਕ ਵਿਖੇ ਬਣਾਉਣ ਦਾ ਐਲਾਨ ਕੀਤਾ।
- 21 ਨਵੰਬਰ 2018-ਪਾਕਿ ਮੀਡੀਆ ਵਿਚ ਇਹ ਖਬਰ ਨਸ਼ਰ ਹੋਈ ਕਿ ਪਾਕਿਸਤਾਨ ਨੇ ਆਪਣੇ ਵਾਲੇ ਪੇਸ ਕਰਤਾਰਪੁਰ ਸਾਹਿਬ ਲਾਂਘਾ ਇਕਤਰਫਾ ਤੌਰ ਉੱਤੇ ਬਣਾਉਣ ਦਾ ਫੈਸਲਾ ਕਰ ਲਿਆ ਹੈ ਤੇ ਅਗਲੇ ਹਫਤੇ ਪ੍ਰਧਾਨ ਮੰਤਰੀ ਇਮਰਾਨ ਲਾਂਘੇ ਦਾ ਨੀਂਹ ਪੱਥਰ ਰੱਖਣਗੇ।
- 22 ਨਵੰਬਰ 2018-ਇਸ ਦਿਨ ਦੁਪਹਿਰੇ ਭਾਰਤ ਸਰਕਾਰ ਦੀ ਕੈਬਨਿਟ ਦੀ ਹਫਤਾਵਾਰੀ ਆਮ ਇੱਕਤਰਤਾ ਵਿੱਚ ਹੀ ਕਰਤਾਪੁਰ ਸਾਹਿਬ ਲਾਂਘਾ ਬਣਾਉਣ ਦਾ ਮਤਾ ਪ੍ਰਵਾਨ ਕਰ ਲਿਆ।
- 22 ਨਵੰਬਰ 2018-ਇਸ ਦਿਨ ਪਾਕਿਸਤਾਨ ਦੇ ਵਜ਼ੀਰੇ ਆਜ਼ਮ ਇਮਰਾਨ ਖਾਨ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਦਾ ਨੀਂਹ ਪੱਥਰ ਰੱਖਣ ਬਾਰੇ ਐਲਾਨ ਕੀਤਾ। ਪਾਕਿਸਤਾਨ ਦੇ ਮੰਤਰੀ ਨੇ ਦੱਸਿਆ ਕਿ 26 ਨਵੰਬਰ ਨੂੰ ਨੀਂਹ ਪੱਥਰ ਰੱਖਿਆ ਜਾਵੇਗਾ। 28 ਨਵੰਬਰ 2018 ਨੂੰ ਕਰਤਾਰਪੁਰ ਸਾਹਿਬ ਵਿਖੇ ਪਾਕਿਸਤਾਨ ਦੀ ਸਰਕਾਰ ਵੱਲੋਂ ਲਾਂਘੇ ਦੀ ਉਸਾਰੀ ਲਈ ਨੀਂਹ ਪੱਥਰ ਰੱਖਿਆ ਗਿਆ। ਅੰਤ 9 ਨਵੰਬਰ 2019 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਕਿ ਸਰਹੱਦ ਤੇ ਲਾਂਘੇ ਦਾ ਉਦਘਾਟਨ ਕੀਤਾ।

ਅੰਮ੍ਰਿਤਸਰ ਟਾਈਮਜ਼ AMRITSAR TIMES
13 ਨਵੰਬਰ 2019 ਤੋਂ 19 ਨਵੰਬਰ 2019

## ਅਮਨ ਦਾ ਰਾਹ

ਸ੍ਰੀ ਗੁਰੂ ਗਰੰਥ ਸਾਹਿਬ ਅੱਗੇ ਅਰਦਾਸ ਸਮੇਂ ਹਮੇਸ਼ਾ ਸਿੱਖ ਇਹ ਅਰਜ਼ੋਈ ਕਰਦੇ ਹਨ ਕਿ ਜਿਨ੍ਹਾਂ ਗੁਰਧਾਮਾਂ ਨੂੰ ਪੰਥ ਨਾਲੋਂ ਵਿਛੋੜਿਆ ਗਿਆ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਖ਼ਾਲਸਾ ਜੀ ਨੂੰ ਬਖ਼ਸ਼ੋ।

9 ਨਵੰਬਰ ਦੇ ਇਤਿਹਾਸਕ ਦਿਹਾੜੇ 'ਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਕਰਤਾਰਪੁਰ ਸਾਹਿਬ ਨੂੰ ਡੇਰਾ ਬਾਬਾ ਨਾਨਕ ਨਾਲ ਜੋੜਨ ਲਈ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੌਮਾਂਤਰੀ ਲਾਂਘਾ ਖੁੱਲ੍ਹਣ ਨਾਲ ਪੰਥ ਦੀ ਚਿਰੋਕਣੀ ਅਰਦਾਸ ਪ੍ਰਵਾਨ ਹੋ ਗਈ ਹੈ। ਉਂਜ ਤਾਂ ਗੁਰੂ ਨਾਨਕ ਸਾਹਿਬ ਦੀ ਚਰਨ ਛੋਹ ਪ੍ਰਾਪਤ ਹਰ ਥਾਂ ਵਡਭਾਗੀ ਅਤੇ ਸਿੱਖਾਂ ਲਈ ਬਹੁਤ ਮਹੱਤਵਪੂਰਨ ਹੈ ਪਰ ਤਿੰਨ ਇਤਿਹਾਸਕ ਸਥਾਨ ਨਨਕਾਣਾ ਸਾਹਿਬ, ਸੁਲਤਾਨਪੁਰ, ਲੋਧੀ ਅਤੇ ਕਰਤਾਰਪੁਰ ਸਾਹਿਬ ਦੀ ਅਹਿਮੀਅਤ ਵਧੇਰੇ ਹੈ।

ਨਨਕਾਣਾ ਸਾਹਿਬ ਦਾ ਗੁਰਦੁਆਰਾ ਜਨਮ ਅਸਥਾਨ ਸਾਹਿਬ, ਸੁਲਤਾਨਪੁਰ ਲੋਧੀ ਦਾ ਗੁਰਦੁਆਰਾ ਬੇਰ ਸਾਹਿਬ ਅਤੇ ਕਰਤਾਰਪੁਰ ਸਾਹਿਬ ਦਾ ਗੁਰਦੁਆਰਾ ਦਰਬਾਰ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸੱਚ ਉਪਰ ਪਹਿਰਾ ਦੇਣ ਦੀ ਉਨ੍ਹਾਂ ਦੀ ਵਿਚਾਰਧਾਰਾ ਦੇ ਸ਼ਾਖਸ਼ੀ ਹਨ।

ਕਰਤਾਰਪੁਰ ਸਾਹਿਬ ਲਾਂਘੇ ਨੂੰ ਭਾਵੇਂ ਬਹੁਤ ਸਾਰੇ ਰਾਜਨੀਤਕ, ਕੂਟਨੀਤਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਪੱਖਾਂ ਤੋਂ ਵਿਚਾਰਿਆ ਜਾ ਰਿਹਾ ਹੈ ਅਤੇ ਸਿਆਸੀ ਨੇਤਾ ਅਤੇ ਮਾਹਿਰ ਆਪੋ ਆਪਣੇ ਵਿਚਾਰ ਪ੍ਰਗਟ ਕਰ ਰਹੇ ਹਨ ਅਤੇ ਉਨ੍ਹਾਂ ਦੇ ਵਿਚਾਰ ਸਹੀ ਵੀ ਹੋ ਸਕਦੇ ਹਨ ਪਰ ਇਸ ਇਤਿਹਾਸਕ ਕਾਰਜ ਨੇ ਆਮ ਸਿੱਖ ਅਤੇ ਨਾਨਕ ਨਾਮ ਲੇਵਾ ਦੇ ਮਨ 'ਤੇ ਜੋ ਗਹਿਰੀ ਛਾਪ ਛੱਡੀ ਹੈ ਉਸ ਨੂੰ ਕਿਸੇ ਪੈਮਾਨੇ ਨਾਲ ਨਹੀਂ ਮਾਪਿਆ ਜਾ ਸਕਦਾ। ਇਹ ਲਾਂਘਾ ਠੀਕ ਉਸੇ ਰਸਤੇ 'ਤੇ ਬਣਿਆ ਹੈ ਜਿਥੇ ਸਿੱਖ ਸੰਗਤਾਂ ਹਰ ਮਹੀਨੇ ਜਾ ਕੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰ ਲਈ ਤਾਂਘਦੀਆਂ ਸਨ ਅਤੇ ਸਰਹੱਦ ਉਪਰ ਜ਼ੀਰੋ ਲਾਈਨ ਨੇੜੇ ਬਣੇ ਥੜ੍ਹੇ 'ਤੇ ਖੜ੍ਹੇ ਕੇ ਅਰਦਾਸ ਬੇਨਤੀ ਕਰਦੀਆਂ ਸਨ।

ਜਦ ਤੋਂ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੇ ਨੈਸ਼ਨਲ ਅਸੈਂਬਲੀ ਚੋਣਾਂ ਜਿੱਤਣ ਮਗਰੋਂ ਇਹ ਲਾਂਘਾ ਖੋਲ੍ਹਣ ਦਾ ਐਲਾਨ ਕੀਤਾ ਸੀ ਉਸੇ ਦਿਨ ਤੋਂ ਇਸ ਉਪਰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਸਿਆਸਤ ਸ਼ੁਰੂ ਹੋ ਗਈ ਸੀ। ਭਾਰਤ ਸਰਕਾਰ ਨੇ ਵੀ ਇਸ ਵਾਸਤੇ ਸੰਭਾਵਨਾਵਾਂ ਅਤੇ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਜ਼ਰਬਾਂ ਤਕਸੀਮਾਂ ਕਰ ਕੇ ਛੇਤੀ ਹੀ ਲਾਂਘੇ ਦਾ ਐਲਾਨ ਕਰ ਦਿੱਤਾ ਸੀ। ਉਸੇ ਦਿਨ ਤੋਂ ਹੀ ਇਸ ਪ੍ਰਾਜੈਕਟ ਨੂੰ ਰੋਕਣ ਦੀਆਂ ਸਰਗਰਮੀਆਂ ਵੀ ਸ਼ੁਰੂ ਹੋ ਗਈਆਂ ਸਨ। ਇਹ ਇਤਫ਼ਾਕ ਦੀ ਗੱਲ ਹੈ ਕਿ ਇਹ ਸਾਲ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਾ 550ਵਾਂ ਵਰ੍ਹਾ ਹੈ ਜਿਸ ਵਾਸਤੇ ਦੁਨੀਆਂ ਭਰ 'ਚ ਵਸਦੇ ਸਿੱਖ ਪਹਿਲਾਂ ਤੋਂ ਹੀ ਉਤਸ਼ਾਹਤ ਸਨ। ਇਸ ਤਰ੍ਹਾਂ ਦੇ ਰਾਜਨੀਤਕ, ਸਮਾਜਿਕ ਅਤੇ ਰੂਹਾਨੀਅਤ ਦਬਾਅ ਅੱਗੇ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਅਤੇ ਢੁੱਟਪਾਊ ਤਾਕਤਾਂ ਦੀ ਦਾਲ ਨਹੀਂ ਗਲੀ ਅਤੇ ਗੁਰੂ ਸਾਹਿਬ ਦੀ ਅਪਾਰ ਕਿਰਪਾ ਨਾਲ ਇਹ ਪ੍ਰਾਜੈਕਟ ਸਿਰੇ ਚੜ੍ਹ ਗਿਆ।

9 ਨਵੰਬਰ ਨੂੰ ਭਾਰਤ ਵਾਲੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਵਾਲੇ ਪਾਸੇ ਉਥੋਂ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੇ ਇਸ ਲਾਂਘੇ ਦਾ ਉਦਘਾਟਨ ਕੀਤਾ ਅਤੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ 1947 ਦੇ ਬਟਵਾਰੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਦੁਵੱਲੇ ਸਬੰਧ ਬਹੁਤੇ ਸੁਖਾਵੇਂ ਨਹੀਂ ਰਹੇ। ਦੋਵੇਂ ਦੇਸ਼ ਇਕ ਦੂਜੇ ਖ਼ਿਲਾਫ਼ ਆਪਣੀਆਂ ਕੂਟਨੀਤਕ ਚਾਲਾਂ ਚਲਦੇ ਆ ਰਹੇ ਹਨ ਇਹ ਸ਼ਾਹਿਦ ਦੋਹਾਂ ਮੁਲਕਾਂ ਦੀਆਂ ਸਿਆਸੀ ਪਾਰਟੀਆਂ ਜਾਂ ਆਹਲਾ ਅਫਸਰਸ਼ਾਹੀ ਦੀ ਕੋਈ ਮਜਬੂਰੀ ਹੋਵੇ। ਪਰ ਇਸ ਲਾਂਘੇ ਲਈ ਬਹੁਤ ਸਾਰੀਆਂ ਅੜਚਨਾ ਦੇ ਬਾਵਜੂਦ ਸਾਰੀਆਂ ਧਿਰਾਂ ਗੁਰੂ ਨਾਨਕ ਦੇ ਘਰ ਨੂੰ ਸਮਰਪਿਤ ਜਾਪੀਆਂ। ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੇਰਾ ਬਾਬਾ ਨਾਨਕ 'ਚ ਉਦਘਾਟਨ ਤੋਂ ਪਹਿਲਾਂ ਇਕ ਧਾਰਮਿਕ ਸਮਾਗਮ ਵਿਚ ਇਸ ਲਾਂਘੇ ਲਈ ਸਮੂਹ ਦੇਸ਼ ਵਾਸੀਆਂ ਅਤੇ ਵਿਸ਼ਵ ਭਰ 'ਚ ਵਸਦੇ ਸਿੱਖਾਂ ਨੂੰ ਵਧਾਈ ਦਿੱਤੀ ਅਤੇ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਤੇ ਇਸ ਕਾਰਜ ਵਿਚ ਲੱਗੇ ਉਥੋਂ ਦੇ ਕਿਰਤੀਆਂ, ਮਜ਼ਦੂਰਾਂ ਦਾ ਸ਼ੁਕਰੀਆ ਅਦਾ ਵੀ ਕੀਤਾ। ਦੂਜੇ ਪਾਸੇ ਇਮਰਾਨ ਖਾਨ ਨੇ ਇਸ ਨੂੰ 'ਅਮਨ ਦੀ ਰਾਹਦਾਰੀ' ਦਾ ਨਾਂ ਦਿੰਦਿਆਂ ਸਮੁੱਚੇ ਸਿੱਖ ਜਗਤ ਨੂੰ ਮੁਬਾਰਕਬਾਦ ਆਖੀ। ਉਹ ਇਸ ਲਾਂਘੇ ਰਾਹੀਂ ਗਏ ਪਹਿਲੇ ਜਥੇ ਦੇ ਸੁਆਗਤ ਲਈ ਖੁਲ੍ਹੀ ਬਸ 'ਚ ਖੜ੍ਹੇ ਕੇ ਜ਼ੀਰ ਲਾਈਨ ਤੱਕ ਆਏ ਅਤੇ ਭਾਰਤੀ ਸ਼ਖ਼ਸੀਅਤਾਂ ਨੂੰ ਲੈ ਕੇ ਗਏ। ਇਸ ਮੌਕੇ ਦੋਹਾਂ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਦੇ ਪੈਂਤੜੇ ਅਤੇ ਮਿਲਵੇਂ ਤੋਲਵੇਂ ਭਾਸ਼ਣਾਂ ਦੀ ਸਭ ਨੇ ਸ਼ਲਾਘਾ ਕੀਤੀ ਪਰ ਨਰਿੰਦਰ ਮੋਦੀ ਦੇ ਸੁਆਗਤ ਸਮੇਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਦਿੱਤੇ ਚੁਣੌਤੀਪੂਰਨ ਭਾਸ਼ਨ ਨੂੰ ਬਹੁਤੇ ਪਸੰਦ ਨਹੀਂ ਕੀਤਾ ਗਿਆ ਕਿਉਂਕਿ ਉਨ੍ਹਾਂ ਨੇ ਸਰਹੱਦ ਪਾਰੋਂ ਦਹਿਸ਼ਤਗਰਦੀ ਅਤੇ ਕਸ਼ਮੀਰ 'ਚ ਘੁਸਪੈਠ ਜਿਹੇ ਮੁੱਦੇ ਉਠਾਏ ਜਿਨ੍ਹਾਂ ਦੀ ਜ਼ਰੂਰਤ ਨਹੀਂ ਸੀ। ਇਸੇ ਤਰ੍ਹਾਂ ਪਾਕਿਸਤਾਨ ਵਾਲੇ ਪਾਸੇ ਕਸ਼ਮੀਰ ਦਾ ਮੁੱਦਾ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਜੋ ਇਸ ਮੁਕੱਦਸ ਮੌਕੇ ਨਹੀਂ ਹੋਣੀ ਚਾਹੀਦੀ ਸੀ।

ਜਿਹੜੀਆਂ ਏਜੰਸੀਆਂ ਜਾਂ ਸਿਆਸੀ ਨੇਤਾ ਇਸ ਲਾਂਘੇ ਨੂੰ ਪਾਕਿਸਤਾਨ ਦੀ ਕਿਸੇ 'ਚਾਲ' ਵਜੋਂ ਵੇਖ ਰਹੇ ਹਨ ਉਹ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਤੇ ਸਿੱਖ ਸਿਧਾਂਤ ਤੋਂ ਕੋਰੇ ਹਨ ਕਿਉਂਕ ਗੁਰੂ ਜੀ ਨੇ ਅੱਜ ਤੋਂ ਕੋਈ 5 ਸਦੀਆਂ ਪਹਿਲਾਂ ਅਮਨ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਸੀ ਜੋ ਅੱਜ ਵੀ ਪੂਰੀ ਤਰ੍ਹਾਂ ਸਾਰਥਕ ਹੈ। ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਲਾਂਘਾ ਸੱਤ ਦਹਾਕੇ ਪਹਿਲਾਂ ਮਨਾਂ ਅਤੇ ਜ਼ਮੀਨ ਤੇ ਪਈਆਂ ਵੰਡੀਆਂ ਨੂੰ ਮਿਟਾਏਗਾ।

# ਗੁਰੂ ਨਾਨਕ ਦਾ ਖੁੱਲ੍ਹਾ ਲਾਂਘਾ ਤੇ ਕੈਪਟਨ ਦੀ ਨੀਤੀ

**ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਸਮਾਰੋਹਾਂ 550 ਸਾਲ ਦੇ ਮੌਕੇ ਕੈਪਟਨ ਅਮਰਿੰਦਰ ਸਿੰਘ ਆਪਣੇ ਬਾਰੇ 550 ਵਾਰੀ ਸੋਚ ਲੈਣਾ ਚਾਹੀਦਾ ਹੈ ਕਿ "ਅੰਧੀ ਰਯਤਿ ਗਿਆਨ ਵਿਹੂਣੀ" ਵਾਲੀ ਤਸ਼ਬੀਹ ਤੋਂ ਉਨ੍ਹਾਂ ਦਾ ਕਿਰਦਾਰ ਕਿੰਨੀ ਕੁ ਦੂਰ ਹੈ ? ਜੇਕਰ ਕੈਪਟਨ ਦੀ ਸੋਚ ਗੁਰੂ ਨਾਨਕ ਦੀ ਸੋਚ ਵਿਚ ਭਿੱਜੀ ਹੁੰਦੀ ਤਾਂ ਲਾਂਘਾ ਦੂਰ ਤੱਕ ਜਾਂਦਾ। ਗੁਰੂ ਦੀ ਨਜ਼ਰ ਵਿਚ ਬਾਬਰ, ਔਰੰਗਜ਼ੇਬ, ਹਿਟਲਰ ਤੇ ਹਰੇਕ ਤਰ੍ਹਾਂ ਦੇ ਨਸਲਵਾਦੀ ਇਕੋ ਜਿਹੇ ਹਨ। ਕੈਪਟਨ ਅਮਰਿੰਦਰ ਸਿੰਘ ਕਿੱਥੇ ਖਲੌਂਦੇ ਹਨ, ਇਹ ਹੁਣ ਉਨ੍ਹਾਂ ਲਈ ਸੋਚਣ ਦਾ ਮੌਕਾ ਹੈ। ਇਹ ਠੀਕ ਹੈ ਕਿ ਅਖੌਤੀ ਰਾਸ਼ਟਰਵਾਦੀਆਂ ਦੀਆਂ ਅੱਖੀਆਂ ਵਿੱਚ ਗੁਰੂ ਨਾਨਕ ਦਾ ਪੰਥ ਰੜਕੇਗਾ, ਜੋ ਕਿ ਅਮਨ ਦਾ ਸੁਨੇਹਾ ਦੇ ਰਿਹਾ ਹੈ ਤੇ ਖੁੱਲ੍ਹੇ ਲਾਂਘੇ ਦੀ ਗੱਲ ਕਰ ਰਿਹਾ ਹੈ।**

**ਰਜਿੰਦਰ ਸਿੰਘ**





ਹੁਣੇ ਜਿਹੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਦੇ ਖੋਲ੍ਹਣ ਖਿਲਾਫ਼ ਬਿਆਨ ਦੇਣੇ ਸ਼ੁਰੂ ਕਰ ਦਿੱਤੇ ਹਨ ਕਿ ਆਈਐਸਆਈ ਇਸ ਰਾਹੀਂ ਭਾਰਤ ਖਿਲਾਫ਼ ਹਿੰਸਕ ਖੇਡ ਖੇਡੇਗੀ। ਉਨ੍ਹਾਂ ਇਹ ਤਰਕ ਦਿੱਤਾ ਹੈ ਕਿ ਸਿੱਖ ਭਾਈਚਾਰਾ ਪਿਛਲੇ 70 ਸਾਲਾਂ ਤੋਂ ਪਵਿੱਤਰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੋਲ੍ਹਣ ਦੀ ਮੰਗ ਕਰਦਾ ਆ ਰਿਹਾ ਸੀ ਪ੍ਰੰਤੂ ਪਾਕਿਸਤਾਨ ਵਲੋਂ ਅਚਾਨਕ ਇਸ ਮੰਗ ਨੂੰ ਸਵੀਕਾਰ ਕਰ ਲੈਣਾ ਪਾਕਿਸਤਾਨ ਦੇ ਛੁਪੇ ਇਰਾਦਿਆਂ ਦਾ ਸੰਕੇਤ ਹੈ, ਜਿਸ ਦਾ ਮਕਸਦ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸ਼ੋਸ਼ਣ ਕਰਕੇ ਭਾਈਚਾਰੇ ਵਿਚ ਦਰਾਰ ਪੈਦਾ ਕਰਨਾ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਲਾਂਘਾ ਖੋਲ੍ਹਣ ਅਤੇ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਯੂਨੀਵਰਸਿਟੀ ਖੋਲ੍ਹ ਕੇ ਸਿੱਖਾਂ ਨੂੰ ਖ਼ੁਸ਼ ਕਰਨ ਦਾ ਮਕਸਦ ਪੰਜਾਬ ਵਿਚ ਗੜਬੜੀ ਨੂੰ ਉਤਸ਼ਾਹਿਤ ਕਰਨਾ ਹੈ। ਹੁਣ ਸੁਆਲ ਇਹ ਉੱਠਦਾ ਹੈ ਕਿ ਜੇਕਰ ਕੈਪਟਨ ਅਮਰਿੰਦਰ ਸਿੰਘ ਨੂੰ ਖੁੱਲ੍ਹੇ ਲਾਂਘੇ ਖੁੱਲ੍ਹਣ 'ਤੇ ਖੁਸ਼ੀ ਨਹੀਂ ਹੋਈ ਤੇ ਸਮੁੱਚੀ ਕੌਮ ਉਸ ਨੂੰ ਆਈਐਸਆਈ ਦੀ ਏਜੰਟ ਜਾਪ ਰਹੀ ਹੈ ਤਾਂ ਉਸ ਨੂੰ ਗੁਰੂ ਨਾਨਕ ਸਮਾਗਮਾਂ 'ਤੇ ਹਿੱਸਾ ਨਹੀਂ ਲੈਣਾ ਚਾਹੀਦਾ। ਕੀ ਮੋਦੀ ਸਰਕਾਰ ਜੋ ਲਾਂਘੇ ਬਾਰੇ ਉਪਰਾਲੇ ਕੀਤੇ ਹਨ, ਉਸ ਪਿੱਛੇ ਵੀ ਆਈਐਸਆਈ ਦੀ ਸ਼ਾਜ਼ਿਸ਼ ਹੈ? ਜਦ ਦੋ ਦੇਸ ਗੁਰੂ ਨਾਨਕ ਦੀ ਕਿਰਪਾ ਕਰਕੇ ਇੱਕਠੇ ਹੋ ਰਹੇ ਹਨ ਤੇ ਗੁਰੂ ਨਾਨਕ ਉਨ੍ਹਾਂ ਦਾ ਆਧਾਰ ਬਣ ਰਿਹਾ ਹੈ ਤਾਂ ਕੈਪਟਨ ਨੂੰ ਇਸ ਬਾਰੇ ਕੀ ਤਕਲੀਫ ਹੈ? ਇੱਥੋਂ ਤੱਕ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਖੁੱਲ੍ਹੇ ਲਾਂਘੇ ਦੀ ਪ੍ਰਸ਼ੰਸ਼ਾ ਕਰ ਚੁੱਕੇ ਹਨ ਤਾਂ ਕੈਪਟਨ ਦਾ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਇਹ ਸੁਆਲ ਉਠਾਉਣਾ ਗੈਰ ਵਾਜਿਬ ਹੈ। ਅਸੀਂ ਨਹੀਂ ਸੋਚਦੇ ਕਿ ਉਹ ਸਿੱਖ ਸੋਚ ਰੱਖੇ। ਪਰ ਪੰਜਾਬ ਪ੍ਰਤੀ ਹਿੱਤੂ ਸੋਚ ਰੱਖਣਾ ਕੈਪਟਨ ਦੀ ਜ਼ਿੰਮੇਵਾਰੀ ਤੇ ਰਾਜਨੀਤਕ ਧਰਮ ਹੈ। ਜੇਕਰ ਭਾਰਤ-ਪਾਕਿ ਤਣਾਅ ਕਾਰਨ ਜੰਗ ਛਿੜਦੀ ਹੈ ਤਾਂ ਤਬਾਹੀ ਦੋਹਾਂ ਪੰਜਾਬਾਂ ਦੀ ਹੋਣੀ ਹੈ। ਇਸ ਬਾਰੇ ਕੈਪਟਨ ਨੂੰ ਸੰਤੁਲਿਤ ਸੋਚ ਰੱਖਣੀ ਚਾਹੀਦੀ ਸੀ। ਕੈਪਟਨ ਨੂੰ ਭਗਵੇਂਵਾਦੀਆਂ ਦੇ ਹਥਿਆਰਬੰਦ ਕੈਂਪ ਨਜ਼ਰ ਕਿਉਂ ਨਹੀਂ ਆਉਂਦੇ। ਉਨ੍ਹਾਂ ਨੂੰ ਇਹ ਕਿਉਂ ਨਜ਼ਰ ਨਹੀਂ ਆਉਂਦਾ ਜਦੋਂ ਇਹ ਮੁਸਲਮਾਨਾਂ ਨੂੰ ਦਲਿਤਾਂ ਨੂੰ ਹਥਿਆਰਬੰਦ ਹੋ ਕੇ ਮਾਰਦੇ ਕੁੱਟਦੇ ਹਨ, ਜਿਨ੍ਹਾਂ ਮਗਰ ਫਿਰਕੂ ਸਿਆਸਤਦਾਨ ਹਨ? ਨਾ ਪੁਲੀਸ ਕੇਸ ਦਰਜ ਕਰਦੀ ਹੈ ਤੇ ਨਾ ਹੀ ਅਦਾਲਤ ਸਜ਼ਾ ਦਿੰਦੀ ਹੈ। ਸਭ ਮੌਬ ਲਿਚਿੰਗ ਵਿਚ ਸ਼ਾਮਲ ਹਨ। ਕੀ ਇਹ ਆਈਐਸਆਈ ਵਰਗੇ ਖਤਰਨਾਕ ਨਹੀਂ? ਪਰ ਕੈਪਟਨ ਇਸ ਬਾਰੇ ਚੁੱਪ ਕਿਉਂ ਹੈ?

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਕੈਪਟਨ ਦੇ ਇਸ ਬਿਆਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਕਰਤਾਰਪੁਰ ਲਾਂਘੇ ਦੀ ਹੋਂਦ ਬਾਰੇ ਸੁਆਲ ਖੜ੍ਹੇ ਕਰਕੇ ਕਰੋੜਾਂ ਸਿੱਖਾਂ ਦੇ ਵਿਸ਼ਵਾਸ ਤੇ ਸ਼ਰਧਾ ਉੱਪਰ ਸ਼ੱਕ ਪ੍ਰਗਟਾ ਰਿਹਾ ਹੈ। ਕੈਪਟਨ ਦੇ ਬਿਆਨਾਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਭਾਰੀ ਸੱਟ ਵੱਜੀ ਹੈ ਤੇ ਕੈਪਟਨ ਨੂੰ ਮਾਫੀ ਮੰਗਣੀ ਚਾਹੀਦੀ ਹੈ।

ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ 9 ਨਵੰਬਰ ਨੂੰ ਖੁੱਲ੍ਹਣ ਵਾਲੇ ਕਰਤਾਰਪੁਰ ਕੋਰੀਡੋਰ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਦੀਆਂ ਟਿੱਪਣੀਆਂ 'ਤੇ ਤਿੱਖਾ ਪ੍ਰਤੀਕਰਮ ਕਰਦਿਆਂ ਕਿਹਾ ਸੀ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਧਿਆਤਮਕ ਪ੍ਰਸੰਗਤਾ ਨੂੰ ਢਾਹ ਲਾ ਰਹੇ ਹਨ। ਉਹ ਨਾ ਸਿਰਫ ਸਿੱਖ ਭਾਈਚਾਰੇ ਨਹੀਂ, ਸਗੋਂ ਸਿੱਖ ਧਰਮ ਦੇ ਮੂਲ ਦਰਸ਼ਨ ਨੂੰ ਤੋੜ ਕੇ ਇਕ ਏਜੰਟ ਦੇ ਰੂਪ ਵਿਚ ਕੰਮ ਕਰ ਰਹੇ ਹਨ। ਉਹ ਆਰਐੱਸਐੱਸ ਦੀ ਉਸ ਲਾਈਨ ਨੂੰ ਅੱਗੇ ਵਧਾ ਰਹੇ ਹਨ ਜਿਸ ਵਿਚ ਕਿਹਾ ਜਾ ਰਿਹਾ ਹੈ ਕਿ ਕਰਤਾਰਪੁਰ ਕੋਰੀਡੋਰ ਦਾ ਖੁੱਲ੍ਹਣਾ ਸੰਘਰਸ਼ ਕਾਰਨ ਨਹੀਂ, ਸਗੋਂ ਆਈਐੱਸਆਈ ਦੀਆਂ ਚਾਲਾਂ ਕਾਰਨ ਹੋਇਆ ਹੈ। ਕੈਪਟਨ ਖੁੱਲ੍ਹੇ ਲਾਂਘੇ ਬਾਰੇ ਆਪਣੇ ਬਿਆਨ ਇੰਝ ਪੇਸ਼ ਕਰ ਰਹੇ ਹਨ ਜਿਵੇਂ ਗੁਰੂ ਸਾਹਿਬ ਦੇ ਪਵਿੱਤਰ ਸਥਾਨ ਦੀ ਸੇਵਾ ਦਾ ਮੁੱਖ ਉਦੇਸ਼ ਹੁਣ ਅੱਤਵਾਦੀਆਂ ਨੂੰ ਸਿਖਲਾਈ ਦੇਣਾ ਹੋਵੇਗਾ? ਬੀਰ ਦਵਿੰਦਰ ਦਾ ਕਹਿਣਾ ਸੀ ਕਿ ਕੈਪਟਨ ਭਾਰਤ ਸਰਕਾਰ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਜੋ ਫਰੰਟਮੈਨ ਦੇ ਤੌਰ 'ਤੇ ਕੰਮ ਕਰ ਰਹੇ ਹਨ ਤੇ ਪੂਰੀ ਸ਼ਿੱਦਤ ਨਾਲ ਸਿੱਖ ਕੌਮ ਨੂੰ ਬਦਨਾਮ ਕਰ ਰਿਹਾ ਹੈ ਤੇ ਹਿੰਦ-ਪਾਕਿ ਏਕਤਾ ਵਿਚ ਅੜਿੱਕਾ ਬਣਿਆ ਹੋਇਆ ਹੈ। ਜਦਕਿ ਸਿੱਖ ਪੰਥ ਦੀ ਇੱਛਾ ਹੈ ਕਿ ਕਦੋਂ ਕਰਤਾਰਪੁਰ ਕੋਰੀਡੋਰ ਦਾ ਉਦਘਾਟਨ ਹੋਵੇ।

ਇਹ ਗੱਲ ਸੱਚ ਉਨ੍ਹਾਂ ਨੇ ਕਿਹਾ ਕਿ ਸੀਐੱਮ ਦਾ ਬਿਆਨ ਸਿੱਖ ਕੌਮ ਤੇ ਅਮਨ ਦੇ ਵਿਰੋਧੀ ਹਨ। ਕੈਪਟਨ ਵਾਲੀ ਗੱਲ ਭਗਵੇਂ, ਮੁਤੱਸਬੀ ਵੀ ਦੁਹਰਾ ਰਹੇ ਹਨ ਤੇ ਭਾਰਤ ਦਾ ਰਾਸ਼ਟਰਵਾਦੀ ਮੀਡੀਆ ਵਾਰ-ਵਾਰ ਕੈਪਟਨ ਦੇ ਬਿਆਨ ਨੂੰ ਲੈ ਕੇ ਸਿੱਖ ਪੰਥ ਨੂੰ ਬਦਨਾਮ ਕਰ ਰਿਹਾ ਹੈ ਕਿ ਜਿਵੇਂ ਉਨ੍ਹਾਂ ਨੇ ਖੁੱਲ੍ਹੇ ਲਾਂਘੇ ਦੀ ਹਮਾਇਤ ਕਰਕੇ ਕੋਈ ਜ਼ੁਰਮ ਕਰ ਦਿੱਤਾ ਹੋਵੇ। ਅਸੀਂ ਇਹੀ ਕਹਿਣਾ ਚਾਹੁੰਦੇ ਹਾਂ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸਿੱਖਾਂ ਦੀ ਸਾਲਾਂ ਤੋਂ ਲਟਕਦੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ। ਇਸ ਦੀ ਸਿੱਖ ਕੌਮ ਧੰਨਵਾਦੀ ਹੈ, ਜੋ ਭਾਰਤ-ਪਾਕਿਸਤਾਨ ਤੇ ਦੱਖਣੀ ਏਸ਼ੀਆ ਵਿਚ ਅਮਨ ਚਾਹੁੰਦੇ ਹਨ, ਉਹ ਵੀ ਗੁਰੂ ਨਾਨਕ ਦੀ ਰਹਿਮਤ ਮੰਗ ਰਹੇ ਹਨ। ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੀਆਂ ਦੇਸ਼ ਦੇ ਖ਼ੂਨੀ ਵੰਡ ਤੋਂ ਬਾਅਦ, ਸਿੱਖ ਪੰਥ ਤੋਂ ਵਿਛੋੜੇ ਗਏ ਪਵਿੱਤਰ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਦੀ ਸਿਕ ਨੂੰ ਲੈ ਕੇ ਸ਼ੁਰੂ ਹੋਈਆਂ ਜੋਦੜੀਆਂ ਤੇ ਅਰਦਾਸਾਂ ਦੇ ਮਨਜ਼ੂਰ ਥੀਵਣ ਦਾ ਵਕਤ ਆ ਚੁੱਕਾ ਹੈ ਤੇ ਇਸ ਦੌਰਾਨ ਅਮਨ ਪਸੰਦ ਲੋਕਾਂ ਨੂੰ ਨਫ਼ਰਤਾਂ ਫੈਲਾਉਣ ਵਾਲੇ ਲੋਕਾਂ ਵਿਰੁੱਧ ਡੱਟ ਕੇ ਖਲੋਣਾ ਹੋਵੇਗਾ ਅਤੇ ਕਰਤਾਰਪੁਰ ਖੁੱਲ੍ਹਾ ਲਾਂਘਾ ਦੀ ਹਮਾਇਤ ਬੁਲੰਦ ਕਰਨੀ ਹੋਵੇਗੀ ਤੇ ਇਹ ਵੀ ਉਪਰਾਲਾ ਕਰਨਾ ਹੋਵੇਗਾ ਕਿ ਇਹ ਸਦੀਵੀਂ ਖੁੱਲ੍ਹਾ ਰਹੇ।

ਕਰਤਾਰਪੁਰ ਸਾਹਿਬ ਗੁਰੂ ਨਾਨਕ ਪੰਥ ਲਈ ਇਕ ਰੂਹਾਨੀ ਖਿੱਚ ਦਾ ਸੋਮਾ ਹੈ ਤਾਂ ਉਸ ਦੇ ਦਰਸ਼ਨ ਦੀਦਾਰਿਆਂ ਵੱਲ ਜਾਂਦੀ ਰੂਹਾਨੀ ਪਗਡੰਡੀ ਹਰ ਕਿਸਮ ਦੇ ਤਣਾਅ ਤੇ ਆਪਸੀ ਖਿੱਚੋਤਾਣ ਤੋਂ ਮੁਕਤ ਹੋਣੀ ਚਾਹੀਦੀ ਹੈ ਅਤੇ ਕਿੰਨਾ ਚੰਗਾ ਹੋਵੇ ਜੇ ਸਾਰਾ ਆਲਮ (ਦੋਵੇਂ ਪਾਸੇ) ਰੂਹਾਨੀ ਸੋਚ ਵਿਚੋਂ ਸਰਬੱਤ ਦੇ ਭਲੇ ਦੀ ਭਾਵਨਾ ਨਾਲ ਜੁੜੇ ਤੇ ਜੰਗਬਾਜ਼ਾਂ ਤੇ ਬਾਬਰਾਂ ਵਿਰੁੱਧ ਆਪਣਾ ਸੁਨੇਹਾ ਦੇਵੇ ਤੇ ਸਾਨੂੰ ਨੇਸ਼ਨ ਸਟੇਟ ਦੀ ਨਹੀਂ, ਵੈਲਫੇਅਰ ਸਟੇਟ ਦੀ ਲੋੜ ਹੈ, ਜਿਸ ਦੀ ਗੱਲ ਗੁਰੂ ਗ੍ਰੰਥ ਸਾਹਿਬ ਵਿਚ ਬੇਗਮਪੁਰਾ ਤੇ ਹਲੇਮੀ ਰਾਜ ਦੇ ਰੂਪ ਵਿਚ ਦਰਜ ਹੈ।

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਸਮਾਰੋਹਾਂ 550 ਸਾਲ ਦੇ ਮੌਕੇ ਕੈਪਟਨ ਅਮਰਿੰਦਰ ਸਿੰਘ ਆਪਣੇ ਬਾਰੇ 550 ਵਾਰੀ ਸੋਚ ਲੈਣਾ ਚਾਹੀਦਾ ਹੈ ਕਿ "ਅੰਧੀ ਰਯਤਿ ਗਿਆਨ ਵਿਹੂਣੀ" ਵਾਲੀ ਤਸ਼ਬੀਹ ਤੋਂ ਉਨ੍ਹਾਂ ਦਾ ਕਿਰਦਾਰ ਕਿੰਨੀ ਕੁ ਦੂਰ ਹੈ?

ਜੇਕਰ ਕੈਪਟਨ ਦੀ ਸੋਚ ਗੁਰੂ ਨਾਨਕ ਦੀ ਸੋਚ ਵਿਚ ਭਿੱਜੀ ਹੁੰਦੀ ਤਾਂ ਲਾਂਘਾ ਦੂਰ ਤੱਕ ਜਾਂਦਾ। ਗੁਰੂ ਦੀ ਨਜ਼ਰ ਵਿਚ ਬਾਬਰ, ਔਰੰਗਜ਼ੇਬ, ਹਿਟਲਰ ਤੇ ਹਰੇਕ ਤਰ੍ਹਾਂ ਦੇ ਨਸਲਵਾਦੀ ਇਕੋ ਜਿਹੇ ਹਨ। ਕੈਪਟਨ ਅਮਰਿੰਦਰ ਸਿੰਘ ਕਿੱਥੇ ਖਲੌਂਦੇ ਹਨ, ਇਹ ਹੁਣ ਉਨ੍ਹਾਂ ਲਈ ਸੋਚਣ ਦਾ ਮੌਕਾ ਹੈ। ਇਹ ਠੀਕ ਹੈ ਕਿ ਅਖੌਤੀ ਰਾਸ਼ਟਰਵਾਦੀਆਂ ਦੀਆਂ ਅੱਖੀਆਂ ਵਿੱਚ ਗੁਰੂ ਨਾਨਕ ਦਾ ਪੰਥ ਰੜਕੇਗਾ, ਜੋ ਕਿ ਅਮਨ ਦਾ ਸੁਨੇਹਾ ਦੇ ਰਿਹਾ ਹੈ ਤੇ ਖੁੱਲ੍ਹੇ ਲਾਂਘੇ ਦੀ ਗੱਲ ਕਰ ਰਿਹਾ ਹੈ।

# ਕਰਤਾਰਪੁਰ ਵਿਸ਼ਵ ਮਾਡਲ ਸਾਕਾਰ ਕਰਨਾ ਸਿੱਖ ਪੰਥ ਦਾ ਨਿਸ਼ਾਨਾ ਹੋਵੇ



**ਭਾਈ ਹਰਿਸਿਮਰਨ ਸਿੰਘ**

ਸਮੇਂ ਅਤੇ ਹਾਲਾਤ ਦੀਆਂ ਲੋੜਾਂ ਅਤੇ ਚੁਣੌਤੀਆਂ ਅਨੁਸਾਰ ਸਬੰਧਿਤ ਦੇਸ਼ਾਂ, ਕੌਮਾਂ ਅਥਵਾ ਸੱਭਿਆਚਾਰਾਂ ਦੇ ਵਿਦਵਾਨ ਚਿੰਤਕ ਆਪਣੀ ਵਿਚਾਰਧਾਰਾ ਦੀ ਨਵ-ਵਿਆਖਿਆ ਕਰਕੇ ਉਸ ਦੀ ਪ੍ਰਸੰਗਿਕਤਾ ਨੂੰ ਉਜਾਗਰ ਕਰਦੇ ਰਹਿੰਦੇ ਹਨ। ਭਵਿੱਖ ਦੀਆਂ ਮਾਨਵ ਨਸਲਾਂ ਲਈ ਫਿਕਰਮੰਦ ਹਰ ਚਿੰਤਕ ਆਪਣੇ ਸਮੇਂ ਵਿਚ ਰਹਿੰਦਾ ਹੋਇਆ ਭਵਿੱਖ ਦੀ ਦਿਸ਼ਾ ਨਿਰਧਾਰਿਤ ਕਰਦਾ ਹੋਣਾ ਲੋੜੀਂਦਾ ਹੈ। ਨਵੰਬਰ 2019 ਵਿਚ ਸਿੱਖ ਪੰਥ, ਭਾਰਤ, ਪਾਕਿਸਤਾਨ ਅਤੇ ਵਿਸ਼ਵ ਦੇ ਹੋਰ ਦੇਸ਼ ਜਿਸ ਸ਼ਰਧਾ, ਸਤਿਕਾਰ ਅਤੇ ਭਾਵਨਾ ਨਾਲ ਗੁਰੂ ਨਾਨਕ-ਸਿੱਖ ਫਿਲਾਸਫੀ ਦੀ ਮਹੱਤਤਾ ਅਤੇ ਪ੍ਰਸੰਗਿਕਤਾ ਨਾਲ ਨੇੜਿਉਂ ਜੁੜ ਰਹੇ ਹਨ, ਇਸ ਦੇ ਇਕੋ ਸਮੇਂ ਦੋ ਪਹਿਲੂ ਹਨ। ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਜਿਵੇਂ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂ ਅਤੇ ਜਥੇਬੰਦੀਆਂ ਵੱਡੇ ਪੱਧਰ 'ਤੇ ਸੁਲਤਾਨਪੁਰ ਲੋਧੀ ਅਤੇ ਡੇਰਾ ਬਾਬਾ ਨਾਨਕ ਵਿਖੇ ਸਮਾਗਮ ਕਰ ਰਹੇ ਹਨ ਅਤੇ ਜਿਵੇਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਗਿਆ ਹੈ, ਇਹ ਯਤਨ ਜਨਤਕ ਸਮਾਗਮਾਂ ਦਾ ਪ੍ਰਸੰਗ ਸਿਰਜਦੇ ਹਨ। ਪਰ ਇਸ ਵਿਚੋਂ ਏਜੰਡਾ-ਵਿਹੀਣ ਹੋ ਚੁੱਕੇ ਸਿੱਖ ਪੰਥ ਲਈ ਕਿਹੜਾ ਵੱਡਾ ਨਿਸ਼ਾਨਾ ਅਤੇ ਭਵਿੱਖ ਦੀ ਦਿਸ਼ਾ ਨਿਕਲਦੀ ਹੈ, ਉਹ ਮੈਂ ਸਮਝਦਾ ਹਾਂ ਕਿ ਵਿਸ਼ਵ ਸੱਭਿਆਚਾਰਾਂ ਦੀ ਸਹਿਹੋਂਦ ਅਤੇ ਵਿਸਮਾਦੀ ਵਿਕਾਸ ਦਾ ਕਰਤਾਰਪੁਰ ਮਾਡਲ ਦੀ ਦਸਤਕ ਹੈ, ਜਿਸ ਨੂੰ ਪੰਜਾਬ ਤੋਂ ਵਿਸ਼ਵ ਪੱਧਰ ਤੱਕ ਸਾਕਾਰ ਕਰਨਾ ਸਿੱਖ ਪੰਥ ਦਾ ਨਿਸ਼ਾਨਾ ਨਿਕਲਣਾ ਹੈ। ਪਰ ਇਸ ਸਬੰਧੀ ਅਕਾਲ ਤਖ਼ਤ ਸਾਹਿਬ, ਮਹੱਤਵਪੂਰਨ ਸਿੱਖ ਚਿੰਤਕਾਂ- ਸਿੱਖ ਸੰਸਥਾਵਾਂ ਨੂੰ ਆਪਸੀ ਸਾਂਝ ਨਾਲ ਮਿੱਥ ਕੇ ਇਤਿਹਾਸ ਸਿਰਜਣ ਦੀ ਭਾਵਨਾ ਨਾਲ ਕੰਮ ਕਰਨਾ ਹੋਵੇਗਾ।

## ਵਿਸਮਾਦੀ ਵਿਕਾਸ ਦਾ ਕਰਤਾਰਪੁਰੀ ਮਾਡਲ

ਸਿੱਖ ਚਿੰਤਨ ਕਿਹੋ-ਜਿਹੇ ਮਨੁੱਖ, ਜੀਵਨ, ਸਮਾਜ ਅਤੇ ਵਿਵਸਥਾ ਦਾ ਆਧਾਰ ਸਬੰਧੀ ਹੈ, ਜਗਤ ਗੁਰ ਬਾਬਾ ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਦੇ ਆਖਰੀ 18 ਸਾਲਾਂ ਵਿਚ ਕਰਤਾਰਪੁਰ ਸਾਹਿਬ ਦੀ ਧਰਤੀ 'ਤੇ ਇਸ ਦੇ ਵਿਵਹਾਰਕ ਆਧਾਰ ਤਿਆਰ ਕੀਤੇ ਸਨ। ਇਸ ਦੇ ਮੁੱਖ ਤੌਰ 'ਤੇ ਪੰਜ ਨਕਸ਼ ਉੱਭਰਦੇ ਹਨ। ਇਕ, ਰੂਹਾਨੀ ਵਿਗਾਸ ਅਤੇ ਪਦਾਰਥਕ ਸੰਤੁਸ਼ਟੀ-ਸਹਿਜ ਵਾਲਾ ਵਿਸਮਾਦੀ ਮਨੁੱਖ। ਦੋ, ਜਾਤ-ਪਾਤ ਅਤੇ ਵਰਗਾਂ ਦੇ ਬੰਧਨਾਂ ਤੋਂ ਉਪਰ ਵਿਚਰਦਾ ਭਾਈਚਾਰਕ ਸਾਂਝ ਵਾਲਾ ਬਹੁ-ਸੱਭਿਆਚਾਰੀ ਜੀਵਨ। ਤਿੰਨ, ਸਾਂਝੀ-ਕੁਦਰਤੀ ਖੇਤੀ (ਵਪਾਰ) ਉਤੇ ਆਧਾਰਿਤ ਕੁਦਰਤਮੁਖੀ ਸਮਾਜੋ-ਆਰਥਿਕ ਪ੍ਰਬੰਧ। ਚਾਰ, ਸੱਚੀ-ਸੁੱਚੀ ਕਿਰਤ ਕਰਨ ਵਾਲਾ ਸੁਕ੍ਰਿਤ ਸੱਭਿਆਚਾਰ। ਪੰਜ, ਜੀਵਨ ਦੀ ਸੁਰੱਖਿਆ, ਸਿਰਜਣਾਤਮਿਕਤਾ ਅਤੇ ਕੁਦਰਤਮੁਖੀ ਸੁਭਾਅ ਵਾਲੀ ਸੰਗਤੀ ਵਿਵਸਥਾ। ਅਨੰਦਪੁਰ ਸਾਹਿਬ ਤੱਕ ਗੁਰੂ ਸਾਹਿਬਾਨ ਵੱਲੋਂ ਵਸਾਏ ਗਏ ਨਗਰਾਂ ਦਾ ਇਹੋ ਵਿਸਮਾਦ-ਪ੍ਰੋਤ ਸਮਾਜਿਕ ਮਾਡਲ ਇਤਿਹਾਸ ਦਾ ਹਿੱਸਾ ਹੈ। ਇਹ 'ਸੱਭਿਆਚਾਰਕ ਸਹਿਹੋਂਦ ਅਤੇ ਵਿਕਾਸ ਦਾ ਕਰਤਾਰਪੁਰੀ ਮਾਡਲ' ਹੈ, ਜੋ ਬੀਜ ਰੂਪ ਵਿਚ ਸਿੱਖ ਇਤਿਹਾਸ ਦਾ ਹਿੱਸਾ ਬਣਿਆ ਹੋਇਆ ਹੈ। ਹੁਣ ਇਸ ਨੂੰ ਉਜਾਗਰ ਕਰਨ ਦਾ ਸਮਾਂ ਆ ਗਿਆ ਹੈ।

ਵਿਸ਼ਵ ਦੀ ਹਰ ਪ੍ਰਸੰਗਿਕ ਅਤੇ ਕਿਰਿਆਸ਼ੀਲ ਰਹਿਣ ਵਾਲੀ ਫਿਲਾਸਫ਼ੀ ਦੇ ਆਪੋ-ਆਪਣੇ ਚਿੰਨ੍ਹ, ਬਿੰਬ ਅਥਵਾ ਪ੍ਰਤੀਕ ਹੁੰਦੇ ਹਨ। ਸਿੱਖ ਫਿਲਾਸਫ਼ੀ ਅਨੁਸਾਰ ਵਾਹਿਗੁਰੂ ਦੇ ਆਪਣੇ ਆਪ ਤੋਂ ਉਗਮ ਕੇ ਕੁਦਰਤ ਵਿਚ ਰਮੇ ਹੋਣ ਕਾਰਨ ਜੋ ਵਿਸਮਾਦ ਪੈਦਾ ਹੁੰਦਾ ਹੈ, ਉਹ ਸਿੱਖੀ ਦਾ ਮੂਲ ਚਿੰਨ੍ਹ ਹੈ। ਕੁਦਰਤ ਨਾਲ ਕੁਦਰਤ ਹੋ ਕੇ ਇਕ ਮਨੁੱਖ ਨੂੰ ਜੋ ਵਿਸਮਾਦੀ ਅਨੁਭਵ ਪ੍ਰਾਪਤ ਹੁੰਦਾ ਹੈ, ਉਸ ਨਾਲ ਉਹ ਲਗਾਤਾਰ ਗਤੀਸ਼ੀਲ, ਸਿਰਜਣਾਤਮਿਕ ਅਤੇ ਵਿਸਮਾਦੀ ਭਾਵ ਵਿਚ ਜੀਊਂਦਾ ਹੈ। ਕੁਦਰਤ ਵਿਚ ਮੌਜੂਦ 'ਏਕ ਤੋਂ ਅਨੇਕ' ਹੋਏ ਰਹੱਸ ਵਿਲੱਖਣਤਾਵਾਂ ਅਤੇ ਵੰਨ-ਸੁਵੰਨਤਾਵਾਂ ਦੀ ਇਕਸੁਰਤਾ ਵਾਲੀ ਇਕ ਨਵੀਂ ਵਿਵਸਥਾ ਦੇ ਆਧਾਰ ਨੀਯਤ ਕਰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਕੁਦਰਤ ਨੂੰ ਸਮਝਿਆਂ ਸਾਨੂੰ ਇਸ ਦੀ ਵਿਵਸਥਾ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ। ਇਤਿਹਾਸ ਵਿਚ ਹੋ ਚੁੱਕੇ ਮਹਾਂਪੁਰਸ਼ ਕੁਦਰਤ ਰੂਪ ਵਿਚ ਸਿਰਜੀ ਗਈ ਵਿਵਸਥਾ ਅਨੁਕੂਲ ਸਾਨੂੰ ਆਪਣਾ ਜੀਵਨ, ਸਮਾਜ ਅਤੇ ਵਿਵਸਥਾ ਸਿਰਜਣ ਦੀ ਸਦਾ ਪ੍ਰੇਰਨਾ ਦਿੰਦੇ ਰਹੇ ਹਨ। ਕੁਦਰਤ ਇਥੇ ਪੈਦਾ ਹੋਈ ਬਨਸਪਤੀ ਸਮੇਤ ਹਰ ਤਰ੍ਹਾਂ ਦੇ ਜਲੀ-ਥਲੀ ਜੀਵਾਂ ਨੂੰ ਹਰ ਸਮੇਂ ਊਰਜਿਤ ਕਰਕੇ ਰੱਖਦੀ ਹੈ। ਇਸ ਦਾ ਆਪਣਾ ਉਤਪਾਦਨ ਪ੍ਰਬੰਧ ਹੈ, ਜੋ ਨਿਯਮਾਂ ਅਨੁਸਾਰ ਹਰ ਜੀਵ ਨੂੰ ਊਰਜਿਤ ਕਰਕੇ ਰੱਖਣ ਲਈ ਖੁੱਲ੍ਹਾ ਹੈ। ਕੁਦਰਤ ਦਾ ਸਮੁੱਚਾ ਸੁਭਾਅ ਸਿਰਜਣਾਤਮਿਕ ਹੈ। ਕੁਦਰਤ ਸਮਦ੍ਰਿਸ਼ਟ ਸੁਭਾਅ ਵਾਲੀ ਹੈ। ਇਹ ਮਨੁੱਖ ਸਮੇਤ ਹਰ ਜੀਵ-ਜੰਤ ਨਾਲ ਬ੍ਰਹਿਮੰਡੀ ਰਿਸ਼ਤਿਆਂ ਦੀ ਸਾਂਝ ਵਿਚ ਕਿਸੇ ਤਰ੍ਹਾਂ ਦੇ ਵਿਤਕਰੇ ਜਾਂ ਬਦਲਾਖੋਰੀ ਵਾਲੀ ਭਾਵਨਾ ਨਹੀਂ ਰੱਖਦੀ। ਕੁਦਰਤ ਅਨੁਸ਼ਾਸਨ ਵਿਚ ਰਹਿਣ ਵਾਲੀ ਹਸਤੀ ਹੈ। ਕੁਦਰਤ ਹਰ ਪਲ ਸਹਿਜ ਵਿਚ ਰਹਿੰਦੀ ਹੈ ਅਤੇ ਸਹਿਜ ਵਿਚ ਹੀ ਆਪਣੇ ਉਤਪਾਦਨ ਪ੍ਰਬੰਧ ਤੇ ਜ਼ਿੰਮੇਵਾਰੀਆਂ ਦਾ ਸੰਤੁਲਨ ਬਣਾ ਕੇ ਰੱਖਦੀ ਹੈ। ਅਜਿਹੀ ਸਥਿਤੀ ਵਿਚ ਸਿੱਖ ਫਿਲਾਸਫ਼ੀ ਦਾ ਮੁੱਢਲਾ ਰੂਪ-ਸਰੂਪ ਅਤੇ ਸੁਭਾਅ ਵਿਸਮਾਦੀ ਹੈ। ਇਹੀ ਉਹ ਵਿਸਮਾਦੀ ਭਰਪੂਰਤਾ ਵਾਲੀ ਅਵਸਥਾ ਹੁੰਦੀ ਹੈ, ਜਿਸ ਨੂੰ ਅਜਿਹੀ ਸਥਿਤੀ ਤੱਕ ਪਹੁੰਚਾਉਣ ਵਿਚ ਵਿਸਮਾਦ, ਵਿਸਮਾਦੀ ਚਿੰਤਨ, ਵਿਸਮਾਦੀ ਮਨੁੱਖ ਅਤੇ ਵਿਸਮਾਦੀ ਰਾਜ ਸੱਤਾ ਸਮੇਤ ਸਮੁੱਚੀਆਂ ਸੰਸਥਾਵਾਂ ਹਰ ਸਮੇਂ ਯਤਨਸ਼ੀਲ ਰਹਿਣੀਆਂ ਜ਼ਰੂਰੀ ਹਨ।

ਅੱਜ ਭਾਰਤ ਤੋਂ ਵਿਸ਼ਵ ਪੱਧਰ ਤੱਕ ਮੁੱਢਲੀ ਲੜਾਈ ਇਕਸੁਰਤਾ ਤੇ ਇਕਸਾਰਤਾ ਵਾਲੀਆਂ ਸ਼ਕਤੀਆਂ ਵਿਚਕਾਰ ਹੈ। ਮਾਨਵ ਸੱਭਿਅਤਾ ਨੂੰ ਦਰਪੇਸ਼ ਬਹੁ-ਪਰਤੀ ਸੰਕਟਾਂ ਦਾ ਇਹ ਇਕ ਵੱਡਾ ਕਾਰਨ ਹੈ। ਸੋ, ਜਦੋਂ ਤੱਕ ਪੰਜਾਬ, ਭਾਰਤ ਅਤੇ ਵਿਸ਼ਵ ਦੇਸ਼ਾਂ ਦੀ ਕਿਸਮਤ ਦਾ ਫੈਸਲਾ ਕਰਨ ਵਾਲੇ ਲੋਕ ਕੁਦਰਤਮੁਖੀ ਪ੍ਰਬੰਧ ਨੂੰ ਨਹੀਂ ਅਪਨਾਉਂਦੇ ਅਤੇ ਉਨ੍ਹਾਂ ਹੀ ਲੀਹਾਂ ਉਤੇ ਆਪਣੀ ਰਾਜ ਵਿਵਸਥਾ ਨਹੀਂ ਚਲਾਉਂਦੇ, ਉਦੋਂ ਤੱਕ ਪੰਜਾਬ ਤੋਂ ਵਿਸ਼ਵ ਦੇ ਸੰਕਟਾਂ ਦਾ ਨਿਵਾਰਨ ਨਹੀਂ ਕੀਤਾ ਜਾ ਸਕੇਗਾ। ਯਕੀਨਨ ਮਾਨਵ ਜਾਤੀ ਕੁਦਰਤ ਅਨੁਸਾਰ ਜੀਵਨ ਬਤੀਤ ਕਰਕੇ ਹੀ ਆਪਣਾ ਬਚਾਅ ਕਰ ਸਕਦੀ ਹੈ।

ਵਿਸ਼ਵ ਦੇ ਸਮਾਜਿਕ ਪ੍ਰਬੰਧ ਨੂੰ ਵਰਤਮਾਨ ਵਿਚ ਦਿਸ਼ਾ ਦੇਣ ਵਾਲੇ ਪੂੰਜੀਵਾਦ, ਸਮਾਜਵਾਦ, ਕਮਿਊਨਿਜ਼ਮ, ਇਸਲਾਮਿਕ, ਹਿੰਦੂਤਵ ਅਤੇ ਹੋਰ ਸਥਾਨਕ ਪੱਧਰ ਦੇ ਸਮਾਜਿਕ ਪ੍ਰਬੰਧ ਅਜਿਹੀ 'ਦਾਰਸ਼ਨਿਕ ਥਕਾਵਟ ਅਤੇ ਅਸਪੱਸ਼ਟਤਾ' ਦੇ ਘੇਰੇ ਵਿਚ ਆ ਗਏ ਹਨ ਕਿ ਵਿਸ਼ਵ ਨੂੰ ਇਕ 'ਨਵੇਂ ਸੰਸਾਰ ਪ੍ਰਬੰਧ' ਦੀ ਲੋੜ ਆ ਪਈ ਹੈ। ਕੁਦਰਤ ਵਿਚ ਮੌਜੂਦ ਵੰਨ-ਸੁਵੰਨਤਾਵਾਂ ਦੀ ਸਾਂਝ ਦੀ ਤਰਜ਼ 'ਤੇ ਮਨੁੱਖੀ ਸੱਭਿਆਚਾਰਕ ਬਹੁਲਤਾਵਾਂ ਦੀ ਇਕਸੁਰਤਾ ਵਾਲੀ ਵਿਵਸਥਾ ਸਿਰਜਣ ਦੀ ਬਜਾਇ ਵੱਡੇ ਸੱਭਿਆਚਾਰਾਂ ਵੱਲੋਂ ਛੋਟੇ ਸੱਭਿਆਚਾਰਾਂ ਦੀ ਹੋਂਦ, ਪਹਿਚਾਣ ਅਤੇ ਭੂਮਿਕਾ ਨੂੰ ਸਤਿਕਾਰ ਨਹੀਂ ਦਿੱਤਾ ਜਾ ਰਿਹਾ। ਵੱਡੀਆਂ ਸ਼ਕਤੀਆਂ ਅਤੇ ਉਨ੍ਹਾਂ ਦੇ ਗੁੱਟਾਂ ਵੱਲੋਂ ਵਿਸ਼ਵ ਦੇ ਛੋਟੇ-ਵੱਡੇ ਸੱਭਿਆਚਾਰਾਂ ਨੂੰ ਇਕਸਾਰ ਕਰਨ ਦੇ ਯਤਨ ਹੋ ਰਹੇ ਹਨ, ਜੋ ਮੁੱਢਲੇ ਤੌਰ 'ਤੇ ਕੁਦਰਤ ਦੇ ਨਿਯਮਾਂ ਤੋਂ ਉਲਟ ਹਨ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੁਦਰਤਮੁਖੀ ਸਮਾਜਿਕ ਪ੍ਰਬੰਧ ਕਿਵੇਂ ਸਥਾਪਤ ਕੀਤਾ ਜਾਏ? ਗੁਰੂ ਨਾਨਕ ਸਾਹਿਬ ਵੱਲੋਂ ਕਰਤਾਰਪੁਰ ਸਾਹਿਬ ਵਿਖੇ ਬੁਨਿਆਦ ਰੱਖੇ ਗਏ ਵਿਕਾਸ ਮਾਡਲ ਨੂੰ ਅੱਜ ਦੇ ਸੰਕਟਮਈ ਹਾਲਾਤ ਵਿਚ ਹੋਰ ਪਾਸਾਰ ਕਿਵੇਂ ਦਿੱਤੇ ਜਾਣ ਕਿ ਇਤਿਹਾਸ ਦਾ ਇਹ ਮਹੱਤਵਪੂਰਨ ਵਰਤਾਰਾ ਪੰਜਾਬ, ਭਾਰਤ ਅਤੇ ਵਿਸ਼ਵ ਵਿਚ ਇਕ ਨਵਾਂ ਵਿਗਸਿਤ-ਵਿਕਸਿਤ, ਸੁਰੱਖਿਅਤ, ਸਿਰਜਣਾਤਮਿਕ ਅਤੇ ਅਨੰਦਮਈ ਮਨੁੱਖ, ਸਮਾਜ ਅਥਵਾ ਵਿਵਸਥਾ ਸਿਰਜ ਸਕੇ।

## ਕਰਤਾਰਪੁਰ ਮਾਡਲ ਅਤੇ ਸਿੱਖ ਜ਼ਿੰਮੇਵਾਰੀ

ਸਿੱਖ ਪੰਥ ਨੇ ਭਾਰਤ ਅਤੇ ਪਾਕਿਸਤਾਨ ਸਮੇਤ ਵਿਸ਼ਵ ਦੇਸ਼ਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਨਵੰਬਰ, 2019 ਜਿਵੇਂ ਵੀ ਮਨਾਇਆ ਹੈ, ਉਸ ਦੇ ਵਿਸ਼ਵ ਅਰਥ ਨਿਕਲਣੇ ਹੀ ਹਨ। ਜਿਵੇਂ ਗੁਰੂ ਨਾਨਕ ਸਾਹਿਬ ਸਭ ਦੇ ਸਾਂਝੇ ਸਨ, ਉਸੇ ਤਰ੍ਹਾਂ ਪ੍ਰਕਾਸ਼ ਪੁਰਬ ਦਾ ਇਹ ਮੌਕਾ ਵਿਸ਼ਵ ਸੱਭਿਆਚਾਰਾਂ ਦੀ ਸਾਂਝ ਦਾ ਪੈਗਾਮ ਵੀ ਲੈ ਕੇ ਆਇਆ ਸੀ। ਦੂਜੇ ਪਾਸੇ ਏਸ਼ੀਆ ਅਤੇ ਵਿਸ਼ਵ ਵਿਚ ਧਾਰਮਿਕ ਅਤੇ ਵਿਚਾਰਧਾਰਕ ਵਿਰੋਧਾਂ ਦੇ ਨਾਲ-ਨਾਲ ਲਗਭਗ ਸਾਰੇ ਦੇਸ਼ਾਂ ਦੇ ਅੰਦਰ ਅਤੇ ਬਾਹਰ ਆਪਸੀ ਭੇੜ ਅਤੇ ਟਕਰਾਓ ਵੱਧ ਰਹੇ ਹਨ। ਅਜਿਹੇ ਵਿਸਫੋਟਕ ਹਾਲਾਤ ਵਿਚ ਆਪਸੀ ਪਿਆਰ, ਬਰਾਬਰੀ, ਨਿਆਂ, ਆਜ਼ਾਦੀ, ਭਰਾਤਰੀਭਾਵ, ਸੱਭਿਆਚਾਰਕ ਅਤੇ ਸਮਾਜਿਕ ਬਹੁਲਤਾਵਾਂ ਦੀ ਇਕਸੁਰਤਾ, ਵਿਸ਼ਵਵਿਆਪੀ ਭਾਈਚਾਰਕ ਸਾਂਝ, ਸਰਬੱਤ ਦੀ ਚਿੰਤਾ ਅਤੇ ਭਲੇ ਆਦਿ ਵਿਚਾਰਾਂ ਵਾਲੀ ਫਿਲਾਸਫ਼ੀ ਆਧਾਰਿਤ ਕੁਦਰਤਮੁਖੀ ਵਿਵਸਥਾ ਵਾਲਾ ਵਿਸ਼ਵ ਆਰਡਰ ਸਿਰਜਣਾ ਜ਼ਰੂਰੀ ਹੋ ਗਿਆ ਹੈ। ਅਜਿਹਾ ਨਵਾਂ ਸੰਸਾਰ ਪ੍ਰਬੰਧ ਸਿਰਜਣ ਲਈ ਗੁਰੂ ਗ੍ਰੰਥ ਸਾਹਿਬ ਦਾ ਫਲਸਫ਼ਾ ਵੱਡਾ ਯੋਗਦਾਨ ਪਾਉਣ ਦੇ ਸਮਰੱਥ ਹੈ। 'ਸਰਬ ਦੇ ਸਾਂਝੇ' ਜਗਤ ਗੁਰੂ ਗੁਰ ਬਾਬਾ ਨਾਨਕ ਸਾਹਿਬ ਦੇ 600ਵੇਂ ਪ੍ਰਕਾਸ਼ ਪੁਰਬ ਸਮੇਂ ਅਤੇ ਯਕੀਨਨ ਇਸ ਤੋਂ ਬਾਅਦ ਪ੍ਰਤਿੱਭਾਵਾਨ ਸਿੱਖਾਂ ਦਾ ਵੱਡਾ ਫਰਜ਼ ਬਣ ਜਾਂਦਾ ਹੈ ਕਿ ਉਹ ਸਿੱਖ ਫਿਲਾਸਫ਼ੀ ਆਧਾਰਿਤ ਆਪਸੀ ਸੰਵਾਦ ਅਤੇ ਸਭਿਆਚਾਰਕ ਸਹਿਹੋਂਦ ਵਾਲੇ ਸਮਾਜਿਕ-ਸ਼ਾਸਕੀ ਪ੍ਰਬੰਧ ਬਾਰੇ ਮਾਨਵ ਸੱਭਿਅਤਾ ਨੂੰ ਨਾ ਕੇਵਲ ਜਾਣੂੰ ਕਰਵਾਉਣ, ਸਗੋਂ ਇਸ ਨੂੰ ਮਾਨਵ ਜੀਵਨ ਦਾ ਹਿੱਸਾ ਬਣਾਉਣ ਲਈ ਉਸੇ ਅਨੁਕੂਲ ਪੰਜਾਬ ਤੋਂ ਵਿਸ਼ਵ ਪੱਧਰ ਤੱਕ ਯਤਨ ਵੀ ਕਰਨ। "ਧਰਮੋ-ਸਮਾਜੋ-ਰਾਜਨੀਤਿਕ ਵਿਵਸਥਾ ਵਾਲਾ ਵਿਸਮਾਦੀ ਸਮਾਜਿਕ ਪ੍ਰਬੰਧ" ਵਿਸ਼ਵ ਜੀਵਨ ਦਾ ਅੰਗ ਬਣਨਾ ਜ਼ਰੂਰੀ ਹੈ।

## ਸਿੱਖ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਕਰਨਾ ਸਮੇਂ ਦੀ ਲੋੜ

ਸਿੱਖ ਪੰਥ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਯਾਨਿ ਤਖ਼ਤ ਜਥੇਬੰਦੀ ਦੀ ਸੰਸਥਾ ਵੱਡੇ ਅਰਥ ਰੱਖਦੀ ਹੈ। ਇਸ ਦੇ ਨਾਲ ਹੀ ਗੁਰਦੁਆਰਾ ਸੰਸਥਾ, ਰਾਜਨੀਤੀ, ਆਰਥਿਕਤਾ, ਵਿੱਦਿਆ, ਸੱਭਿਆਚਾਰ, ਸਿੱਖ ਸ਼ਾਸਕੀ ਮਾਡਲ ਅਤੇ ਸਮੁੱਚੇ ਸਿੱਖ ਵਿਸ਼ਵ ਦ੍ਰਿਸਟੀਕੋਣ ਆਦਿ ਸੰਸਥਾਵਾਂ ਜਿਵੇਂ ਕਮਜ਼ੋਰ ਹੋ ਗਈਆਂ ਹਨ, ਜਾਂ ਕਰ ਦਿੱਤੀਆਂ ਗਈਆਂ ਹਨ, ਉਨ੍ਹਾਂ ਨੂੰ ਨਵੇਂ ਰੂਪ ਵਿਚ ਸੰਗਠਿਤ ਕਰਨ ਅਤੇ ਸ਼ਕਤੀਸ਼ਾਲੀ ਕਰਨ ਦਾ ਮੁੱਦਾ ਮਹੱਤਵਪੂਰਨ ਬਣ ਗਿਆ ਹੈ। ਸਿੱਖ ਪੰਥ ਦੇ ਭਵਿੱਖ ਲਈ ਪੰਜਾਬ ਅਤੇ ਵਿਸ਼ਵ ਭਰ ਵਿਚ ਵੱਸਦੇ ਫਿਕਰਮੰਦ ਸਿੱਖਾਂ ਦੀ ਇਹ ਮੁੱਢਲੀ ਚਿੰਤਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਵਿਚੋਂ ਸਿੱਖ ਸੰਸਥਾਵਾਂ ਜਿਵੇਂ ਹੋਰ ਸ਼ਕਤੀਸ਼ਾਲੀ ਹੋ ਕੇ ਨਿਕਲਣੀਆਂ ਜ਼ਰੂਰੀ ਹਨ। ਉਨ੍ਹਾਂ ਨੂੰ ਆਪਣੀ ਨਵੀਂ ਭਵਿੱਖਮੁਖੀ ਭੂਮਿਕਾ ਸਮੇਂ ਦੀਆਂ ਲੋੜਾਂ ਅਨੁਸਾਰ ਨਿਭਾਉਣੀ ਜ਼ਰੂਰੀ ਹੈ। ਭਵਿੱਖ ਦੇ ਸਿੱਖ ਸਮਾਗਮਾਂ ਨੂੰ ਇਸ ਕੇਂਦਰੀ ਏਜੰਡੇ ਉੱਤੇ ਫੋਕਸ ਕੀਤਾ ਜਾਣਾ ਚਾਹੀਦਾ ਹੈ। ਸਪੱਸ਼ਟ ਹੈ ਕਿ ਇਨ੍ਹਾਂ ਨਿਸ਼ਾਨਿਆਂ ਨੂੰ ਸਾਕਾਰ ਕਰਨ ਲਈ ਸਿੱਖ ਸੰਸਥਾਵਾਂ ਸ਼ਕਤੀਸ਼ਾਲੀ ਹੋਣੀਆਂ ਜ਼ਰੂਰੀ ਹਨ।

ਭਾਰਤ-ਪਾਕਿ ਅਤੇ ਪੰਜਾਬ ਸਰਕਾਰਾਂ ਦੇ ਆਪਸੀ ਸਹਿਯੋਗ ਨਾਲ ਉਸਾਰਿਆ ਗਿਆ ਕਰਤਾਰਪੁਰ ਸਾਹਿਬ ਲਾਂਘਾ ਕੇਵਲ ਗੁਰਦੁਆਰਾ ਸਾਹਿਬ ਦੀ ਯਾਤਰਾ ਕਰਨ ਵਾਲਾ ਲਾਂਘਾ ਹੀ ਨਹੀਂ ਹੈ, ਸਗੋਂ ਇਹ ਭਾਰਤੀ ਉਪ-ਮਹਾਂਦੀਪ ਦੇ ਤਿੰਨ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਦੇ ਆਪਸੀ ਸੰਵਾਦ ਅਤੇ ਨਵੇਂ ਸੱਭਿਆਚਾਰਕ ਸਹਿਹੋਂਦ ਵਾਲੇ ਨਵੇਂ ਵਿਸ਼ਵ ਦਾ ਆਧਾਰ ਬਣ ਕੇ ਉਭਰਨਾ ਚਾਹੀਦਾ ਹੈ। ਵਿਸ਼ਵ ਦੇ ਸਾਂਝੇ ਜਗਤ ਗੁਰੂ ਬਾਬਾ ਨਾਨਕ ਅਤੇ ਉਨ੍ਹਾਂ ਦੀ ਫਿਲਾਸਫੀ ਕਿਵੇਂ ਵਿਸ਼ਵ ਨੂੰ ਇਕ ਨਵਾਂ ਸਮਾਜਿਕ ਪ੍ਰਬੰਧ ਤੇ ਵਿਵਸਥਾ ਦੇਣ ਲਈ ਭਵਿੱਖ ਵਿਚ ਸਮਰੱਥ ਬਣ ਸਕਦੀ ਹੈ, ਇਸ ਲਈ ਕਰਤਾਰਪੁਰ ਸਾਹਿਬ ਲਾਂਘੇ ਦੇ ਰੂਹਾਨੀ-ਦਾਰਸ਼ਨਿਕ ਅਤੇ ਵਿਸ਼ਵ ਪਸਾਰਾਂ ਨੂੰ ਸਮਝ ਕੇ ਇਨ੍ਹਾਂ ਨੂੰ ਵਿਸ਼ਵ ਚੇਤਨਾ ਦਾ ਹਿੱਸਾ ਬਣਾਉਣਾ ਸਮੇਂ ਦੀ ਲੋੜ ਹੈ।ਸੱਭਿਆਤਾਵਾਂ ਦੇ ਚੱਲ ਰਹੇ ਵਰਤਮਾਨ ਭੇੜ ਦੇ ਸਮਾਧਾਨ ਲੱਭਣ ਦੀ ਦਿਸ਼ਾ ਵੱਲ ਅੱਗੇ ਵੱਧਦਿਆਂ ਸੱਭਿਆਚਾਰਕ ਸੰਵਾਦ ਅਤੇ ਵਿਸ਼ਵ ਸ਼ਾਂਤੀ ਵਾਲਾ ਨਵਾਂ ਸੁਰੱਖਿਅਤ ਵਿਸ਼ਵ ਸਿਰਜਣ ਲਈ ਪੰਜਾਬ, ਭਾਰਤ ਅਤੇ ਵਿਦੇਸ਼ਾਂ ਵਿਚ ਵੱਸਦੇ ਸਿੱਖਾਂ, ਵਿਸ਼ੇਸ਼ ਕਰਕੇ ਸਿੱਖ ਸੰਸਥਾਵਾਂ ਦੇ ਪ੍ਰਤਿੱਭਾਵਾਨ ਅਤੇ ਦੂਰ-ਦਰਸ਼ੀ ਆਗੂਆਂ ਨੂੰ, ਇਕ ਨਵਾਂ ਅਹਿਦ ਲੈਣਾ ਹੋਏਗਾ। ਇਤਿਹਾਸਕ ਸ਼ਕਤੀਆਂ ਦੇ ਜ਼ੋਰ ਨਾਲ ਹੋਂਦ ਵਿਚ ਆਏ ਕਰਤਾਰਪੁਰ ਸਾਹਿਬ ਲਾਂਘੇ ਦਾ ਇਕ ਸਿਰਾ ਪੰਜਾਬ-ਭਾਰਤੀ ਸੰਸਕ੍ਰਿਤੀ ਵੱਲ ਅਤੇ ਦੂਸਰਾ ਸਿਰਾ ਏਸ਼ੀਆਈ, ਚੀਨੀ, ਇਸਲਾਮਿਕ, ਪੱਛਮੀ-ਅਫਰੀਕੀ-ਅਮਰੀਕੀ ਸੱਭਿਆਤਾਵਾਂ ਵੱਲ ਖੁੱਲ੍ਹਦਾ ਹੈ। ਇਹ ਲਾਂਘਾ ਵਿਸ਼ਵ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਵਿਚਕਾਰ ਸੱਚਮੁੱਚ ਰੂਪ ਵਿਚ ਬਫ਼ਰ ਬਣ ਕੇ ਨਵਾਂ ਵਿਸਮਾਦੀ ਵਿਸ਼ਵ ਆਰਡਰ ਸਿਰਜਣ ਦਾ ਵੀ ਸਾਧਨ ਬਣ ਸਕਦਾ ਹੈ। ਕਰਤਾਰਪੁਰ ਸਾਹਿਬ ਲਾਂਘੇ ਦੇ ਵੱਡੇ ਅਰਥਾਂ ਅਤੇ ਰਮਜ਼ਾਂ ਨੂੰ ਸਮਝ ਕੇ ਸ੍ਰੀ ਅਕਾਲ ਤਖ਼ਤ ਸਾਹਿਬ, ਸਿੱਖ ਚਿੰਤਕਾਂ-ਸੰਸਥਾਵਾਂ ਨੂੰ ਨਵਾਂ ਪੰਥਕ ਏਜੰਡਾ ਨਿਰਧਾਰਿਤ ਕਰਨ ਦੀ ਦਿਸ਼ਾ ਪ੍ਰਥਾਇ ਇਕ ਵੱਡੀ ਸ਼ੁਰੂਆਤ ਕਰਨੀ ਚਾਹੀਦੀ ਹੈ। ਪੰਜਾਬ ਅਤੇ ਵਿਸ਼ਵ ਪੱਧਰ ਤੱਕ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਵਿਚੋਂ ਵਿਸਮਾਦੀ ਸਮਾਜਿਕ-ਸੱਤਾ ਪ੍ਰਬੰਧ ਅਤੇ ਕਰਤਾਰਪੁਰ ਮਾਡਲ ਨੂੰ ਸਾਕਾਰ ਕਰਨ ਦੀ ਜੋ ਦਸਤਕ ਹੋਈ ਹੈ, ਇਤਿਹਾਸ ਦੇ ਇਸ ਮੌਕੇ ਨੂੰ ਠੀਕ ਪ੍ਰਸੰਗ ਵਿਚ ਸਮਝ ਕੇ ਇਕ ਨਵਾਂ ਸਿੱਖ ਭਵਿੱਖ ਅਤੇ ਮਾਨਵ ਸਮਾਜ ਸਿਰਜਣ ਲਈ ਸਿੱਖ ਪੰਥ ਨੂੰ 13 ਨਵੰਬਰ 2019 ਤੋਂ ਹੀ ਕਮਰਕੱਸੇ ਕੱਸ ਲੈਣੇ ਚਾਹੀਦੇ ਹਨ।

# ਗੁਰੂ ਨਾਨਕ ਦਰਸ਼ਨ ਤੇ ਸਿੱਖ ਸਾਹਿਤ ਨੂੰ ਚੁਣੌਤੀ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

**ਇਤਿਹਾਸ ਪਿਛੋਕੜ 'ਤੇ ਝਾਤ ਹੁੰਦਾ ਹੈ, ਪਰ ਉਸ ਪਿਛੋਕੜ ਦਾ ਸਹੀ ਦ੍ਰਿਸ਼ ਸੰਭਵ ਨਹੀਂ ਹੁੰਦਾ। ਸਮਾਂ ਪੈਣ ਦੇ ਨਾਲ-ਨਾਲ ਇਤਿਹਾਸ ਕਈ ਪੜਾਵਾਂ ਵਿੱਚੋਂ ਲੰਘ ਕੇ ਆਉਂਦਾ ਹੈ। ਉਸ ਸਮੇਂ ਦੌਰਾਨ ਰਚੇ ਸਾਹਿਤ ਤੇ ਲਿਖਤਾਂ ਰਾਹੀਂ ਇਤਿਹਾਸ ਤੇ ਉਸ ਸਮੇਂ ਦੇ ਸਮਾਜ ਤੇ ਭਾਈਚਾਰੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਕਿਸੇ ਇੱਕ ਸਾਹਿਤ ਨੂੰ ਡੰਗੋਰੀ ਬਣਾ ਕੇ ਇਤਿਹਾਸ ਦੀ ਜਾਣਕਾਰੀ ਨਹੀਂ ਲਈ ਜਾ ਸਕਦੀ। ਇਸ ਸੰਦਰਭ ਵਿਚ ਕਈ ਤਰ੍ਹਾਂ ਦੇ ਸਾਹਿਤਾਂ ਦੀ ਪੜਚੋਲ ਕਰਨੀ ਪੈਂਦੀ ਹੈ। ਇਹ ਵੀ ਸਮਝਣ ਵਾਲੀ ਗੱਲ ਹੈ ਕਿ ਕਿਸੇ ਕੌਮ ਜਾਂ ਪੰਥ ਦਾ ਇਤਿਹਾਸ ਅਲੱਗ-ਅਲੱਗ ਸਾਹਿਤ ਤੇ ਰਚਨਾਵਾਂ ਰਾਹੀਂ ਘੋਖਿਆ ਜਾ ਸਕਦਾ ਹੈ, ਜੋ ਕਈ ਤੱਥਾਂ 'ਤੇ ਆਧਾਰਿਤ ਹੁੰਦਾ ਹੈ।**

ਸਨਾਤਨਵਾਦ ਦੀ ਪਸਰੀ ਸੰਘਣੀ ਧੁੰਦ ਨੂੰ ਮਿਟਾਉਣ ਵਾਲੇ, ਸੱਚ ਤੇ ਗਿਆਨ ਦੇ ਸੂਰਜ, ਯੁੱਗ-ਪੁਰਸ਼ ਗੁਰੂ ਨਾਨਕ ਸਾਹਿਬ ਨੂੰ ਜਿਹੜਾ ਗਿਆਨ ਅਕਾਲ ਪੁਰਖ ਤੋਂ ਪ੍ਰਾਪਤ ਹੋਇਆ ਸੀ, ਆਪ ਜੀ ਨੇ ਉਸ ਨੂੰ ਬਾਣੀ ਦੇ ਰੂਪ ਵਿਚ ਇਕ ਪੋਥੀ ਵਿਚ ਦਰਜ਼ ਕਰ ਲਿਆ ਸੀ। ਉਹਨਾਂ ਆਪਣੀਆਂ ਪ੍ਰਚਾਰ ਯਾਤਰਾਵਾਂ ਦੌਰਾਨ ਭਗਤਾਂ ਸਾਹਿਬਾਨਾਂ ਦੀ ਬਾਣੀ ਵੀ ਪ੍ਰਾਪਤ ਕਰਕੇ, ਉਸੇ ਪੋਥੀ ਵਿਚ ਦਰਜ ਕਰ ਲਿਆ ਸੀ। ਗੁਰੂ ਅੰਗਦ ਸਾਹਿਬ ਨੂੰ ਗੁਰਿਆਈ ਦੇਣ ਸਮੇਂ ਆਪ ਜੀ ਨੇ ਇਹ ਬਾਣੀ ਦੀ ਪੋਥੀ ਵੀ ਉਹਨਾਂ ਨੂੰ ਦੇ ਦਿੱਤੀ ਸੀ। ਗੁਰੂ ਅੰਗਦ ਸਾਹਿਬ ਨੇ ਵੀ ਆਪਣੀ ਬਾਣੀ ਰਚੀ ਤੇ ਸਾਰੀ ਬਾਣੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ। ਗੁਰੂ ਅਮਰਦਾਸ ਜੀ ਨੇ ਆਪਣੀ ਰਚੀ ਹੋਈ ਬਾਣੀ ਸਮੇਤ, ਪਹਿਲੇ ਗੁਰੂ ਸਾਹਿਬਾਨਾਂ ਦੀ ਬਾਣੀ ਦਾ ਸਾਰਾ ਖਜ਼ਾਨਾ ਗੁਰੂ ਰਾਮਦਾਸ ਜੀ ਨੂੰ ਸੌਂਪ ਦਿੱਤਾ। ਗੁਰੂ ਰਾਮਦਾਸ ਜੀ ਨੇ ਵੀ ਬਾਣੀ ਰਚੀ ਤੇ ਪਹਿਲੇ ਗੁਰੂ ਸਾਹਿਬਾਂ ਦੀਆਂ ਬਾਣੀਆਂ ਸਮੇਤ ਸਾਰੀ ਬਾਣੀ ਅੱਗੋਂ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਦਿੱਤੀ। ਇਸ ਤਰ੍ਹਾਂ ਪਹਿਲੇ ਚਾਰ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨਾਂ ਦੀ ਬਾਣੀ ਗੁਰੂ ਅਰਜਨ ਸਾਹਿਬ ਕੋਲ ਆ ਗਈ ਸੀ। ਪੰਚਮ ਪਾਤਿਸ਼ਾਹ ਨੇ ਆਪ ਵੀ ਵੱਡੀ ਮਾਤਰਾ ਵਿਚ ਬਾਣੀ ਰਚੀ ਸੀ। ਗੁਰੂ ਅਰਜਨ ਸਾਹਿਬ ਨੇ ਭਾਈ ਗੁਰਦਾਸ ਜੀ ਪਾਸੋਂ ਰਾਮਸਰ ਸਾਹਿਬ ਦੇ ਅਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਲਿਖਵਾਇਆ ਅਤੇ ਸੰਪਾਦਨ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ-ਨਾਲ ਬਿਨ੍ਹਾਂ ਕਿਸੇ ਵਿਤਕਰੇ ਤੋਂ ਹੋਰ ਧਰਮਾਂ, ਜਾਤਾਂ, ਕੌਮਾਂ ਅਤੇ ਇਲਾਕਿਆਂ ਦੇ ਭਗਤਾਂ ਤੇ ਗੁਰਸਿੱਖਾਂ ਦੀ ਬਾਣੀ, ਜੋ ਗੁਰੂ ਸਾਹਿਬਾਨ ਦੀ ਰਚੀ ਬਾਣੀ ਦੇ ਸਿਧਾਂਤ ਨਾਲ ਮੇਲ ਖਾਂਦੀ ਸੀ; ਇਕੱਠੀ ਕਰਨ ਉਪਰੰਤ ਗੁਰੂ ਅਰਜਨ ਸਾਹਿਬ ਨੇ ਇਸ 'ਆਦਿ ਗ੍ਰੰਥ' ਵਿੱਚ ਦਰਜ ਕਰਵਾਈ ਸੀ ਅਤੇ ਸੰਪੂਰਨ ਹੋਣ ਤੋਂ ਬਾਅਦ ਇਸ ਨੂੰ "ਪੋਥੀ ਪਰਮੇਸ਼ਰ ਕਾ ਥਾਨੁ" ਦਾ ਦਰਜਾ ਦਿੱਤਾ। ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਹੋਣ ਤੋਂ ਬਾਅਦ ਗੁਰੂ ਅਰਜਨ ਸਾਹਿਬ ਨੇ ਇਸ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਥਾਪੇ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਗ੍ਰੰਥ ਸਾਹਿਬ ਵਿਚ ਪਿਤਾ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਰਜ਼ ਕਰਕੇ ਇਸ ਨੂੰ ਸੰਪੂਰਨ ਕੀਤਾ। ਯਾਦ ਰਹੇ ਕਿ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ 6 ਗੁਰੂ ਸਾਹਿਬਾਨ 15 ਭਗਤ ਸਾਹਿਬਾਨ 11 ਭੱਟਾਂ ਅਤੇ ਤਿੰਨ ਗੁਰਸਿੱਖਾਂ ਨੇ ਲਿਖੀ ਹੈ। ਅਕਤੂਬਰ 1708 ਈਸਵੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਵਿਖੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਹਮੇਸ਼ਾ ਲਈ ਬੰਦ ਕਰ ਦਿੱਤਾ ਤੇ ਸਿੱਖ ਪੰਥ ਨੂੰ ਹੁਕਮ ਕਰ ਦਿੱਤਾ ਕਿ ਅੱਗੇ ਤੋਂ ਸਿੱਖਾਂ ਦੇ ਗੁਰੂ, ਗੁਰੂ ਗ੍ਰੰਥ ਸਾਹਿਬ ਹੀ ਹੋਣਗੇ।

ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।।
(ਭਾਈ ਪ੍ਰਹਿਲਾਦ ਸਿੰਘ)

ਗੁਰੂ ਸਾਹਿਬ ਨੇ ਸਿੱਖਾਂ ਨੂੰ ਸਮਝਾਇਆ ਕਿ ਜੋ ਵੀ ਕੋਈ ਸਿੱਖ, ਗੁਰੂ ਨੂੰ ਮਿਲਣਾ ਚਾਹੁੰਦਾ ਹੈ, ਉਹ ਗੁਰੂ ਗ੍ਰੰਥ ਸਾਹਿਬ ਵਿੱਚੋਂ ਲੱਭ ਸਕਦਾ ਹੈ। ਗੁਰੂ ਨਾਨਕ ਸਾਹਿਬ ਆਪਣੇ ਸਰੀਰ ਦੀ ਥਾਂ 'ਗੁਰੂ ਸ਼ਬਦ' ਨੂੰ ਹੀ ਮਹੱਤਤਾ ਦਿੰਦੇ ਸਨ। ਸਿੱਧਾਂ ਨਾਲ ਵਿਚਾਰ ਚਰਚਾ ਕਰਦੇ ਹੋਏ, ਸਿੱਧਾਂ ਨੇ ਗੁਰੂ ਨਾਨਕ ਸਾਹਿਬ ਤੋਂ ਸਵਾਲ ਪੁਛਿਆ ਸੀ;

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥
ਕਵਣ ਕਥਾ ਲੇ ਰਹਹੁ ਨਿਰਾਲੇ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ॥
ਏਸੁ ਕਥਾ ਕਾ ਦੇਇ ਬੀਚਾਰੁ॥
ਭਵਜਲੁ ਸਬਦਿ ਲੰਘਾਵਣਹਾਰੁ॥
(ਗੁਰੂ ਗ੍ਰੰਥ ਸਾਹਿਬ, ਅੰਗ 942)

ਗੁਰੂ ਜੀ ਨੇ ਇਸ ਦਾ ਉੱਤਰ ਦਿੱਤਾ ਸੀ;

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥
(ਗੁਰੂ ਗ੍ਰੰਥ ਸਾਹਿਬ, ਅੰਗ 943)

ਅਰਥਾਤ ਸ਼ਬਦ ਹੀ ਮੇਰਾ ਗੁਰੂ ਹੈ ਅਤੇ ਉਸ ਦੀ ਧੁੰਨ ਵਿਚ ਰਮੀ ਹੋਈ ਮੇਰੀ ਸੁਰਤਿ, ਉਸ ਦਾ ਚੇਲਾ ਹੈ। ਸਾਰੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਇਕ ਹੀ ਸੀ। ਕਿਉਂਕਿ ਸਾਰਿਆਂ ਵਿਚ ਗਿਆਨ ਰੁਪੀ ਜੋਤ ਇਕੋ (ਗੁਰੂ ਨਾਨਕ ਸਾਹਿਬ ਦੀ) ਹੀ ਸੀ :

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥
(ਗੁਰੂ ਗ੍ਰੰਥ ਸਾਹਿਬ, ਅੰਗ 646)

ਗੁਰੂ ਨਾਨਕ ਸਾਹਿਬ ਦਾ ਇਹ ਫੁਰਮਾਨ ਬਾਕੀ ਸਤਿਗੁਰਾਂ ਨੇ ਇੰਨ-ਬਿੰਨ ਮੰਨਿਆ-ਪਰਚਾਰਿਆ ਕਿ ਸ਼ਬਦ ਹੀ ਗੁਰੂ ਹੈ ਤੇ ਗੁਰੂ ਹੀ ਸ਼ਬਦ ਹੈ। ਇਸ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਸਾਡਾ ਇਕੋ-ਇਕ ਗੁਰੂ ਹੈ। ਇਸ ਦੇ ਆਧਾਰਿਤ ਸਾਹਿਤ ਹੀ ਸਾਡਾ ਸਾਹਿਤ ਹੋ ਸਕਦਾ ਹੈ। ਪਰ ਸਨਾਤਨਵਾਦੀਆਂ ਨੇ ਗੁਰੂ ਨਾਨਕ ਸਾਹਿਬ ਦੇ ਗਿਆਨ ਤੇ ਦਰਸ਼ਨ ਨੂੰ ਵਿਗਾੜਨ ਦੇ ਲਈ ਸਾਹਿਤ ਤੇ ਇਤਿਹਾਸ ਵਿਚ ਘੁੱਸਪੈਠ ਕੀਤੀ। ਕੁਝ ਪਖੰਡੀ ਡੇਰਿਆਂ ਰਾਹੀਂ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਨੂੰ ਠੇਸ ਪਹੁੰਚਾਈ ਜਾ ਰਹੀ ਹੈ ਤੇ ਬ੍ਰਾਹਮਣਵਾਦੀ ਪ੍ਰਬੰਧ ਲਾਗੂ ਕੀਤੇ ਜਾ ਰਹੇ ਹਨ। ਡੇਰਿਆਂ ਨਾਲ ਜੁੜੇ ਲੋਕ ਡੇਰਿਆਂ ਦੇ ਸਾਰੇ ਮੁਖੀਆਂ ਨੂੰ ਵੀ ਗੁਰੂ ਹੀ ਕਹਿੰਦੇ ਹਨ। ਪਰ ਗੁਰੂ ਸਾਹਿਬਾਨਾਂ ਨੇ 'ਸ਼ਬਦ-ਗੁਰੂ' ਨੂੰ ਹੀ ਆਪਣਾ ਤੇ ਸਾਡਾ ਸਾਰਿਆਂ ਦਾ 'ਗੁਰੂ' ਕਿਹਾ ਸੀ। ਅੱਜ ਗੁਰੂ ਨਾਨਕ ਸਾਹਿਬ ਦੇ 550 ਸਾਲਾ ਪ੍ਰਕਾਸ਼ ਦਿਹਾੜੇ 'ਤੇ ਹਰ ਸਿੱਖ ਨੂੰ ਇਹ ਸੰਕਲਪ ਕਰਨਾ ਚਾਹੀਦਾ ਹੈ ਕਿ ਉਹ ਗੁਰੂ ਨਾਨਕ ਸਾਹਿਬ ਦੇ ਦਰਸ਼ਨ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ, ਇਸ ਦੀਆਂ ਵਿਲੱਖਣਤਾਵਾਂ, ਵਿਸ਼ੇਸ਼ਤਾਈਆਂ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਦੁਨੀਆਂ ਭਰ ਵਿਚ ਪ੍ਰਚਾਰੇਗਾ ਤੇ ਮੰਨੇਗਾ। ਪੰਜਾਬੀ ਅਤੇ ਵਿਸ਼ਵ ਦੀਆਂ ਹੋਰ ਭਾਸ਼ਾਵਾਂ ਵਿਚ ਗੁਰੂ ਨਾਨਕ ਸਾਹਿਬ ਦੀ ਇਤਿਹਾਸਕ ਮਹਾਨਤਾ ਤੇ ਦਰਸ਼ਨ ਬਾਰੇ ਸਾਹਿਤ ਛਪਵਾ ਕੇ ਪੰਜਾਬ ਵਿਚ ਅਤੇ ਦੁਨੀਆਂ ਭਰ ਦੇ ਸਿੱਖਾਂ ਦੇ ਘਰਾਂ ਤੱਕ ਪੁੱਜਦੇ ਕਰੇਗਾ।

**ਸਿੱਖ ਕੌਮ ਦਾ ਸਾਹਿਤ ਤੇ ਇਤਿਹਾਸ**

ਇਤਿਹਾਸ ਪਿਛੋਕੜ 'ਤੇ ਝਾਤ ਹੁੰਦਾ ਹੈ, ਪਰ ਉਸ ਪਿਛੋਕੜ ਦਾ ਸਹੀ ਦ੍ਰਿਸ਼ ਸੰਭਵ ਨਹੀਂ ਹੁੰਦਾ। ਸਮਾਂ ਪੈਣ ਦੇ ਨਾਲ-ਨਾਲ ਇਤਿਹਾਸ ਕਈ ਪੜਾਵਾਂ ਵਿੱਚੋਂ ਲੰਘ ਕੇ ਆਉਂਦਾ ਹੈ। ਉਸ ਸਮੇਂ ਦੌਰਾਨ ਰਚੇ ਸਾਹਿਤ ਤੇ ਲਿਖਤਾਂ ਰਾਹੀਂ ਇਤਿਹਾਸ ਤੇ ਉਸ ਸਮੇਂ ਦੇ ਸਮਾਜ ਤੇ ਭਾਈਚਾਰੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਕਿਸੇ ਇੱਕ ਸਾਹਿਤ ਨੂੰ ਡੰਗੋਰੀ ਬਣਾ ਕੇ ਇਤਿਹਾਸ ਦੀ ਜਾਣਕਾਰੀ ਨਹੀਂ ਲਈ ਜਾ ਸਕਦੀ। ਇਸ ਸੰਦਰਭ ਵਿਚ ਕਈ ਤਰ੍ਹਾਂ ਦੇ ਸਾਹਿਤਾਂ ਦੀ ਪੜਚੋਲ ਕਰਨੀ ਪੈਂਦੀ ਹੈ। ਇਹ ਵੀ ਸਮਝਣ ਵਾਲੀ ਗੱਲ ਹੈ ਕਿ ਕਿਸੇ ਕੌਮ ਜਾਂ ਪੰਥ ਦਾ ਇਤਿਹਾਸ ਅਲੱਗ-ਅਲੱਗ ਸਾਹਿਤ ਤੇ ਰਚਨਾਵਾਂ ਰਾਹੀਂ ਘੋਖਿਆ ਜਾ ਸਕਦਾ ਹੈ, ਜੋ ਕਈ ਤੱਥਾਂ 'ਤੇ ਆਧਾਰਿਤ ਹੁੰਦਾ ਹੈ। ਜੇ ਅਸੀਂ ਹਿੰਦੂ ਧਰਮ, ਮੁਸਲਮ, ਇਸਾਈ ਧਰਮ ਦੇ ਧਾਰਮਿਕ ਇਤਿਹਾਸ 'ਤੇ ਝਾਤ ਮਾਰੀਏ, ਤਾਂ ਇਹਨਾਂ ਸਾਰਿਆਂ ਵਿਚ ਵਿਸ਼ੇਸ਼ਤਾ ਨਜ਼ਰ ਆਉਂਦੀ ਹੈ ਕਿ ਸਾਰੇ ਧਰਮ ਰਾਜਿਆਂ ਦੀ ਛੱਤਰ ਛਾਇਆ ਹੇਠ ਕਈ ਪੁਸ਼ਤਾਂ ਤੱਕ ਦੇਖ-ਰੇਖ ਵਿਚ ਵਧੇ ਫੁਲੇ। ਇਸ ਦੇ ਉਲਟ ਸਿੱਖ ਪੰਥ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਦੇ ਖਾਲਸਾ ਪੰਥ ਦੀ ਸਿਰਜਣਾ ਤੇ ਉਸ ਤੋਂ ਬਾਅਦ ਅਰਥਾਤ 1699 ਤੋਂ 1801 ਤੱਕ ਲਗਾਤਾਰ ਸੰਘਰਸ਼ਸ਼ੀਲ ਰਿਹਾ ਹੈ। ਗੁਰੂ ਗੋਬਿੰਦ ਸਿੰਘ ਨੇ ਆਪਣੇ ਸਮੇਂ ਦੌਰਾਨ ਸਾਹਿਤ ਰਚਨਾ ਦਾ ਮਾਹੌਲ ਸਿਰਜਣ ਲਈ 52 ਕਵੀ ਸਥਾਪਤ ਕਰਕੇ ਦਮਦਮਾ ਸਾਹਿਬ ਤੋਂ ਸਿੱਖ ਸਾਹਿਤ ਸਭਾਵਾਂ ਦਾ ਅਗਾਜ਼ ਕੀਤਾ। ਦਮਦਮਾ ਸਾਹਿਬ ਹੀ ਖਾਲਸਾ ਪੰਥ ਦੀ ਪਹਿਲੀ ਯੂਨੀਵਰਸਿਟੀ ਸੀ। ਪਰ ਸੰਘਰਸ਼ਸ਼ੀਲ ਦੌਰ ਹੋਣ ਕਾਰਨ ਇਹ ਰੀਤ ਚਾਲੂ ਨਹੀਂ ਰਹਿ ਸਕੀ। ਜਿਸ ਕਾਰਨ ਸਿੱਖ ਸਰੋਕਾਰਾਂ ਵਾਲੇ ਸਾਹਿਤ ਦੀ ਰਚਨਾ ਬਹੁਤ ਘੱਟ ਹੋ ਸਕੀ। 1801 ਦੌਰਾਨ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਪਹਿਲਾ ਪੜਾਅ ਸੀ, ਜਿਸ ਵਿਚ ਸਿੱਖਾਂ ਨੂੰ ਆਪਣਾ ਇਤਿਹਾਸ, ਆਪਣਾ ਸਾਹਿਤ ਸੰਭਾਲਣ ਦਾ ਮੌਕਾ ਮਿਲਿਆ। ਰਣਜੀਤ ਸਿੰਘ ਕਾਲ ਵਿਚ ਜੋ ਸਾਹਿਤ ਰਚਿਆ ਗਿਆ ਹੈ, ਉਸ ਵਿਚ ਜੰਗਨਾਮਾ ਸ਼ਾਹ ਮੁਹੰਮਦ ਸ਼ਾਮਲ ਹੈ। ਇਸ ਜੰਗਨਾਮੇ ਵਿਚ ਅੰਗਰੇਜ਼ਾਂ ਤੇ ਸਿੰਘਾਂ ਦੀਆਂ ਲੜਾਈਆਂ ਨੂੰ ਢੁੱਕਵੀਂ ਸ਼ਬਦਾਵਲੀ ਵਿਚ ਪੇਸ਼ ਕੀਤਾ ਗਿਆ ਹੈ। ਜੋਗਾ ਸਿੰਘ ਨੇ ਇਸ ਕਾਲ ਦੌਰਾਨ 'ਸੀ-ਹਰਫ਼ੀਆਂ ਹਰੀ ਸਿੰਘ ਨਲਵਾ' ਦੀ ਰਚਨਾ ਕੀਤੀ। ਜਿਸ ਵਿਚ ਜਰਨੈਲ ਹਰੀ ਸਿੰਘ ਨਲਵਾ ਦੇ ਬਹਾਦਰੀ ਨਾਲ ਜੰਗ ਲੜਦੇ ਹੋਏ ਦਲੇਰੀ ਦਾ ਜ਼ਿਕਰ ਕੀਤਾ ਹੈ। ਭਾਈ ਕਾਨ੍ਹ ਸਿੰਘ ਦੁਆਰਾ ਰਚਿਤ 'ਜੰਗਨਾਮਾ ਲਾਹੌਰ' ਵੀ ਰਣਜੀਤ ਕਾਲ ਦੀ ਹੀ ਰਚਨਾ ਹੈ। ਇਹ ਜੰਗਨਾਮਾ ਲਾਹੌਰ ਦਰਬਾਰ ਦੇ ਹਾਲਾਤ, ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਸਿੱਖਾਂ ਦੀ ਅੰਗਰੇਜ਼ਾਂ ਨਾਲ ਪਹਿਲੀ ਲੜਾਈ ਨੂੰ ਢੁੱਕਵੀਂ ਸ਼ਬਦਾਵਲੀ ਵਿਚ ਪੇਸ਼ ਕਰਦਾ ਹੈ। ਰਣਜੀਤ ਕਾਲ ਦੌਰਾਨ ਵਾਰ ਕਾਵਿ ਵੀ ਹੋਂਦ ਵਿਚ ਆਇਆ। ਭਾਈ ਰਾਮ ਸਿੰਘ ਦੀ ਰਚਿਤ 'ਆਨੰਦਪੁਰ ਦੀ ਵਾਰ ਮਹਾਰਾਜਾ ਰਣਜੀਤ ਸਿੰਘ ਕਾਲ ਦੀ ਹੀ ਰਚਨਾ ਹੈ। ਇਹ ਵਾਰ 1812 ਈ. ਵਿਚ ਲਿਖੀ ਗਈ ਹੈ। ਇਸ ਵਾਰ ਵਿਚ ਰਣਜੀਤ ਸਿੰਘ ਦੇ ਪ੍ਰਤੀਨਿਧ ਮੋਢੀ ਸੁਰਜਨ ਸਿੰਘ ਦੇ ਵਿਰੁੱਧ ਰਾਜਾ ਮਹਾਂ ਚੰਦ ਕਹਿਲੂਰੀਏ ਦੇ ਪੜਪੋਤਰੇ ਦੀ ਲੜਾਈ ਦਾ ਵਰਣਨ ਹੈ। ਇਹ ਵਾਰ ਲਾਹੌਰ ਸਰਕਾਰ ਦੀ ਜਿੱਤ ਦੀ ਪੰਜਾਬੀ ਭਾਸ਼ਾ ਵਿਚ ਢੁੱਕਵੀਂ ਤਸਵੀਰ ਪੇਸ਼ ਕਰਦੀ ਹੈ। ਕਵੀ ਸਹਾਈ ਸਿੰਘ ਕ੍ਰਿਤ 'ਵਾਰ ਹਰੀ ਸਿੰਘ ਮਹਾਰਾਜਾ ਰਣਜੀਤ ਕਾਲ ਦੀ ਇਕ ਪ੍ਰਸਿੱਧ ਰਚਨਾ ਹੈ। ਇਸ ਵਿਚ ਹਰੀ ਸਿੰਘ ਨਲਵੇ ਦੀ ਪਿਸ਼ਾਵਰ ਉੱਤੇ ਜਿੱਤ ਦਾ ਵਰਣਨ ਹੈ। ਕਵੀ ਸੋਭਾ ਨੇ ਰਣਜੀਤ ਕਾਲ ਹੀ 'ਮੁਲਤਾਨ ਦੀ ਵਾਰ' ਰਚੀ। ਇਹ ਵਾਰ 1848-49 ਈ. ਦੇ ਨੇੜੇ-ਤੇੜੇ ਰਚੀ ਗਈ ਹੈ। ਇਸ ਵਾਰ ਵਿਚ ਲਾਹੌਰ ਦਰਬਾਰ ਦੀ ਪ੍ਰਸਿੱਧ ਦੀਵਾਨ ਮੂਲ ਰਾਜ ਦੇ ਅੰਗਰੇਜ਼ਾਂ ਤੋਂ ਬਾਗ਼ੀ ਹੋ ਕੇ ਖਾਲਸਾ ਰਾਜ ਦੀ ਪੁਨਰ ਸਥਾਪਤੀ ਲਈ ਸੰਘਰਸ਼ ਕਰਨ ਦਾ ਜ਼ਿਕਰ ਕੀਤਾ ਹੈ।




1839 ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਮਗਰੋਂ ਸਿੱਖ ਸਾਹਿਤ ਦੀ ਲਹਿਰ ਨੂੰ ਢਾਹ ਲੱਗੀ। ਜੇਕਰ ਸਿੱਖ ਰਾਜ ਲਗਾਤਾਰ ਚੱਲਦਾ ਰਹਿੰਦਾ ਤਾਂ ਸਿੱਖ ਇਤਿਹਾਸ ਤੇ ਸਾਹਿਤ ਦਾ ਪ੍ਰਸਾਰ ਹੋ ਸਕਦਾ ਸੀ। ਸਿੱਖ ਪੰਥ ਦੇ ਲੰਬੇ ਸੰਘਰਸ਼ ਵਿਚ ਸਿੱਖ ਸਾਹਿਤ, ਸਿੱਖ ਇਤਿਹਾਸ ਸਨਾਤਨੀ ਵਿਚਾਰਧਾਰਾ ਦੇ ਪੜ੍ਹੇ-ਲਿਖੇ ਲਿਖਾਰੀਆਂ ਅਤੇ ਇਤਿਹਾਸਕਾਰਾਂ ਦੇ ਹੱਥੇ ਚੜ੍ਹ ਗਿਆ, ਕਿਉਂਕਿ ਸਦਾ ਸੰਘਰਸ਼ ਵਿਚ ਰਹਿਣ ਕਰਕੇ ਸਿੱਖਾਂ ਵਿਚ ਵਿੱਦਿਅਕ ਵਿਕਾਸ ਨਹੀਂ ਹੋ ਸਕਿਆ। ਉਸ ਸਮੇਂ ਦੌਰਾਨ ਧਾਰਮਿਕ ਰਹੁ-ਰੀਤਾਂ, ਗੁਰਮਤਿ ਵਿਚਾਰਧਾਰਾ ਇਹ ਸਾਰੀ ਦੀ ਸਾਰੀ ਸਨਾਤਨੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਆ ਗਈ ਸੀ। ਗੁਰਮਤਿ ਵਿਚਾਰਧਾਰਾ ਨੂੰ ਸਿੱਖਾਂ ਦੇ ਵਿਹੜੇ, ਗੁਰਦੁਆਰਿਆਂ ਵਿਚ ਸਨਾਤਨੀ ਢੰਗ ਨਾਲ ਸਥਾਪਿਤ ਕਰ ਦਿੱਤਾ ਗਿਆ। ਇੱਥੇ ਵਰਨਣਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦਾ ਖੰਡਨ ਕੀਤਾ ਤੇ ਉਸ ਦੀ ਥਾਂ 'ਤੇ ਸ਼ਬਦ ਗੁਰੂ ਗ੍ਰੰਥ ਸਾਹਿਬ, ਜਿਸ ਵਿਚ ਭਗਤਾਂ, ਭੱਟਾਂ, ਸੂਫ਼ੀਆਂ, ਗੁਰੂਆਂ ਦੀਆਂ ਬਾਣੀਆਂ ਸਨ ਜੋ ਜੀਵਨ ਜਾਂਚ ਦਾ ਮੂਲ ਮੰਤਰ ਸੀ, ਦੇ ਲੜ ਲਾਇਆ। ਗੁਰੂ ਜੀ ਸਮਾਜ ਦੀ ਕਮਜ਼ੋਰੀ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਕਿ ਲੋਕਾਂ ਦਾ ਵਿਸ਼ਵਾਸ ਦੇਹਧਾਰੀ ਗੁਰੂਆਂ 'ਤੇ ਬਹੁਤ ਜਲਦੀ ਬਣ ਜਾਂਦਾ ਤੇ ਦੇਹਧਾਰੀ ਗੁਰੂ ਉਨ੍ਹਾਂ ਆਮ ਲੋਕਾਂ ਨੂੰ ਭਰਮ-ਭੁਲੇਖਿਆਂ ਵਿੱਚੋਂ ਨਹੀਂ ਨਿਕਲਣ ਦਿੰਦੇ। ਗੁਰੂ ਮਾਨਿਓ ਗ੍ਰੰਥ ਦਾ ਇੱਕ ਮੁੱਖ ਉਦੇਸ਼ ਸੀ ਕਿ ਸਿੱਖ ਅੱਖਰ ਗਿਆਨ ਸਿੱਖਣ ਤੇ ਸਿੱਖਿਆ ਪ੍ਰਾਪਤੀ ਕਰਨ, ਕਿਉਂਕਿ ਅੱਖਰ ਗਿਆਨ ਤੋਂ ਬਿਨਾਂ ਗੁਰੂ ਗ੍ਰੰਥ ਸਾਹਿਬ ਨਹੀਂ ਪੜ੍ਹਿਆ ਜਾ ਸਕਦਾ। ਗੁਰੂ ਸਾਹਿਬ ਦਾ ਬੜੇ ਨਿਵੇਕਲੇ ਢੰਗ ਨਾਲ, ਸਿੱਖ ਕੌਮ ਨੂੰ ਸਿੱਖਿਅਤ ਕਰਨ ਦਾ ਤੇ ਗੁਰੂ ਡੰਮ ਤੋਂ ਬਚਾਉਣ ਦਾ ਉਪਰਾਲਾ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਕਾਲ ਤੇ ਸੰਘਰਸ਼ਸ਼ੀਲ ਦੌਰ ਸਮੇਂ ਬਹੁਤ ਸਾਰੇ ਪੰਡੇ-ਪੁਜਾਰੀਆਂ ਨੇ ਸਿੱਖ ਧਰਮ ਅਪਨਾ ਲਿਆ ਤੇ ਗੁਰਦੁਆਰੇ ਸਨਾਤਨੀ ਪ੍ਰਭਾਵ ਹੇਠ ਆ ਗਏ। ਮਿਸਲਦਾਰਾਂ ਦੇ ਕਾਲ ਦੌਰਾਨ ਗੁਰਮਤਿ ਵਿਚਾਰਧਾਰਾ, ਗੁਰਮਤਿ ਸਾਹਿਤ ਨੂੰ ਸਨਾਤਨੀ ਢੰਗ ਵਿਚ ਰੰਗ ਦਿੱਤਾ ਗਿਆ। ਸਾਖੀ ਸਾਹਿਤ, ਸੂਰਜ ਪ੍ਰਕਾਸ਼ ਗ੍ਰੰਥ ਤੇ ਕਈ ਤਰ੍ਹਾਂ ਦੇ ਰਹਿਤਨਾਮਿਆਂ ਵਿਚ ਸਨਾਤਨੀ ਰੰਗਤ ਦੇਖਣ ਨੂੰ ਮਿਲਦੀ ਹੈ। ਮੰਦਰਾਂ ਵਿਚ ਕਥਾ-ਕਹਾਣੀਆਂ ਤੇ ਕਰਾਮਾਤਾਂ ਲੋਕਾਂ ਨੂੰ ਆਕਰਸ਼ਿਤ ਕਰਦੀਆਂ ਸਨ। ਉਸ ਤਰਜ਼ 'ਤੇ ਸਾਖੀ, ਸਾਹਿਤ, ਸੂਰਜ ਪ੍ਰਕਾਸ਼ ਗ੍ਰੰਥ ਵਰਗੀਆਂ ਰਚਨਾਵਾਂ ਰਚੀਆਂ ਗਈਆਂ, ਸਨਾਤਨੀ ਢੰਗ ਨਾਲ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਪ੍ਰਕਾਸ਼ਿਤ ਕੀਤੇ ਗਏ। ਇੱਥੇ ਗੱਲ ਵਰਨਣਯੋਗ ਹੈ ਕਿ ਅੰਗਰੇਜ਼ਾਂ ਦੇ ਰਾਜਕਾਲ ਦੌਰਾਨ ਪੱਛਮੀ ਵਿਦਿਆ ਦੇ ਪ੍ਰਚਾਰ ਤੇ ਪ੍ਰਸਾਰ ਪਿੱਛੋਂ ਸਿੱਖ ਧਰਮ ਵਿਚ 1873 ਈਸਵੀ ਦੌਰਾਨ ਗੁਰੂ ਕੇ ਬਾਗ ਅੰਮ੍ਰਿਤਸਰ ਵਿਖੇ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ ਗਈ, ਜਿਸ ਦਾ ਨਿਸ਼ਾਨਾ ਸਿੱਖ ਧਰਮ ਦੀ ਪਵਿੱਤਰਤਾ ਨੂੰ ਮੁੜ ਸੁਰਜੀਤ ਕਰਨਾ, ਸਿੱਖ ਧਰਮ ਅਤੇ ਇਤਿਹਾਸ ਸੰਬੰਧੀ ਪੁਸਤਕਾਂ ਲਿਖਾਉਣੀਆਂ ਅਤੇ ਪ੍ਰਕਾਸ਼ਿਤ ਕਰਵਾਉਣੀਆਂ, ਸਿੱਖ ਧਰਮ ਛੱਡ ਦੇਣ ਵਾਲਿਆਂ ਨੂੰ ਇਸ ਧਰਮ ਵਿਚ ਵਾਪਸ ਲਿਆਉਣਾ, ਪੰਜਾਬੀ ਭਾਸ਼ਾ ਵਿਚ ਗਿਆਨ ਦਾ ਪ੍ਰਚਾਰ ਕਰਨਾ ਅਤੇ ਪੰਜਾਬੀ ਭਾਸ਼ਾ ਵਿਚ ਸਮਾਚਾਰ ਪੱਤਰਾਂ ਅਤੇ ਪੱਤਰਕਾਵਾਂ ਜਾਰੀ ਕਰਨਾ, ਉੱਚ ਵਰਗ ਦੇ ਲੋਕਾਂ ਨੂੰ (ਅੰਗਰੇਜ਼ਾਂ ਨੂੰ) ਸਿੱਖਾਂ ਦੇ ਸਿੱਖਿਆ ਸੰਬੰਧੀ ਪ੍ਰੋਗਰਾਮਾਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰਨਾ ਸੀ। ਸਿੰਘ ਸਭਾ ਲਹਿਰ ਨਾਲ ਜੁੜੇ ਵਿਦਵਾਨਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਚੇਤੰਨ ਰੂਪ ਵਿਚ ਪ੍ਰਗਟਾਉਣ ਲਈ ਸਿੱਖ ਸਾਹਿਤ ਦੀ ਰਚਨਾ ਕੀਤੀ। ਇਹਨਾਂ ਵਿਚ ਪ੍ਰਮੁੱਖ ਤੌਰ 'ਤੇ ਕਾਹਨ ਸਿੰਘ ਨਾਭਾ, ਭਾਈ ਜੋਧ ਸਿੰਘ, ਕਰਮ ਸਿੰਘ ਹਿਸਟੋਰੀਅਨ, ਭਾਈ ਵੀਰ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰਿੰ. ਸਾਹਿਬ ਸਿੰਘ, ਸਰਦੂਲ ਸਿੰਘ ਕਵੀਸ਼ਰ, ਡਾ. ਸ਼ੇਰ ਸਿੰਘ, ਸਿਰਦਾਰ ਕਪੂਰ ਸਿੰਘ, ਡਾਕਟਰ ਗੰਡਾ ਸਿੰਘ ਆਦਿ ਦੇ ਯਤਨ ਪ੍ਰਸ਼ੰਸ਼ਾਯੋਗ ਹਨ। ਸੋਹਣ ਸਿੰਘ ਸੀਤਲ, ਮੋਹਨ ਸਿੰਘ ਵੈਦ, ਪ੍ਰੀਤਮ ਸਿੰਘ ਪਟਿਆਲਾ ਨੇ ਵੀ ਸਿੱਖ ਸਾਹਿਤ ਵਿਚ ਵਰਨਣਯੋਗ ਕੰਮ ਕੀਤਾ ਹੈ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਤੇ ਗੁਰਮਤਿ ਮਾਰਤੰਡ ਸਿੱਖ ਸਾਹਿਤ ਦੀ ਮਹੱਤਵਪੂਰਨ ਪ੍ਰਾਪਤੀ ਹੈ। ਭਾਈ ਵੀਰ ਸਿੰਘ ਦੇ ਨਾਵਲ ਜਿਸ ਵਿਚ ਸਿੱਖ ਇਤਿਹਾਸ ਦਾ ਜ਼ਿਕਰ ਹੈ ਤੇ ਸਿਰਦਾਰ ਕਪੂਰ ਸਿੰਘ ਦੀਆਂ ਪੁਸਤਕਾਂ ਦੀ ਅੱਜ ਵੀ ਮੰਗ ਹੈ। ਇਹੋ ਜਿਹਾ ਸਾਹਿਤ ਅੱਜ ਵੀ ਰਚਨਾ ਜ਼ਿਆਦਾ ਜ਼ਰੂਰੀ ਹੈ। ਸੱਚ ਇਹ ਵੀ ਹੈ ਕਿ ਗੁਰੂ ਨਾਨਕ ਸਾਹਿਬ ਦਾ ਦਰਸ਼ਨ ਜਿਹੜਾ ਇਹਨਾਂ ਵਹਿਮਾਂ, ਕਰਾਮਾਤਾਂ ਤੇ ਬ੍ਰਾਹਮਣਵਾਦ ਨੂੰ ਭੰਡਦਾ ਸੀ, ਉਹ ਦਰਸ਼ਨ ਫਿਰ ਬ੍ਰਾਹਮਣਵਾਦ ਦੀ ਜਕੜ ਵਿਚ ਆ ਗਿਆ। ਗੁਰੂ ਸ਼ਬਦ ਦੀ ਥਾਂ ਮੁੜ ਪੰਡੇ-ਪੁਜਾਰੀ ਸਾਧ ਸਥਾਪਿਤ ਹੋ ਗਏ ਤੇ ਡੇਰਿਆਂ ਵਿਚ ਸਖਸ਼ੀ ਪੂਜਾ ਦਾ ਵਿਸਥਾਰ ਹੋਣਾ ਸ਼ੁਰੂ ਹੋ ਗਿਆ ਅਤੇ ਸਾਧਾਂ ਸੰਤਾਂ ਨੇ ਆਪੋ-ਆਪਣੇ ਢੰਗ ਨਾਲ ਅਰਥ ਕੱਢਣੇ ਸ਼ੁਰੂ ਕਰ ਦਿੱਤੇ ਹਨ। ਗੁਰਬਾਣੀ ਨੂੰ ਇੱਕ ਫਿਲਾਸਫੀ ਤੇ ਵਿਚਾਰਧਾਰਾ ਦੀ ਬਜਾਏ ਗੁਰਬਾਣੀ ਵਿੱਚੋਂ ਰੱਟਾ ਮਾਰਕਾ ਬੀਜ ਮੰਤਰ, ਕਰਾਮਾਤਾਂ ਲੱਭਣੀਆਂ ਸ਼ੁਰੂ ਕਰ ਦਿੱਤੀਆਂ। ਗੁਰਬਾਣੀ ਨੂੰ ਜੀਵਨ ਸੇਧ ਦੇਣ ਦੀ ਥਾਂ ਸਨਾਤਨੀ ਚੱਕਰਵਿਊ ਵਿਚ ਸਿੱਖ ਪੰਥ ਨੂੰ ਫਸਾ ਦਿੱਤਾ। ਇਹ ਡਿਊਟੀ ਬਣਦੀ ਸੀ ਸ਼੍ਰੋਮਣੀ ਕਮੇਟੀ ਦੀ, ਜਿਸ ਨੇ ਏਨੇ ਸਾਲਾਂ ਦੌਰਾਨ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਕਿ ਸਿੱਖ ਇਤਿਹਾਸ ਤੇ ਸਿੱਖ ਸਾਹਿਤ ਨੂੰ ਮੁੜ ਤੋਂ ਗੁਰਮਤਿ ਆਧਾਰਿਤ ਵਿਚਾਰਧਾਰਾ 'ਤੇ ਰਚਿਆ ਜਾਵੇ। ਅਜੇ ਵੀ ਜਿਸ ਤਰ੍ਹਾਂ ਦਾ ਸਿੱਖ ਸਾਹਿਤ ਜਾਂ ਸਿੱਖ ਇਤਿਹਾਸ ਜੋ ਨਵੇਂ ਲੇਖਕਾਂ ਵੱਲੋਂ ਰਚ ਕੇ ਸਾਹਮਣੇ ਆ ਰਿਹਾ ਹੈ, ਉਹ ਸਿੱਖ ਕੌਮ ਲਈ ਬਹੁਤ ਖ਼ਤਰਨਾਕ ਹੈ। ਡੇਰਿਆਂ ਵਿਚ ਅਜੋਕੇ ਪੈਸੇ ਵਾਲੇ ਯੁੱਗ ਵਿਚ ਮਾਇਆ ਮੋਹਣੀ ਦੀ ਸਿੱਖਿਆ ਦੇਣ ਵਾਲੇ ਡੇਰੇਦਾਰ, ਸਾਧ-ਸੰਤ ਅਮੀਰ ਹੋਣ ਵਾਸਤੇ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਤੋਂ ਦੂਰ ਕਰਕੇ ਵਹਿਮਾਂ-ਭਰਮਾਂ, ਭੁਲੇਖਿਆਂ ਵਿਚ ਗੁਰਬਾਣੀ ਦਾ ਅਨਰਥ ਕਰੀ ਜਾ ਰਹੇ ਹਨ।

(ਚਲਦਾ, ਬਾਕੀ ਅਗਲੇ ਅੰਕ 'ਚ)

# ਕਿਉਂ ਉਦਾਸ ਹੈ ਕਸ਼ਮੀਰ ਘਾਟੀ



**ਡਾ. ਪਰਮਜੀਤ ਸਿੰਘ ਮਾਨਸਾ**
ਮੋਬਾਇਲ ਨੰ. 99883-51990

ਧਰਤੀ ਤੇ ਜੰਨਤ ਹੈ ਕਸ਼ਮੀਰ ਘਾਟੀ, ਕਾਦਰ ਨੇ ਆਪਣੀ ਕੁਦਰਤ ਨੂੰ ਬਹੁਤ ਸੁੰਦਰ ਸਜਾਇਆ ਹੈ, ਘਾਟੀ ਨੂੰ, ਉੱਚੀਆਂ ਉੱਚੀਆਂ ਬਰਫ ਲੱਦੀਆਂ ਪਹਾੜੀਆਂ ਨਾਲ, ਬਨਸਪਤੀ ਨਾਲ, ਝੀਲਾਂ ਨਾਲ, ਫਲਾਂ ਨਾਲ, ਕੇਸਰ ਨਾਲ, ਬਦਾਮਾਂ ਨਾਲ, ਅਖਰੋਟਾਂ ਨਾਲ, ਸੇਬਾਂ ਨਾਲ ਸਮੁੱਚੀ ਘਾਟੀ ਕੁਦਰਤੀ ਸੁੰਦਰਤਾ ਨਾਲ ਲਬਾਲਬ ਭਰਪੂਰ ਹੈ, ਉਥੇ ਹੀ ਹੁਸਨ ਵੀ ਬਹੁਤ ਖੂਬਸੂਰਤ ਬਖਸ਼ਿਆ ਹੈ ਘਾਟੀ ਨੂੰ ਕਾਦਰ ਨੇ। ਘਾਟੀ ਦਾ ਪੌਣ ਪਾਣੀ ਹੀ ਐਸਾ ਹੈ ਜੋ ਹਰ ਪਾਸੇ ਸੁੰਦਰਤਾ ਵਿਖੇਰਦਾ ਹੈ, ਇਹੀ ਸੁੰਦਰਤਾ ਕਸ਼ਮੀਰ ਘਾਟੀ ਨੂੰ ਜੰਨਤ ਬਣਾਉਂਦੀ ਹੈ। ਸਿਆਣੇ ਕਹਿੰਦੇ ਹਨ ਜਿਹੜੀ ਚੀਜ਼ ਅਧਿਕ ਸੁੰਦਰ ਹੁੰਦੀ ਹੈ, ਉਸ ਦੇ ਵੈਰੀ ਵੀ ਬਹੁਤ ਹੁੰਦੇ ਹਨ। ਕਾਵਾਂ ਦੀ ਤਾਂ ਨਜ਼ਰ ਹੀ ਹਮੇਸ਼ਾ ਅਜਿਹੀਆਂ ਥਾਵਾਂ ਤੇ ਪੈਂਦੀ ਹੈ।

ਕਸ਼ਮੀਰ ਘਾਟੀ ਭਾਰਤੀ ਫਿਲਮਾਂ ਨੂੰ ਵੀ ਬਹੁਤ ਸੁੰਦਰ ਦ੍ਰਿਸ਼ ਬਖਸ਼ਦੀ ਰਹੀ ਹੈ। ਪਹਿਲਾਂ ਦੀਆਂ ਫਿਲਮਾਂ ਵਿਚ ਕਸ਼ਮੀਰ ਦੇ ਸੀਨ ਜ਼ਰੂਰ ਫਿਲਮਾਏ ਜਾਂਦੇ ਸਨ। ਡੱਲ ਝੀਲ ਵੀ ਭਾਰਤੀ ਫਿਲਮਾਂ ਵਿਚ ਦਿਖਾਈ ਜਾਂਦੀ ਸੀ। ਡੱਲ ਝੀਲ ਵਿਚ ਚਲਦੇ ਸ਼ਿਕਾਰੇ ਫਿਲਮਾਂ ਨੂੰ ਦਰਸ਼ਕਾਂ ਲਈ ਆਕ੍ਰਸ਼ਿਤ ਬਣਾਉਂਦੇ ਸਨ। ਇਕ ਖਾਸ ਕਿਸਮ ਦਾ ਸ਼ਾਂਤ ਸੁਭਾਅ ਦਾ ਸਵਰਗ ਬਖਸ਼ਦੀ ਹੈ ਕਸ਼ਮੀਰ ਘਾਟੀ।

ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਵੀ ਕਸ਼ਮੀਰ ਘਾਟੀ ਵਿਚ ਵੈਰੀ ਨਾਗ ਵਿਖੇ ਭਗਤੀ ਕਰਨ ਗਏ ਸਨ। ਭਾਈ ਵੀਰ ਸਿੰਘ ਜੀ ਵੀ ਇਥੋਂ ਦਾ ਆਨੰਦ ਮਾਣਦੇ ਰਹੇ ਹਨ। ਵੈਸੇ ਵੀ ਕਸ਼ਮੀਰ ਦੀ ਘਾਟੀ ਵਿਖੇ ਵਿਦਵਾਨਾਂ ਦੀ ਕੋਈ ਕਮੀ ਨਹੀਂ। ਅਕਾਲੀ ਕੌਰ ਸਿੰਘ ਜੀ ਨਿਹੰਗ ਜਿਨ੍ਹਾਂ ਨੇ 'ਤੁਕ ਤਤਕਰਾ' ਬਣਾਇਆ ਹੈ, ਉਹ ਵੀ ਪਿੰਡ 'ਚਾਕਰ' ਦੇ ਰਹਿਣ ਵਾਲੇ ਸਨ। ਹੁਣ ਇਹ ਪਿੰਡ ਪਾਕਿਸਤਾਨ ਦੇ ਕਬਜੇ ਹੇਠ ਕਸ਼ਮੀਰ ਵਿਚ ਹੈ। ਅਕਾਲੀ ਕੌਰ ਸਿੰਘ ਜੀ ਨੇ ਹੀ 'ਪਹਿਲਗਾਮ' ਵਿਖੇ ਗੁਰਦੁਆਰਾ ਸਾਹਿਬ ਬਣਵਾਇਆ ਸੀ, ਜਿਸ ਦਾ ਨਾਮ ਹੁਣ ਅਕਾਲੀ ਕੌਰ ਸਿੰਘ ਹੈ।

ਜੰਨਤ ਨੂੰ ਸਵਰਗ ਕਿਹਾ ਜਾਂਦਾ ਹੈ। ਇਸੇ ਸਵਰਗ ਨੂੰ ਜੰਨਤ ਨੂੰ ਲਗਭਗ ਸੰਨ 1947 ਤੋਂ ਹੀ ਹੁਕਮਰਾਨ ਨਰਕ ਬਣਾਉਣ ਤੇ ਲੱਗੇ ਹੋਏ ਹਨ। ਕਿਵੇਂ ਨਾ ਕਿਵੇਂ ਕੋਈ ਨਵੀਂ ਜੁਗਤ ਕੱਢ ਕੇ ਸ਼ਾਂਤ ਵਸਦੀ ਕਸ਼ਮੀਰ ਘਾਟੀ ਨੂੰ ਪਾਕਿਸਤਾਨ ਅਤੇ ਭਾਰਤੀ ਹੁਕਮਰਾਨ ਅਸ਼ਾਂਤ ਕਰ ਰਹੇ ਹਨ। ਔਰ ਲਗਾਤਾਰ ਇਨ੍ਹਾਂ ਦੀਆਂ ਕੋਸ਼ਿਸ਼ਾਂ ਹਨ ਕਿ ਇਸ ਨੂੰ ਨਰਕ ਕਿਵੇਂ ਬਣਾਇਆ ਜਾਵੇ। ਇਹ ਵੀ ਗੱਲ ਨਾਲ ਹੈ ਕਿ ਨਰਕ ਨਿਵਾਸੀਆਂ ਨੂੰ ਸਵਰਗ ਕਦੇ ਵੀ ਪਸੰਦ ਨਹੀਂ ਆਉਂਦਾ, ਉਹ ਸਵਰਗ ਨੂੰ ਵੀ ਨਰਕ ਬਣਾ ਕੇ ਹੱਟਦੇ ਹਨ।

ਇਕ ਕਹਾਣੀ ਵੀ ਆਉਂਦੀ ਹੈ ਸੰਖੇਪ ਵਿਚ ਉਸ ਦਾ ਜ਼ਿਕਰ ਕਰ ਲੈਂਦੇ ਹਾਂ, ਇਕ ਵਾਰ ਨਰਕਵਾਸੀਆਂ ਨੇ ਧਰਮਰਾਜ ਨੂੰ ਕਿਹਾ ਕਿ ਸਾਨੂੰ ਸਵਰਗ ਵਿਚ ਭੇਜ ਤੇ ਸਵਰਗ ਵਾਲਿਆਂ ਨੂੰ ਨਰਕ ਵਿਚ। ਜਦੋਂ ਧਰਮਰਾਜ ਦੇ ਵੱਸ ਦੀ ਗੱਲ ਨਾ ਰਹੀ ਤਾਂ ਉਸ ਨੇ ਨਰਕ ਵਾਲਿਆਂ ਨੂੰ ਸਵਰਗ ਭੇਜ ਦਿੱਤਾ, ਬੱਸ ਫੇਰ ਕੀ ਸੀ ਨਰਕ ਵਾਲਿਆਂ ਦੀਆਂ ਅੱਖਾਂ ਚੁੰਧਿਆ ਗਈਆਂ, ਐਨਾ ਵਧੀਆ ਸਵਰਗ, ਬੱਸ ਥੋੜੇ ਸਮੇਂ ਬਾਅਦ ਉਨ੍ਹਾਂ ਨੇ ਸਵਰਗ ਨੂੰ ਵੀ ਨਰਕ ਵਿਚ ਤਬਦੀਲ ਕਰ ਦਿੱਤਾ। ਉਧਰ ਸਵਰਗ ਵਾਲਿਆਂ ਨੇ ਨਰਕ ਨੂੰ ਵੀ ਸਵਰਗ ਬਣਾ ਲਿਆ, ਕਿਉਂਕਿ ਸੋਚ ਅਤੇ ਸੁਭਾਅ ਸਵਰਗ ਵਿਚ ਰਹਿਣ ਦਾ ਹੈ। ਨਰਕ ਵਿਚ ਰਹਿਣਾ ਨਹੀਂ। ਸੋ ਨਰਕ ਵਿਚੋਂ ਗਏ ਬਾਂਦਰਾਂ ਨੇ ਸਵਰਗ ਦਾ ਤੀਲਾ ਤੀਲਾ ਖੰਡਾ ਕੇ ਰੱਖ ਦਿੱਤਾ। ਜਿਵੇਂ ਬਾਂਦਰਾਂ ਨੇ ਬਈਏ ਦਾ ਆਲ੍ਹਣਾ ਖਿਲਾਰਤਾ ਸੀ, ਕਹਿੰਦਾ ਮੇਰਾ ਘਰ ਹੈਨੀ, ਮੈਂ ਤੇਰਾ ਰਹਿਣ ਨਹੀਂ ਦੇਣਾ, ਇਹੀ ਸਭ ਕੁਝ ਕਸ਼ਮੀਰ ਵਿਚ ਹੋ ਰਿਹਾ ਹੈ।

ਕਸ਼ਮੀਰ ਨਾਲ ਡਿਪਲੋਮੈਟਿਕ ਚਾਲਾਂ 1947 ਤੋਂ ਚੱਲ ਰਹੀਆਂ ਹਨ ਜਿਨ੍ਹਾਂ ਤੇ ਰਾਜਨੀਤਕ ਪਾਰਟੀਆਂ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। ਕਸ਼ਮੀਰ ਘਾਟੀ ਬਹੁਤ ਅਮੀਰ ਘਾਟੀ ਹੈ, ਕੁਝ ਕੁ ਥਾਵਾਂ ਨੂੰ ਛੱਡ ਕੇ ਕਸ਼ਮੀਰ ਵਿਚ ਬਹੁਤ ਵਧੀਆ ਫਸਲਾਂ ਹੁੰਦੀਆਂ ਹਨ, ਉਥੋਂ ਦੇ ਲੋਕਾਂ ਦੇ ਹੱਥਾਂ ਵਿਚ ਕਮਾਲ ਦੀ ਕਸੀਦਕਾਰੀ ਹੈ। ਉਥੇ ਬਹੁਤ ਵਧੀਆ ਆਰਟੀਜ਼ਨ ਹਲ ਜੋ ਕਿ ਲੱਕੜ ਤੇ ਵੀ ਬਹੁਤ ਸੁੰਦਰ ਕਲਾ ਕ੍ਰਿਤੀਆਂ ਬਣਾਉਂਦੇ ਹਨ। ਉਥੇ ਰਾਜ ਕਰਦੀਆਂ ਰਾਜਨੀਤਕ ਪਾਰਟੀਆਂ ਭਾਵੇਂ ਕਸ਼ਮੀਰ ਦੀਆਂ ਹੋਣ ਤੇ ਭਾਵੇਂ ਪਾਕਿਸਤਾਨ ਦੀਆਂ ਹਮੇਸ਼ਾ ਹੀ ਉਥੋਂ ਧਨ ਦੌਲਤ ਤੇ ਉਥੋਂ ਦੇ ਜੋਬਨ ਨੂੰ ਲੁੱਟਦੀਆਂ ਰਹੀਆਂ ਹਨ ਤੇ ਬਦਲੇ ਵਿਚ ਧਾਰਾ 370 ਅਧੀਨ ਉਨ੍ਹਾਂ ਨੂੰ ਗੁਰਬਤ ਹੀ ਦਿੰਦੀਆਂ ਰਹੀਆਂ ਹਨ। ਧਾਰਾ 370 ਤਹਿਤ ਉਨ੍ਹਾਂ ਨੂੰ ਕੋਈ ਬਹੁਤੇ ਫਾਇਦੇ ਲਹੀਂ ਸਨ ਮਿਲਦੇ, ਹੋ ਸਕਦਾ ਹੈ ਥੋੜੇ ਬਹੁਤ ਫਾਇਦੇ ਹੋਣ, ਗੈਸ ਸਲੰਡਰ ਸਸਤਾ ਹੋਵੇ, ਪਰ ਇਹ ਧਾਰਾ 370 ਸਮੁੱਚੇ ਹਿੰਦੁਸਤਾਨ ਦੇ ਕੱਟੜ ਪੰਥੀ ਰਾਸ਼ਟਰਵਾਦੀਆਂ ਦੀਆਂ ਅੱਖਾਂ ਵਿਚ ਜ਼ਰੂਰੀ ਰੜਕਦੀ ਰਹਿੰਦੀ ਸੀ। ਭਾਰਤ ਵਿਚ ਲੰਮਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਸਰਕਾਰ ਉਥੇ ਲੋਕਾਂ ਨੂੰ ਮਿੱਠੇ ਜ਼ਹਿਰ ਭਾਵ ਕਿ (Slow Poison) ਨਾਲ ਮਾਰ ਰਹੀ ਸੀ। ਲੋਕਾਂ ਦੀਆਂ ਹੱਕੀ ਮੰਗਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੱਤਾ ਗਿਆ, ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਵੱਲ ਵੀ ਬਹੁਤ ਘੱਟ ਧਿਆਨ ਦਿੱਤਾ ਗਿਆ। ਰੁਜ਼ਗਾਰ ਦੇ ਮੌਕੇ ਉਥੇ ਘੱਟ ਮੁਹੱਈਆ ਕਰਵਾਏ ਗਏ। ਇਨ੍ਹਾਂ ਕਾਰਨਾਂ ਕਰਕੇ ਹੌਲੀ ਹੌਲੀ ਵੱਧ ਰਹੀ ਬੇਰੁਜ਼ਗਾਰੀ ਸਰਕਾਰ ਦੀ ਗਲ਼ੇ ਦੀ ਫਾਸ਼ ਬਣਨ ਲੱਗੀ। ਗਵਾਂਢ ਵਿਚ ਪਾਕਿਸਤਾਨ ਵੀ ਬੈਠਾ ਹੈ 30% ਹਿੱਸਾ ਕਸ਼ਮੀਰ ਦਾ ਉਸ ਦੇ ਕਬਜ਼ੇ ਵਿਚ ਹੈ। 15% ਹਿੱਸਾ ਚੀਨ ਕੋਲ ਹੈ। 55% ਹਿੱਸਾ ਭਾਰਤ ਕੋਲ ਹੈ। ਪਾਕਿਸਤਾਨ ਨੂੰ ਅਸੀਂ ਬਿਲਕੁਲ ਮੁਕਤ ਨਹੀਂ ਕਰ ਸਕਦੇ, ਕਿਉਂਕਿ ਉਹ ਵੀ ਉਥੇ ਪੰਗੇਬਾਜ਼ੀਆਂ ਕਰਦਾ ਰਹਿੰਦਾ ਹੈ। ਉਹ ਇਸ ਲਈ ਕਰ ਰਿਹਾ ਹੈ ਕਿ 1971 ਵਿਚ ਇੰਦਰਾ ਗਾਂਧੀ ਨੇ ਪੂਰਬੀ ਪਾਕਿਸਤਾਨ ਵਿਚ ਉਸ ਦੇ ਕਬਜ਼ੇ ਹੇਠੋਂ ਕੱਢ ਕੇ ਬੰਗਲਾਦੇਸ਼ ਬਣਾ ਦਿੱਤਾ ਸੀ। ਸੋ ਪਾਕਿਸਤਾਨੀ ਫੌਜੀ ਹੁਕਮਰਾਨ ਉਸ ਦਾ ਬਦਲਾ ਲੈਣ ਲਈ ਕੁਝ ਨਾ ਕੁਝ ਕਸ਼ਮੀਰ ਘਾਟੀ ਵਿਚ ਕਰਦੇ ਰਹਿੰਦੇ ਹਨ। ਫਿਰ ਇੰਦਰਾ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਨਾਲ 1972 ਈ. ਵਿਚ ਸ਼ਿਮਲਾ ਸੰਧੀ ਕੀਤੀ। ਜਿਸ ਰਾਹੀਂ ਲਾਇਨ ਆਫ਼ ਕੰਟਰੋਲ ਨੂੰ ਨਿਰਧਾਰਿਤ ਕੀਤਾ ਗਿਆ। ਦੋਵੇਂ ਦੇਸ਼ਾਂ ਦੇ ਕਬਜ਼ੇ ਵਿਚ ਆਏ ਕਸ਼ਮੀਰ ਦਾ ਖੇਤਰ ਕੰਟਰੋਲ ਰੇਖਾ ਰਾਹੀਂ ਨਿਰਧਾਰਿਤ ਕੀਤਾ ਗਿਆ।

ਫੇਰ 1999 ਈ. ਨੂੰ ਭਾਰਤ ਤੇ ਪਾਕਿਸਤਾਨ ਵਿਚ ਕਾਰਗਿਲ ਯੁੱਧ ਸ਼ੁਰੂ ਹੋ ਗਿਆ। ਕਾਰਗਿਲ ਵਿਚ ਪਾਕਿਸਤਾਨ ਫੌਜਾਂ ਤੇ ਸਿਖਲਾਈ ਪ੍ਰਾਪਤ ਅਤਿਵਾਦੀਆਂ ਵਲੋਂ ਕਾਰਗਿਲ ਦੀਆਂ ਪਹਾੜੀਆਂ ਤੇ ਕਬਜ਼ਾ ਕਰ ਲਿਆ ਸੀ। ਉਨ੍ਹਾਂ ਤੋਂ ਪਹਿਲਾਂ ਪਹਾੜੀਆਂ ਨੂੰ ਮੁਕਤ ਕਰਾਉਣ ਲਈ ਇਹ ਯੁੱਧ ਹੋਇਆ। ਜਿਸ ਵਿਚ ਭਾਰਤੀ ਫੌਜ ਨੂੰ ਵੀ ਭਾਰੀ ਜਾਨੀ ਤੇ ਮਾਲੀ ਨੁਕਸਾਨ ਉਠਾਉਣਾ ਪਿਆ।

ਸੰਨ 1947 ਈ. ਵਿਚ ਇਨ੍ਹਾਂ ਪੋਸਟਾਂ ਤੇ ਯੁੱਧ ਹੋਇਆ ਸੀ। ਉਦੋਂ ਭਾਰਤੀ ਫੌਜ ਨੇ ਇਹ ਪੋਸਟਾਂ ਪਾਕਿਸਤਾਨੀ ਫੌਜ ਤੋਂ ਖਾਲੀ ਕਰਵਾ ਲਈਆਂ ਸਨ ਅਤੇ ਭਾਰਤੀ ਫੌਜ ਪਾਕਿਸਤਾਨੀ ਕਬਜ਼ੇ ਹੇਠ ਕਸ਼ਮੀਰ ਨੂੰ ਮੁਕਤ ਕਰਾਉਣ ਲਈ ਅੱਗੇ ਵਧ ਰਹੀਆਂ ਸਨ ਤੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਹੁਕਮ ਦੀ ਉਡੀਕ ਕਰ ਰਹੀਆਂ ਸਨ। ਪਰ ਕਹਿੰਦੇ ਹਨ ਅੱਗੇ ਵਧਣ ਦਾ ਹੁਕਮ ਨਹੀਂ ਆਇਆ। ਭਾਰਤੀ ਫੌਜ ਪਿਛੇ ਮੁੜ ਗਈ ਅਤੇ ਕਾਰਗਿਲ ਤੱਕ ਸੀਮਤ ਰਹਿ ਗਈ। ਇਹ ਵਾਰਤਾ ਮੈਨੂੰ ਉਸ ਸਮੇਂ ਇਸ ਯੁੱਧ ਵਿਚ ਲੜੇ ਇਕ ਲੈਫ਼ਟੀਨੈਂਟ ਕਰਨਲ ਨੇ ਸੁਣਾਈ ਸੀ। ਉਨ੍ਹਾਂ ਦੀ ਇਕ ਲੱਤ ਵਿਚ ਗੋਲੀ ਲੱਗੀ ਸੀ ਅਤੇ ਇਕ ਪੇਟ ਵਿਚ। ਉਸ ਸਮੇਂ ਫੌਜ ਦੀ ਅਗਵਾਈ ਕਰਨਲ ਬਿਕਰਮਜੀਤ ਸਿੰਘ ਜੀ ਕਰ ਰਹੇ ਸਨ। ਭਾਰਤ ਜੋ ਅੱਜ ਪਾਕਿਸਤਾਨੀ ਘੁਸਪੈਠ ਦਾ ਸਾਹਮਣਾ ਅਰਬਾਂ ਖਰਬਾਂ ਰੁਪਏ ਖਰਚ ਕਰ ਕੇ ਕਰ ਰਿਹਾ ਹੈ। ਉਸ ਵਕਤ ਇਨ੍ਹਾਂ ਸਮੱਸਿਆਵਾਂ ਦਾ ਫਾਹਾ ਵਢਿਆ ਜਾਣਾ ਸੀ, ਪਰ ਇਹ ਸਮੱਸਿਆ ਭਾਰਤੀ ਹੁਕਮਰਾਨਾਂ ਦੀ ਨਲਾਇਕੀ ਕਰਕੇ ਉਨ੍ਹਾਂ ਨੇ ਆਪ ਸਹੇੜੀ ਹੈ। ਹੁਣ ਇਸੇ ਸਮੱਸਿਆ ਨੂੰ ਲੈ ਕੇ ਰਾਜਨੀਤਕ ਲੋਕ ਸਮੁੱਚੇ ਭਾਰਤ ਵਿਚੋਂ ਵੋਟਾਂ ਵਟੋਰਦੇ ਹਨ।

ਭਾਰਤ ਤੇ ਪਾਕਿਸਤਾਨ ਵਿਚਾਲੇ ਅਜ਼ਾਦੀ ਤੋਂ ਬਾਅਦ ਚਾਰ ਜੰਗਾਂ ਹੋ ਚੁੱਕੀਆਂ ਹਨ। ਪਹਿਲੀ 1947 ਵਿਚ, ਦੂਸਰੀ 1965 ਵਿਚ, ਤੀਸਰੀ 1971 ਵਿਚ ਅਤੇ ਚੌਥੀ ਕਾਰਗਿਲ ਵਾਲੀ 1999 ਈ. ਨੂੰ ਹੋਈ। ਇਨ੍ਹਾਂ ਚਾਰੇ ਜੰਗਾਂ ਤੋਂ ਇਲਾਵਾ ਹੁਣ ਤਾਂ ਰੋਜ਼ਾਨਾ ਦੀ ਸਰਹੱਦ ਤੇ ਦੋਵੇਂ ਪਾਸਿਆਂ ਤੋਂ ਗੋਲੀਆਂ, ਮਾਰਟਰ ਤੇ ਹੋਰ ਮਾਰੂ ਹਥਿਆਰ ਚਲਦੇ ਰਹਿੰਦੇ ਹਨ। ਜਿਸ ਵਿਚ ਦੋਨੋਂ ਪਾਸਿਆਂ ਤੋਂ ਨੌਜਵਾਨ ਮਾਰੇ ਜਾ ਰਹੇ ਹਨ। ਪਰ ਹੁਕਮਰਾਨ ਇਸਲਾਮਾਬਾਦ ਤੇ ਦਿੱਲੀ ਬੈਠੇ ਇਹ ਮੌਤ ਦਾ ਤਾਂਡਵ ਦੇਖਦੇ ਰਹਿੰਦੇ ਹਨ। ਭਾਰਤੀ ਹੁਕਮਰਾਨ ਤਾਂ ਇਹ ਇਕ ਵੱਡੀ ਘਟਨਾ ਤੋਂ ਬਾਅਦ ਇਹ ਬਿਆਨ ਦਿੰਦੇ ਹਨ ਕਿ ਹੁਣ ਹੋਰ ਸਹਿਣ ਨਹੀਂ ਕੀਤਾ ਜਾਵੇਗਾ, ਪਾਕਿਸਤਾਨ ਨੂੰ ਮੂੰਹ ਤੋੜ ਜੁਆਬ ਦਿੱਤਾ ਜਾਵੇਗਾ। ਹੁੰਦਾ ਹਵਾਉਂਦਾ ਕੁਝ ਨਹੀਂ। ਫੇਰ ਉਹੀ ਹਾਲ ਹੋ ਜਾਂਦਾ ਹੈ।

ਮੌਜੂਦਾ ਕਸ਼ਮੀਰ ਦਾ ਮਸਲਾ 1988 ਈ. ਵਿਚ ਉਭਰ ਕੇ ਸਾਹਮਣੇ ਆਇਆ। ਜਦੋਂ ਕਸ਼ਮੀਰ ਘਾਟੀ ਵਿਚ ਹਥਿਆਰਬੰਦ ਕਸ਼ਮੀਰੀਆਂ ਨੇ ਕੁਝ ਕੁ ਘਟਨਾਵਾਂ ਨੂੰ ਅੰਜ਼ਾਮ ਦਿੱਤਾ, ਜਿਸ ਵਿਚ ਕੁਝ ਕੁ ਵਿਦੇਸ਼ੀ ਨਾਗਰਿਕ ਵੀ ਮਾਰੇ ਗਏ ਸਨ, ਬੱਸ ਉਦੋਂ ਤੋਂ ਹੁਣ ਤੱਕ ਕਸ਼ਮੀਰ ਨੂੰ ਬਹੁਤ ਬੁਰੀ ਨਜ਼ਰ ਲੱਗੀ ਹੋਈ ਹੈ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕਸ਼ਮੀਰੀ ਨੌਜਵਾਨਾਂ ਨੇ ਆਪਣੇ ਹੱਥਾਂ ਵਿਚ ਹਥਿਆਰ ਕਿਉਂ ਲਏ। ਕਹਿੰਦੇ ਹਨ 'ਹੱਥਾਂ ਬਾਝ ਕਰਾਰਿਆ ਵੈਰੀ ਮਿਤ ਨਾ ਹੋਇ'। ਜਦੋਂ ਨੌਜਵਾਨਾਂ ਨੂੰ ਰੁਜ਼ਗਾਰ ਹੀ ਨੀ ਮਿਲਣਾ, ਪੜ੍ਹਾਈ ਲਿਖਾਈ ਕਰਕੇ ਧੱਕੇ ਹੀ ਖਾਣੇ ਹਨ ਤਾਂ ਉਸ ਨਾਲੋਂ ਬੇਹਤਰ ਤਾਂ ਇਹੀ ਹੈ ਕਿ ਹੱਥਾਂ ਵਿਚ ਹਥਿਆਰ ਲੈ ਕੇ ਆਪਣੇ ਸੰਘਰਸ਼ ਵੱਲ ਵਧੋ। ਕਿੰਨੀ ਦੇਰ ਤੱਕ ਸਰਕਾਰਾਂ ਸਥਾਨਕ ਲੋਕਾਂ ਦਾ ਸੋਸ਼ਣ ਕਰਦੀਆਂ ਰਹਿਣਗੀਆਂ। ਇਨ੍ਹਾਂ ਦੋ ਚਾਰ ਘਟਨਾਵਾਂ ਨਾਲ ਪੂਰੀ ਵਾਦੀ ਵਿਚ ਅੱਗ ਲੱਗ ਗਈ। ਇਸ ਤੋਂ ਪਹਿਲਾਂ 1966 ਈ. ਵਾਦੀ ਵਿਚ ਅੱਗਾਂ ਲੱਗੀਆਂ ਸਨ, ਜਦੋਂ ਉਥੋਂ ਦੀ ਇਕ ਮਸ਼ਹੂਰ ਮਸਜਿਦ ਵਿਚੋਂ ਹਜ਼ਰਤ ਮੁਹੰਮਦ ਸਾਹਿਬ ਦੇ ਮੂਏ ਮੁਬਾਰਕ ਚੋਰੀ ਹੋ ਗਏ ਸਨ। ਕਹਿੰਦੇ ਹਨ ਦੋ ਵਾਲ ਮੁਹੰਮਦ ਸਾਹਿਬ ਦੇ ਕੇਸਾਂ ਦੇ ਇਸ ਮਸਜਿਕ ਵਿਚ ਪਏ ਹਨ, ਕਿਸੇ ਸ਼ਰਾਰਤੀ ਨੇ ਇਨ੍ਹਾਂ ਨੂੰ ਚੋਰੀ ਕਰ ਲਿਆ ਸੀ। ਚੌਵੀ ਘੰਟਿਆਂ ਦੇ ਅੰਦਰ ਉਨ੍ਹਾਂ ਨੂੰ ਵਾਪਸ ਲਿਆਂਦਾ ਗਿਆ, ਫੇਰ ਕਿਤੇ ਜਾ ਕੇ ਘਾਟੀ ਸ਼ਾਂਤ ਹੋਈ ਸੀ। ਪ੍ਰੰਤੂ ਹੁਣ ਤਾਂ 1989 ਈ. ਤੋਂ ਸੁਲਗ ਰਹੀ ਘਾਟੀ ਵਿਚ ਅੱਗ ਦਿਨ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ।

ਇੱਥੇ ਹੀ ਯੂਨਾਇਟਡ ਨੇਸ਼ਨ ਦਾ ਦਫ਼ਤਰ ਵੀ ਹੈ। 1947 ਹੀ. ਵਿਚ ਜਦੋਂ ਪਾਕਿਸਤਾਨ ਨਾਲ ਜੰਗ ਲੱਗੀ ਸੀ ਤਾਂ ਯੂ.ਐਨ.ਓ. ਨੇ ਵਿਚੋਲਗੀ ਕਰਕੇ ਇਹ ਜੰਗ ਬੰਦ ਕਰਵਾਈ ਸੀ। ਉਦੋਂ ਤੋਂ ਹੀ ਸ੍ਰੀਨਗਰ ਵਿਚ ਯੂ.ਐਨ.ਓ. ਦਾ ਦਫ਼ਤਰ ਹੈ ਪਰ ਇਹ ਵੀ ਗੋਂਗੂਲੂਆਂ ਤੋਂ ਮਿੱਟੀ ਝਾੜਨ ਵਾਲਾ ਕੰਮ ਕਰਦਾ ਰਿਹਾ ਹੈ। ਕਸ਼ਮੀਰ ਵਿਚ ਕਿੰਨੇ ਰੇਪ ਹੋਏ, ਕਿੰਨੀਆਂ ਕੁੜੀਆਂ ਫੌਜੀਆਂ ਦੁਆਰਾ ਰੇਪ ਕਰਕੇ ਗਰਭਵਤੀ ਕਰ ਦਿੱਤੀਆਂ ਗਈਆਂ, ਉਹ ਕਿੱਧਰ ਜਾਣ, ਉਨ੍ਹਾਂ ਦਾ ਜੀਵਨ ਬਰਬਾਦ ਕਰ ਦਿੱਤਾ ਗਿਆ ਜੇਕਰ ਉਹ ਬੱਚਿਆਂ ਨੂੰ ਜਨਮ ਦਿੰਦੀਆਂ ਹਨ ਤਾਂ ਉਨ੍ਹਾਂ ਬੱਚਿਆਂ ਨੂੰ ਕੌਣ ਅਪਣਾਊਗਾ। ਉਹ ਵਿਚਾਰੀਆਂ ਵਿਲਕਦੀਆਂ ਹਨ। ਕੋਈ ਉਨ੍ਹਾਂ ਦੀ ਪੁਕਾਰ ਨਹੀਂ ਸੁਣਦਾ। ਇਹ ਗੱਲਾਂ ਮੈਂ ਅਖਬਾਰਾਂ ਵਿਚ ਪੜ੍ਹੀਆਂ ਹਨ। ਕਿੰਨੇ ਨੌਜਵਾਨ ਪੁਲਿਸ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਕਈਆਂ ਨੂੰ ਪੈਲੇਟ ਗੰਨਾਂ ਨਾਲ ਅੰਨ੍ਹੇ ਕਰ ਦਿੱਤਾ ਗਿਆ ਹੈ। ਅਸਹਿ ਤੇ ਅਕਹਿ ਤਸੀਹੇ ਕਸ਼ਮੀਰੀਆਂ ਨੂੰ ਦਿੱਤੇ ਜ ਰਹੇ ਹਨ। ਹੁਣ ਦੀਆਂ ਤਾਜ਼ਾ ਖ਼ਬਰਾਂ ਹਨ ਜਦੋਂ ਤੋਂ ਕਸ਼ਮੀਰ ਬੰਦ ਕੀਤਾ ਹੈ, 1300 ਤੋਂ ਵੱਧ ਨੌਜਵਾਨ ਲੜਕੇ ਗ੍ਰਿਫ਼ਤਾਰ ਕੀਤੇ ਗਏ ਹਨ, ਜਿਨ੍ਹਾਂ ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ ਹੈ, ਕਿੰਨਿਆਂ ਨੂੰ ਹੀ ਦੇਸ਼ ਦੀਆਂ ਵੱਖ ਵੱਖ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ ਬਿਨਾ ਕਿਸੇ ਦੋਸ਼ ਤੋਂ। ਹੋਰ ਤਾਂ ਹੋਰ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਤੇ ਵੀ ਸਪੈਸ਼ਲ ਐਕਟ ਲਾ ਕੇ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਹੈ। ਸਾਰੀ ਲੀਡਰਸ਼ਿਪ ਵੀ ਜਿਹੜੀ ਭਾਰਤੀ ਏਜੰਸੀਆਂ ਦਾ ਸਹਿਯੋਗ ਕਰਦੀ ਸੀ, ਉਹ ਵੀ ਹੋਟਲਾਂ ਵਿਚ ਨਜ਼ਰਬੰਦ ਕੀਤੀ ਪਈ ਹੈ। ਕੋਈ ਸੁਣਵਾਈ ਨਹੀਂ, ਉਨ੍ਹਾਂ ਦੇ ਬੱਚੇ ਸੁਪਰੀਮ ਕੋਰਟ ਤੋਂ ਇਜਾਜ਼ਤ ਲੈ ਕੇ ਆਪਣੇ ਮਾਂ ਬਾਪ ਨੂੰ ਮਿਲ ਰਹੇ ਹਨ। ਐਨਾ ਕੁਝ ਹੋਣ ਦੇ ਬਾਵਜੂਦ ਵੀ ਯੂ.ਐਨ.ਓ. ਮੂੰਹ ਵਿਚ ਘੁੰਗਣੀਆਂ ਪਾਈ ਬੈਠਾ ਹੈ।

ਸਿਆਣੇ ਕਹਿੰਦੇ ਹਨ ਜਿਥੋਂ ਦੀ ਫੌਜ ਲੰਘਦੀ ਹੈ, ਉਥੇ ਮਾਰਗ ਬਣਦੇ ਹਨ ਪਰ ਜਿੱਥੇ ਫੌਜ ਰੁਕਦੀ ਹੈ ਉਥੇ ਕਬਰਸਤਾਨ ਬਣਦੇ ਹਨ, ਬੱਸ ਇਹੀ ਹਾਲ ਹੈ ਕਸ਼ਮੀਰ ਨੂੰ ਕਬਰਤਸਾਨ ਵਿਚ ਬਦਲਿਆ ਜਾ ਰਿਹਾ ਹੈ। 30 ਸਾਲ ਦਾ ਸਮਾਂ ਹੋ ਗਿਆ ਹੈ, ਕਸ਼ਮੀਰੀਆਂ ਨੂੰ ਆਪਣੇ ਤਨ ਤੇ ਤਸੀਹੇ ਝੱਲਦਿਆਂ ਨੂੰ। ਜਿਹੜੇ ਲੋਕ ਤਸੀਹੇ ਸਹਿਣ ਕਰ ਲੈਂਦੇ ਹਨ, ਜ਼ਬਰ ਤੇ ਸਬਰ ਨਾਲ ਇਕ ਦਿਨ ਉਨ੍ਹਾਂ ਦਾ ਰਾਜ ਭਾਗ ਵੀ ਕਾਇਮ ਹੋ ਜਾਂਦਾ ਹੈ। ਇਹ ਲੰਮੇ ਸੰਘਰਸ਼ ਹੁੰਦੇ ਹਨ। ਪਤਾ ਨਹੀਂ ਅਜੇ ਕਿੰਨੇ ਕੁ ਲੋਕਾਂ ਨੂੰ ਹੋਰ ਕੁਰਬਾਨੀਆਂ ਦੇਣੀਆਂ ਪੈਣ। ਔਰੰਗਜੇਬ ਅਤੇ ਹਿਟਲਰ ਸਦਾ ਬਣੇ ਨਹੀਂ ਰਹਿੰਦੇ। ਹਰ ਰਾਤ ਤੋਂ ਬਾਅਦ ਸਵੇਰ ਜ਼ਰੂਰ ਹੁੰਦੀ ਹੇ।

ਹੁਣ ਦੇ ਮੌਜੂਦਾ ਜੋ ਹਾਲਾਤ ਹਨ ਉਹ ਕਸ਼ਮੀਰ ਘਾਟੀ ਪੂਰੀ ਤਰ੍ਹਾਂ ਬੰਦ ਹੈ। ਲੋਕਾਂ ਦਾ ਬਿਜਨਸ ਬਿਲਕੁਲ ਬੰਦ ਹੈ। ਸਕੂਲ ਕਾਲਜ ਬੰਦ ਹਨ। ਮਾਪੇ ਬੱਚਿਆਂ ਨੂੰ ਸਕੂਲ ਨਹੀਂ ਭੇਜ ਰਹੇ ਕੀ ਪਤਾ ਕੀ ਘਟਨਾ ਵਾਪਰ ਜਾਵੇ, ਕੋਈ ਜਿੰਮੇਵਾਰੀ ਨਹੀਂ ਲੈ ਰਿਹਾ। ਮਾਪੇ ਤੇ ਬੱਚੇ ਸਹਿਮ ਵਿਚ ਹਨ। ਹਰ ਇਕ ਕਸ਼ਮੀਰੀ ਸਹਿਮ ਵਿਚ ਹੈ। ਉਨ੍ਹਾਂ ਦੇ ਚੇਹਰੇ ਤੇ ਗੰਭੀਰਤਾ ਹੈ। ਲਗਦਾ ਹੈ ਉਨ੍ਹਾਂ ਦੇ ਅੰਦਰ ਬਹੁਤ ਵੱਡਾ ਲਾਵਾ ਇਕੱਠਾ ਹੋ ਰਿਹਾ ਹੈ। ਹੁਣ ਉਹ ਬਿਲਕੁਲ ਸ਼ਾਂਤ ਹਨ ਲਗਭਗ ਦੋ ਮਹੀਨੇ ਹੋਣ ਲੱਗੇ ਹਨ। ਉਥੇ ਕੋਈ ਵੀ ਗੜਬੜ ਨਹੀਂ ਹੋ ਰਹੀ, ਜਦੋਂ ਉਹ ਸ਼ਾਂਤ ਨੇ ਫਿਰ ਉਨ੍ਹਾਂ ਤੇ ਫੌਜਾਂ ਦੇ ਲਸ਼ਕਰ ਚਾੜ੍ਹ ਕੇ ਕਿਉਂ ਅਤਿਆਚਾਰ ਕੀਤੇ ਜਾ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਡਰਾਇਆ ਜਾ ਰਿਹਾ ਹੈ, ਧਮਕਾਇਆ ਜਾ ਰਿਹਾ ਹੈ, ਕੀ ਕਸੂਰ ਹੈ ਉਨ੍ਹਾਂ ਦਾ। ਭਾਰਤ ਦੀ ਲੜਾਈ ਪਾਕਿਸਤਾਨ ਨਾਲ ਹੋ ਸਕਦੀ ਹੈ ਪਰ ਕਸ਼ਮੀਰੀਆਂ ਦਾ ਕੀ ਕਸੂਰ। ਜਿਵੇਂ ਕਹਿੰਦੇ ਹਨ ਦੋ ਝੋਟਿਆਂ ਦੀ ਲੜਾਈ ਵਿਚ ਝੂੰਡਾਂ ਦਾ ਨਾਸ਼। ਉਹੀ ਨਾਸ਼ ਹੋ ਰਿਹਾ ਹੈ ਇਨ੍ਹਾਂ ਦੋ ਦੈਂਤਾਂ (ਭਾਰਤ ਤੇ ਪਾਕਿਸਤਾਨ) ਦੇ ਭੇੜ ਵਿਚ ਕਸ਼ਮੀਰੀ ਵਿਚਾਰੇ ਦਰੜੇ ਜਾ ਰਹੇ ਹਨ। ਇਕ ਵੱਡਾ ਦੈਂਤ ਲੂਚਾ ਸਾਣ ਅਮਰੀਕਾ ਸਭ ਤੋਂ ਵੱਡਾ ਅਤਿਵਾਦੀ ਇਹ ਇਹ ਸਾਰਾ ਤਮਾਸ਼ਾ ਦੇਖ ਕੇ ਖੁਸ਼ ਹੋ ਰਿਹਾ ਹੈ, ਕਿਉਂਕਿ ਉਨ੍ਹਾਂ ਨੇ ਤਾਂ ਆਪਣੇ ਹਥਿਆਰ ਵੇਚਣੇ ਹਨ।

ਜਦੋਂ ਲੋਕ ਸ਼ਾਂਤ ਹਨ, ਪੂਰੀ ਘਾਟੀ ਸ਼ਾਂਤ ਹੈ ਹੁਣ ਯੂ.ਐਨ.ਓ. ਨੂੰ ਕੀ ਸੱਪ ਸੁੰਘ ਗਿਆ, ਹੁਣ ਕਿਉਂ ਨਹੀਂ ਬੋਲਦਾ ਮਿੱਟੀ ਦਾ ਬਾਵਾ। ਨਾ ਹੀ ਕੋਈ ਅੰਤਰਰਾਸ਼ਟਰੀ ਹਿਊਮਨ ਰਾਈਸ ਦਾ ਕੋਈ ਕਾਰਕੁੰਨ ਬੋਲ ਰਿਹਾ ਹੈ। ਅਪਸ਼ਟ ਖ਼ਬਰਾਂ ਬਹੁਤ ਕੁਝ ਦੱਸ ਰਹੀਆਂ ਹਨ। ਪਰ ਭਾਰਤੀ ਮੀਡੀਆ ਵੀ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠਾ ਹੈ। ਭਗਤ ਲੋਕ ਆਪਣੇ ਹੀ ਸਮੀਕਰਨ ਬਣਾ ਰਹੇ ਹਨ। ਉਨ੍ਹਾਂ ਦੀ ਨਜ਼ਰ ਵਿਚ ਹਰ ਇਕ ਮੁਸਲਮਾਨ ਹੀ ਖਤਰਨਾਕ ਹੈ। ਉਨ੍ਹਾਂ ਨੂੰ ਭਗਤ ਲੋਕ ਦੇਖਣਾ ਨਹੀਂ ਚਾਹੁੰਦੇ।

ਕਸ਼ਮੀਰੀਆਂ ਦਾ ਸਬਰ ਦੇਖੋ ਕਹਿੰਦੇ, ਧਾਰਾ 370 ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ, ਪਹਿਲਾਂ ਇਸ ਨਾਲ ਸਾਨੂੰ ਕੋਈ ਬਹੁਤੇ ਫਾਇਦੇ ਨਹੀਂ ਸਨ ਮਿਲ ਰਹੇ। ਧਾਰਾ 370 ਨਾਲ ਹੀ ਕਸ਼ਮੀਰੀਆਂ ਨੂੰ ਫਾਇਦਾ ਮਿਲਦਾ ਹੁੰਦਾ ਤਾਂ ਉਹ ਕਦੇ ਵੀ ਆਪਣੇ ਹੱਥਾਂ ਵਿਚ ਹਥਿਆਰ ਨਾ ਚੁੱਕਦੇ। ਇਸ ਲਈ ਧਾਰਾ 370 ਦੇ ਹਟਣ ਦਾ ਉਨ੍ਹਾਂ ਨੂੰ ਕੋਈ ਮਲਾਲ ਨਹੀਂ, ਬਸ ਮਲਾਲ ਹੈ ਤਾਂ ਇਹ ਹੈ ਕਿ ਸਾਡੇ ਤੇ ਇਹ ਅਤਿਆਚਾਰ ਬਿਨਾਂ ਦੱਸੇ ਕਿਉਂ ਢਾਹਿਆ ਗਿਆ, ਕਿਉਂਕਿ ਸਾਨੂੰ ਖੁੱਲ੍ਹੀ ਕੈਦ ਵਿਚ ਕੈਦੀ ਬਣਾਇਆ ਹੋਇਆ ਹੈ, ਕਿਉਂਕਿ ਸਾਡੇ ਆਜ਼ਾਦੀ ਦੇ ਹੱਕ ਖੋਹੇ ਗਏ ਹਨ। ਪਹਿਲੇ ਪੰਦਰਾਂ ਦਿਨ ਤਾਂ ਉਥੋਂ ਬਿਲਕੁਲ ਲੋਕਾਂ ਨੂੰ ਘਰਾਂ ਵਿਚ ਹੀ ਬੰਦ ਰੱਖਿਆ, ਘਰਾਂ ਤੋਂ ਬਾਹਰ ਕਦਮ ਵੀ ਨਹੀਂ ਰੱਖਣ ਦਿੱਤਾ ਗਿਆ। ਪੂਰਾ ਮੋਬਾਇਲ ਨੈਟਵਰਕ ਤੇ ਇੰਟਰਨੈਟ ਬਿਲਕੁਲ ਬੰਦ ਕੀਤਾ ਹੋਇਆ ਹੈ। ਲੋਕਾਂ ਦੇ ਕਾਰੋਬਾਰ ਪੂਰੀ ਤਰ੍ਹਾਂ ਠੱਪ ਹਨ। ਕਿਥੋਂ ਰੋਟੀ ਖਾਣਗੇ, ਲੋਕ ਜਦੋਂ ਕੰਮਕਾਰ ਹੀ ਨਹੀਂ ਹੋਵੇਗਾ। ਇਹ ਧਾਰਾ 370 ਹਟਾ ਕੇ ਭਾਰਤੀ ਹਾਕਮਾਂ ਨੇ ਤੋਹਫ਼ਾ ਦਿੱਤਾ ਹੈ ਕਸ਼ਮੀਰੀਆਂ ਨੂੰ। ਛੋਟੀਆਂ ਛੋਟੀਆਂ ਫੈਕਟਰੀਆਂ ਪੂਰੀ ਤਰ੍ਹਾਂ ਬੰਦ ਹਨ, ਉਨ੍ਹਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਵੀ ਨੌਕਰੀਆਂ ਤੋਂ ਵਾਂਝੇ ਕਰ ਦਿੱਤੇ ਗਏ ਹਨ। ਕਿਥੋਂ ਉਹ ਆਪਣੇ ਘਰ ਦਾ ਗੁਜ਼ਾਰਾ ਕਰਨਗੇ। ਇਹ ਸੀਜ਼ਨ ਉਨ੍ਹਾਂ ਦੇ ਵਿਆਹ ਸ਼ਾਦੀਆਂ ਦਾ ਹੁੰਦਾ ਹੈ, ਜਿਸ ਨਾਲ ਕੱਪੜੇ ਦਾ ਕਾਰੋਬਾਰ ਚਲਦਾ ਹੈ। ਹੋਰ ਵੀ ਕਿੰਨੇ ਕਾਰੋਬਾਰ ਵਿਚ ਵਾਧਾ ਹੁੰਦਾ ਹੈ। ਸਭ ਕੁਝ ਠੱਪ ਹੋ ਗਿਆ, ਵਿਆਹ ਸ਼ਾਦੀਆਂ ਵੀ ਪੋਸਟਪੋਨ ਹੋ ਗਈਆਂ ਹਨ। ਲੋਕ ਵਿਚਾਰੇ ਕੁਝ ਵੀ ਬੋਲਦੇ ਨਹੀਂ ਪਰ ਉਨ੍ਹਾਂ ਦੇ ਚੇਹਰਿਆਂ ਤੋਂ ਸਾਰੀ ਇਵਾਰਤ ਪੜ੍ਹੀ ਜਾ ਸਕਦੀ ਹੈ।

ਚਾਰ ਅਗਸਤ ਦੀ ਰਾਤ ਨੂੰ ਟੂਰਿਸਟਾਂ ਨੂੰ ਹੋਟਲਾਂ ਤੇ ਡੱਲ ਝੀਲ ਵਿਚ ਖੜ੍ਹੀਆਂ ਹਾਊਸ ਵੋਟਾਂ ਵਿਚੋਂ ਜ਼ਬਰਦਸਤੀ ਬਾਹਰ ਕੱਢਿਆ ਗਿਆ। ਰਾਤ ਦੇ ਬਾਰਾਂ ਵਜੇ ਤੋਂ ਇਹ ਕਾਰਵਾਈ ਹੋਈ। ਲੋਕਾਂ ਨੂੰ ਝੂਠ ਬੋਲਿਆ ਗਿਆ ਕਿ ਹੋਟਲਾਂ

**ਬਾਕੀ ਸਫ਼ਾ 36 'ਤੇ**

# ਬ੍ਰਿਟਿਸ਼ ਸਿੱਖ ਕੌਂਸਲ ਨੇ ਖੁੱਲ੍ਹੇ ਲਾਂਘੇ ਸਾਹਮਣੇ ਗੁਰੂ ਨਾਨਕ ਗੋਸ਼ਟਿ ਕਰਵਾਈ

## ਗਰੀਬ ਸਿੱਖਾਂ ਨੂੰ ਅਪਣਾ ਕੇ ਗੁਰੂ ਨਾਨਕ ਪੰਥ ਦਾ ਵਿਸਥਾਰ ਕਰੋ : ਜਥੇਦਾਰ ਵੇਦਾਂਤੀ

**ਡੇਰਾ ਬਾਬਾ ਨਾਨਕ/ਏ.ਟੀ. ਨਿਊਜ਼ :**

ਗੁਰੂ ਨਾਨਕ ਖੁੱਲ੍ਹਾ ਲਾਂਘਾ ਕਰਤਾਰਪੁਰ ਦੇ ਸਾਹਮਣੇ ਡੇਰਾ ਬਾਬਾ ਨਾਨਕ ਵਿਖੇ ਬ੍ਰਿਟਿਸ਼ ਸਿੱਖ ਕੌਂਸਲ ਨੇ ਸੰਗਤਾਂ ਦੇ ਠਹਿਰਨ ਲਈ ਵੱਡਾ ਕੈਂਪ ਸਥਾਪਤ ਕਰਕੇ ਸਿੱਖ ਬੁੱਧੀਜੀਵੀਆਂ ਦਾ ਵਿਸ਼ਾਲ ਗੁਰੂ ਨਾਨਕ ਗੋਸ਼ਟਿ ਕਰਵਾਈ। ਇਸ ਦੀ ਅਗਵਾਈ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਕੀਤੀ। ਜਥੇਦਾਰ ਵੇਦਾਂਤੀ ਨੇ ਕਿਹਾ ਕਿ ਭਾਈ ਤਰਸੇਮ ਸਿੰਘ ਦਿਓਲ ਮਹਾਂਰਾਸ਼ਟਰ, ਮੱਧ ਪ੍ਰਦੇਸ਼, ਬਿਹਾਰ ਵਿਚ ਗਰੀਬ ਸਿੱਖਾਂ ਸਿਕਲੀਗਰਾਂ, ਵਣਜਾਰਿਆਂ, ਰਵੀਦਾਸੀਆਂ ਤੇ ਕਬੀਰਪੰਥੀਆਂ ਲਈ ਵੱਡੀ ਸੇਵਾ ਨਿਭਾਅ ਰਹੇ ਹਨ। ਦੇਸ ਵਿਦੇਸ਼ ਦੀਆਂ ਸੰਗਤਾਂ ਨੂੰ ਉਨ੍ਹਾਂ ਦਾ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜੋ ਗੁਰੂ ਨਾਨਕ ਪੰਥ ਦਾ ਵਿਸਥਾਰ ਕੀਤਾ ਜਾਵੇ ਤੇ ਇਸ ਦਾ ਵੱਡਾ ਘੇਰਾ ਬਣਾਇਆ ਜਾ ਸਕੇ। ਗੋਸ਼ਟਿ ਦੌਰਾਨ ਸੰਬੋਧਨ ਕਰਦਿਆਂ ਜਥੇਦਾਰ ਵੇਦਾਂਤੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮੌਜੂਦਾ ਸਾਮਾਜਿਕ ਸਰੋਕਾਰਾਂ ਨੂੰ ਸਮਝਣ, ਵਿਚਾਰਨ ਤੇ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ’ਤੇ ਚਲ ਕੇ ਜੀਵਨ ਨੂੰ ਸਾਰਥਿਕ ਬਣਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਗੁਰੂ ਨਾਨਕ ਬਾਣੀ ਤੇ ਦਾਰਸ਼ਨਿਕਤਾ ਨੂੰ ਪੜ੍ਹਾਈ ਦਾ ਹਿੱਸਾ ਬਣਾਉਣ ਦੀ ਲੋੜ ’ਤੇ ਜ਼ੋਰ ਦਿੱਤਾ।



ਪੰਜਾਬ ਯੂਨੀਵਰਸਟੀ ਦੇ ਸਿੱਖ ਇਤਿਹਾਸ ਵਿਭਾਗ ਦੇ ਹੈੱਡ ਰਹੇ, ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਕਿਹਾ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਉੱਪਰ ਚੱਲੇ ਬਿਨਾਂ ਅਸੀਂ ਆਪਣੀ ਗੁਲਾਮੀ ਤੋਂ ਅਜ਼ਾਦ ਨਹੀਂ ਹੋ ਸਕਦੇ। ਉਨ੍ਹਾਂ ਕਿਹਾ ਕਿ ਸਿੱਖ ਮੰਗਤੇ ਨਹੀਂ ਕਿ ਉਹ ਕੇਂਦਰ ਸਰਕਾਰ ਕੋਲ ਚੰਡੀਗੜ੍ਹ ਤੇ ਹੋਰ ਮੰਗਾਂ ਦੀ ਭੀਖ ਮੰਗਣ। ਪੰਜਾਬ ਤੇ ਸਿੱਖਾਂ ਨਾਲ ਇਨਸਾਫ਼ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਰੇਕ ਚੈਲਿੰਜ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਖੁੱਲ੍ਹਾ ਲਾਂਘਾ ਗੁਰੂ ਨਾਨਕ ਤੇ ਪੰਥ ਦੀ ਮੌਜ ਵਿਚ ਖੁੱਲ੍ਹਿਆ ਹੈ।

ਡਾ. ਢਿੱਲੋਂ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਵਾਂਗ ਪੰਜਾਬ ਦੀ ਕਾਂਗਰਸ ਸਰਕਾਰ ਵੀ ਬੇਇਨਸਾਫ਼ੀ ਕਰਨ ’ਤੇ ਉਤਰ ਆਈ ਹੈ ਅਤੇ ਲਗਦਾ ਹੈ ਕਿ ਮੁੱਖ ਮੰਤਰੀ ਨੇ ਅਪਣੀ ਕਿਸੇ ਕਮਜ਼ੋਰੀ ਨੂੰ ਛੁਪਾਉਣ ਅਤੇ ਘਪਲੇ ਨੂੰ ਉਜਾਗਰ ਨਾ ਹੋਣ ਦੇਣ ਖ਼ਾਤਰ ਮੋਦੀ ਸਰਕਾਰ ਨਾਲ ਅੰਦਰ ਖਾਤੇ ਸਮਝੌਤਾ ਕੀਤਾ ਹੈ। ਇਸੇ ਲਈ ਉਹ ਸਿੱਖ ਮੁੱਦਿਆਂ ਤੇ ਕਰਤਾਰਪੁਰ ਖੁੱਲ੍ਹੇ ਲਾਂਘੇ ਦਾ ਵਿਰੋਧ ਕਰ ਰਹੀ ਹੈ।

ਪ੍ਰਸਿੱਧ ਵਕੀਲ ਅਮਰ ਸਿੰਘ ਚਾਹਲ ਨੇ ਕਿਹਾ ਕਿ ਪੰਜਾਬ ਦਾ ਕਸ਼ਮੀਰ ਨਾਲ ਸਦੀਆਂ ਤੋਂ ਮੇਲ ਮਿਲਾਪ ਹੈ ਅਤੇ ਸਿੱਖਾਂ ਨੂੰ ਦੁੱਖ ਹੈ ਕਿ ਕਸ਼ਮੀਰ ਘਾਟੀ ਦੀ 60 ਲੱਖ ਆਬਾਦੀ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਡੱਕਿਆ ਹੋਇਆ ਹੈ, ਜੇਲ ਵਰਗੀ ਹਾਲਤ ਹੈ ਜਿਸ ਨਾਲ ਲੋਕਤੰਤਰ ਦਾ ਘਾਣ ਹੋ ਰਿਹਾ ਹੈ।

ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਸਪਸ਼ਟ ਕਿਹਾ ਕਿ ਜੇ ਕੇਂਦਰ ਸਰਕਾਰ ਇਹ ਸਮਝਦੀ ਹੈ ਕਿ ਧਾਰਾ 370 ਤੇ 35-ਏ ਹਟਾਉਣ ਨਾਲ ਕਸ਼ਮੀਰ ਦੇ ਲੋਕਾਂ ਦਾ ਭਲਾ ਹੋ ਜਾਵੇਗਾ ਤਾਂ ਉਨ੍ਹਾਂ ਦੀ ਆਵਾਜ਼ ਨੂੰ ਕੇਂਦਰ ਵਲੋਂ ਦਬਾਉਣ ਦਾ ਕੀ ਤੁਕ ਹੈ। ਉਨ੍ਹਾਂ ਕਿਹਾ ਕਿ ਸਦੀਆਂ ਤੋਂ ਭਾਰਤ ਵਿਚ ਵੱਖ ਵੱਖ ਤਰ੍ਹਾਂ ਦੀ ਸਭਿਅਤਾ, ਸਭਿਆਚਾਰ, ਧਾਰਮਕ, ਸਮਾਜਕ ਰੀਤੀ ਰਿਵਾਜ ਅਤੇ ਸਿਆਸੀ ਵਿਚਾਰ ਚਲਦੇ ਰਹੇ ਹਨ ਪਰ ਹੁਣ ਕੇਂਦਰ ਸਰਕਾਰ ਘੱਟ ਗਿਣਤੀਆਂ ਦੀਆਂ ਭਾਵਨਾਵਾਂ ਨੂੰ ਦਬਾਉਣ ਦੀ ਧੱਕਾ-ਜ਼ੋਰੀ ਕਰ ਰਹੀ ਹੈ।

ਅਤਿੰਦਰਪਾਲ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮੀਡੀਆ ‘ਤੇ ਵੀ ਕੰਟਰੋਲ ਕੀਤਾ ਹੋਇਆ ਹੈ, ਸਹੀ ਤਸਵੀਰ ਸਾਹਮਣੇ ਨਹੀਂ ਆ ਰਹੀ ਅਤੇ ਘੱਟ ਗਿਣਤੀ ਕੌਮਾਂ ਨਾਲ ਸ਼ਰੇਆਮ ਬੇਇਨਸਾਫ਼ੀ ਹੋ ਰਹੀ ਹੈ। ਕਸ਼ਮੀਰੀ ਲੋਕਾਂ ਦੇ ਵਿਸ਼ੇਸ਼ ਅਧਿਕਾਰ ਤੁਰੰਤ ਬਹਾਲ ਕੀਤੇ ਜਾਣ। ਗੁਰੂ ਨਾਨਕ ਦੇ ਪੰਥ ਨੂੰ ਕਸ਼ਮੀਰੀਆਂ ਦੇ ਹੱਕ ਵਿਚ ਅਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੀ ਬੋਲੀ ਗੁਰਮੁਖੀ ਤੇ ਗੁਰਮੁਖੀ ਲਿਪੀ ਨੂੰ ਸਰਕਾਰਾਂ ਤੋਂ ਖਤਰਾ ਹੈ। ਇਸ ਦੇ ਹੱਕ ਵਿਚ ਸਿੱਖ ਕੌਮ ਨੂੰ ਡੱਟਣਾ ਚਾਹੀਦਾ ਹੈ।

ਬੀਬੀ ਹਰਸ਼ਰਨ ਕੌਰ ਜਰਨਲਿਸਟ ਨੇ ਘਰੇਲੂ-ਹਿੰਸਾ, ਗਾਲੀ-ਗਲੋਚ, ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰਨ ਅਤੇ ਮਾਪਿਆਂ ਵੱਲੋਂ ਲੜਕੇ ਤੇ ਲੜਕੀ ਵਿਚ ਕੀਤੇ ਜਾਂਦੇ ਵਿਤਕਰੇ ਬਾਰੇ ਵਿਚਾਰ ਪ੍ਰਗਟਾਏ। ਉਨ੍ਹਾਂ ਨੇ ਅੰਮ੍ਰਿਤਧਾਰੀ ਸਿੱਖ ਔਰਤਾਂ ਨੂੰ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕੀਰਤਨ ਕਰਨ ਅਤੇ ਸੇਵਾ-ਸੰਭਾਲ ਦੀ ਆਗਿਆ ਨਾ ਦੇਣ ਦੀ ਪ੍ਰੰਪਰਾ ਦੀ ਗੱਲ ਕਰਦਿਆਂ ਕਿਹਾ ਕਿ ਇਹ ਗੁਰੂ ਨਾਨਕ ਅਨੁਸਾਰੀ ਨਹੀਂ ਹੈ। ਸ਼੍ਰੋਮਣੀ ਕਮੇਟੀ ਨੂੰ ਵੀ ਇਸ ਪ੍ਰੰਪਰਾ ਵਿਚ ਤਬਦੀਲੀ ਕਰਕੇ ਸਿੱਖ ਔਰਤਾਂ ਨੂੰ ਇਹ ਹੱਕ ਦੇਣਾ ਚਾਹੀਦਾ ਹੈ।

ਭਾਈ ਨਰੈਣ ਸਿੰਘ ਚੌੜਾ ਨੇ ਕਿਹਾ ਕਿ ਅਕਾਲ ਤਖ਼ਤ ਨੂੰ ਅਜ਼ਾਦ ਕਰਵਾਉਣ ਦੀ ਲੋੜ ਹੈ। ਮੀਰੀ ਪੀਰੀ ਸਿਧਾਂਤ ਤੋਂ ਬਿਨਾਂ ਪੰਥ ਦੀ ਅਜ਼ਾਦੀ ਦੀ ਗੱਲ ਨਹੀਂ ਬਣਦੀ। ਨਾਨਕ ਬਾਣੀ ਨੂੰ ਵਿੱਦਿਆ ਦੇ ਪ੍ਰਸੰਗ ਵਿੱਚ ਪੇਸ਼ ਕਰਦਿਆਂ ਕਿਹਾ ਕਿ ਵਿਦਿਆ ਉਪਜੀਵਕਾ, ਮੁਹਾਰਤ, ਲੋਕ ਭਲਾਈ, ਲੋਕ ਪੱਖੀ, ਪਰਉਪਕਾਰ, ਕੁਦਰਤੀ ਤੇ ਸਮਾਜਿਕ ਭਲੇ ਵਾਲੀ ਹੋਣੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਨੇ ਭਾਸ਼ਾਈ, ਸਾਹਿਤਕ, ਸਮਾਜਿਕ ਅਤੇ ਧਾਰਮਿਕ ਵਿਸਵਾਸ਼ ਅਤੇ ਸੰਗੀਤ ਪੱਖੋਂ ਕ੍ਰਾਂਤੀਕਾਰੀ ਪਰਿਵਰਤਨ ਲਿਆਂਦੇ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਗੁਰਬਾਣੀ ਨੂੰ ਆਪਣੇ ਮਨਾਂ ਵਿਚ ਵਸਾ ਕੇ ਉਸ ਨੂੰ ਜੀਵਨ ਦਾ ਅੰਗ ਬਣਾਇਆ ਜਾਵੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਹਰਪਾਲ ਸਿੰਘ ਪੰਨੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ, ਉਦਾਸੀਆਂ ਤੇ ਜੀਵਨ ਨੂੰ ਸਮਝ ਲਈ ਇਤਿਹਾਸ ਸਾਖੀਆਂ ਦਾ ਗਿਆਨ ਜ਼ਰੂਰੀ ਤੇ ਸਾਖੀਆਂ ਨੂੰ ਪੜ੍ਹਨ ਲਈ ਤੁਹਾਨੂੰ ਗੁਰਬਾਣੀ ਸਿਧਾਂਤ ਦੀ ਸਮਝ ਬਣਾਉਣੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਗੁਰਬਾਣੀ ਨਾਲ ਜੁੜਦਾ ਹੈ ਤਾਂ ਗੁਰੂ ਸਾਹਿਬ ਬਾਣੀ ਦੇ ਰੂਪ ਵਿੱਚ ਉਸ ਮਨੁੱਖ ਦੇ ਸਵਾਲਾਂ ਦੇ ਜਵਾਬ ਨਾਲੋ-ਨਾਲ ਦਿੰਦੇ ਹਨ। ਉਨ੍ਹਾਂ ਕਿਹਾ ਕਿ ਗੁਰਬਾਣੀ ਦੇ ਆਧਾਰ ’ਤੇ ਸਮਾਜ ਦੀ ਸੋਚ ਅਤੇ ਨਜ਼ਰੀਆ ਬਦਲਿਆ ਜਾਵੇ।

ਬ੍ਰਿਟਿਸ਼ ਸਿੱਖ ਕੌਂਸਲ ਦੇ ਮੁੱਖ ਸੇਵਾਦਾਰ ਭਾਈ ਤਰਸੇਮ ਸਿੰਘ ਦਿਓਲ ਨੇ ਆਈਆਂ ਸੰਗਤਾਂ ਤੇ ਬੁੱਧੀਜੀਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਰੂੜੀਵਾਦੀ ਰੀਤਾਂ ਨੂੰ ਨਕਾਰ ਕੇ ਇੱਕ ਸੋਹਣੇ ਸਮਾਜ ਦੀ ਸਿਰਜਣਾ ਕੀਤੀ ਅਤੇ ਜੁਲਮ ਖਿਲਾਫ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਪੁਰਬ ਮਨਾਉਣਾ ਤਾਂ ਹੀ ਸਾਰਥਿਕ ਹੈ ਜੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਅਮਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਉਹ ਕਪੂਰਥਲੇ ਵਿਚ ਗੁਰੂ ਨਾਨਕ ਸਾਹਿਬ ਦੇ ਮਾਡਲ ਅਨੁਸਾਰ ਇਕ ਕੌਮਾਂਤਰੀ ਪੱਧਰ ਦਾ ਸਕੂਲ ਖੋਲ੍ਹਣ ਜਾ ਰਹੇ ਹਨ, ਜਿਸ ਵਿਚ ਰਵੀਦਾਸੀਆਂ, ਕਬੀਰਪੰਥੀਆਂ, ਵਣਜਾਰਿਆਂ, ਸਿਕਲੀਗਰਾਂ ਦੇ ਬੱਚਿਆਂ ਨੂੰ ਫ੍ਰੀ ਸਿਖਿਆ ਦਿੱਤੀ ਜਾਵੇਗੀ ਅਤੇ ਉੱਚ ਵਿਦਿਆ ਨਾਲ ਲੈਸ ਕਰਕੇ ਗੁਰੂ ਨਾਨਕ ਸਾਹਿਬ ਦੇ ਸਿਧਾਂਤ ਮਾਡਲ ਅਨੁਸਾਰ ਸਮਾਜ ਤਿਆਰ ਕਰਨ ਦੀ ਸੰਭਾਵਨਾ ਬਣਾਈ ਜਾਵੇਗੀ। ਇਹ ਤਾਂ ਹੀ ਸੰਭਵ ਹੈ ਜੇਕਰ ਸੰਗਤਾਂ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਉਹ 20 ਸਾਲਾਂ ਤੋਂ ਇਸੇ ਮਿਸ਼ਨ ਵਿਚ ਜੁਟੇ ਹੋਏ ਹਨ। ਉਨ੍ਹਾਂ ਕਿਹਾ ਕਿ ਸਮੁੱਚੀਆਂ ਸੰਗਤਾਂ ਇਸ ਮਿਸ਼ਨ ਲਈ ਜੁਟਣ ਤਾਂ ਜੋ ਅਸੀਂ ਵਿਸ਼ਾਲ ਗੁਰੂ ਨਾਨਕ ਪੰਥ ਦਾ ਕਾਫਲਾ ਸਿਰਜ ਸਕੀਏ।

ਪ੍ਰੋ. ਬਲਵਿੰਦਰਪਾਲ ਸਿੰਘ ਨੇ ਕਿਹਾ ਕਿ ਕਰਤਾਰਪੁਰ ਖੁੱਲ੍ਹਾ ਲਾਂਘਾ ਵਿਸ਼ਵ ਅਮਨ ਮਾਰਗ ਦਾ ਰਸਤਾ ਹੈ ਤੇ ਸਿੱਖ ਭਾਈਚਾਰੇ ਨੂੰ ਇਸ ਉੱਪਰ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਚਾਹੀਦਾ ਹੈ ਤੇ ਇਹ ਲਾਂਘਾ ਬੰਦ ਨਹੀਂ ਹੋਣਾ ਚਾਹੀਦਾ। ਉਨ੍ਹਾਂ ਕਿਹਾ ਕਿ ਕੋਰੀਡੋਰ ਦਾ ਅਰਥ ਗਲਿਆਰਾ ਹੈ ਤੇ ਗਲਿਆਰੇ ਦਾ ਅਰਥ ਲਾਂਘਾ ਨਹੀਂ ਹੁੰਦਾ। ਇਹ ਜਾਣ ਬੁੱਝ ਕੇ ਖੁੱਲ੍ਹੇ ਲਾਂਘੇ ਦੇ ਗਲਤ ਅਰਥ ਕੀਤੇ ਜਾ ਰਹੇ ਹਨ। ਸਿੱਖ ਪੰਥ ਨੂੰ ਖੁੱਲ੍ਹੇ ਲਾਂਘੇ ਦਾ ਮੁਹਾਵਰਾ ਉੱਚੀ ਪੱਧਰ ’ਤੇ ਬੁਲੰਦ ਕਰਨਾ ਚਾਹੀਦਾ ਹੈ ਤੇ ਗੁਰਮੁਖੀ ਲਿਪੀ ਤੇ ਗੁਰਮੁਖੀ ਭਾਸ਼ਾ ਨੂੰ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੇ ਪੰਥ ਦੀ ਮੁਕਤੀ ਦਾ ਮਾਰਗ ਗਰੀਬ ਸਿੱਖਾਂ ਨੂੰ ਪੰਥ ਨਾਲ ਜੋੜਨਾ ਹੈ, ਜੋ ਗੁਰੂ ਨਾਨਕ ਸਾਹਿਬ ਦਾ ਸਿਧਾਂਤ ਸੀ। ਉਨ੍ਹਾਂ ਕਿਹਾ ਕਿ ਭਾਈ ਤਰਸੇਮ ਸਿੰਘ ਦਿਓਲ 20ਵੀਂ ਸਦੀ ਦੇ ਮਹਾਨ ਜਰਨੈਲ ਗਿਆਨੀ ਦਿੱਤ ਸਿੰਘ ਦੇ ਰਾਹਾਂ ’ਤੇ ਚਲ ਰਹੇ ਹਨ ਤੇ ਸਿਕਲੀਗਰ, ਰਵੀਦਾਸ, ਕਬੀਰ ਪੰਥੀਏ ਤੇ ਵਣਜਾਰੇ ਸਿੱਖਾਂ ਦੀ ਸਾਰ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਅਬਾਦੀ 20 ਕਰੋੜ ਹੈ, ਪਰ ਭਾਰਤ ਦੀ ਸਰਕਾਰ ਨੇ 18 ਕਰੋੜ ਦੀ ਅਬਾਦੀ ਨੂੰ ਹਿੰਦੂ ਡਿਕਲੇਅਰ ਕੀਤਾ ਹੋਇਆ ਹੈ। ਪੰਥ ਨੂੰ ਸੰਗਤ ਤੇ ਗੁਰੂ ਦਾ ਰਿਸ਼ਤਾ ਬਣਾਉਂਦਿਆਂ ਇਸ ਭਾਈਚਾਰੇ ਨੂੰ ਸਿੱਖੀ ਵਿਚ ਸ਼ਾਮਲ ਕਰਨਾ ਚਾਹੀਦਾ ਹੈ। ਇਸੇ ਨਾਲ ਹੀ ਸਿੱਖੀ ਦੀ ਚੜ੍ਹਦੀ ਕਲਾ ਹੋ ਸਕਦੀ ਹੈ।

---

# ਜੇਐੱਨਯੂ ਵਿਦਿਆਰਥੀਆਂ ਵੱਲੋਂ ਫ਼ੀਸ ਵਾਧੇ ਖ਼ਿਲਾਫ਼ ਜ਼ੋਰਦਾਰ ਮੁਜ਼ਾਹਰਾ

## ਯੂਨੀਵਰਸਿਟੀ ਦਾ ਨਵਾਂ ਹੋਸਟਲ ਮੈਨੂਅਲ ਰੱਦ ਕਰਨ ਦੀ ਮੰਗ

**ਨਵੀਂ ਦਿੱਲੀ/ਏ.ਟੀ. ਨਿਊਜ਼ :**

ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇਐੱਨਯੂ) ਦੇ ਸੈਂਕੜੇ ਵਿਦਿਆਰਥੀਆਂ ਨੇ ਅੱਜ ‘ਵਰਸਿਟੀ ਪ੍ਰਸ਼ਾਸਨ ਦੀ ‘ਵਿਦਿਆਰਥੀ ਵਿਰੋਧੀ’ ਨੀਤੀ ਖ਼ਿਲਾਫ਼ ਜ਼ੋਰਦਾਰ ਰੋਸ ਮੁਜ਼ਾਹਰਾ ਕੀਤਾ। ਦਰਅਸਲ ‘ਵਰਸਿਟੀ ਪ੍ਰਸ਼ਾਸਨ ਵੱਲੋਂ ਫ਼ੀਸ ‘ਚ ਵਾਧੇ ਅਤੇ ਕੱਪੜੇ ਪਹਿਨਣ ਸਬੰਧੀ ਜ਼ਾਬਤਾ ਲਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਵਿਦਿਆਰਥੀ ਹੋਸਟਲ ਮੈਨੂਅਲ ਦਾ ਵਿਰੋਧ ਕਰ ਰਹੇ ਹਨ ਤੇ ਉਪ ਕੁਲਪਤੀ ਤੋਂ ਇਸ ਦਾ ਖ਼ਰੜਾ ਵਾਪਸ ਲੈਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਇਸ ‘ਚ ਫ਼ੀਸ ਵਧਾਉਣ, ਕੱਪੜਿਆਂ ਸਬੰਧੀ ਜ਼ਾਬਤੇ ਤੇ ਆਉਣ-ਜਾਣ ਦਾ ਸਮਾਂ ਤੈਅ ਕਰਨ ਦੀ ਤਜਵੀਜ਼ ਹੈ। ਜੇਐੱਨਯੂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਨੇ ਕਿਹਾ ਹੈ ਕਿ ਉਹ ਐਗਜ਼ੈਕਟਿਵ ਕੌਂਸਲ ਦੇ ਮੈਂਬਰਾਂ ਨੂੰ ਵੀ ਬੁੱਧਵਾਰ ਨੂੰ ਹੋ ਰਹੀ ਮੀਟਿੰਗ ‘ਚ ਮੈਨੂਅਲ ਦਾ ਵਿਰੋਧ ਕਰਨ ਲਈ ਕਹਿਣਗੇ। ਰੋਸ ਮੁਜ਼ਾਹਰੇ ਦੌਰਾਨ ਵਿਦਿਆਰਥੀਆਂ ਨੇ ਅੱਜ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏਆਈਸੀਟੀਈ) ਵੱਲ ਰੋਸ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਜਿੱਥੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਇਕ ਆਡੀਟੋਰੀਅਮ ‘ਚ ਯੂਨੀਵਰਸਿਟੀ ਦੀ ਕਾਨਵੋਕੇਸ਼ਨ ਨੂੰ ਸੰਬੋਧਨ ਕਰ ਰਹੇ ਸਨ ਪਰ ਕੌਂਸਲ ਦੇ ਗੇਟ ਬੰਦ ਕਰ ਦਿੱਤੇ ਗਏ ਤੇ ਵੱਡੀ ਗਿਣਤੀ ਵਿਚ ਸੁਰੱਖਿਆ ਕਰਮਚਾਰੀ ਤਾਇਨਾਤ ਕਰ ਦਿੱਤੇ ਗਏ। ਕੌਂਸਲ ਦੀ ਇਮਾਰਤ ਜੇਐੱਨਯੂ ਤੋਂ ਤਿੰਨ ਕਿਲੋਮੀਟਰ ਦੇ ਫ਼ਾਸਲੇ ‘ਤੇ ਹੈ। ਏਆਈਸੀਟੀਈ ਦੇ



ਅੰਦਰ-ਬਾਹਰ ਅਤੇ ਜੇਐੱਨਯੂ ਕੈਂਪਸ ਦੇ ਉੱਤਰੀ ਤੇ ਪੱਛਮੀ ਗੇਟਾਂ ਦੇ ਬਾਹਰ ਬੈਰੀਕੇਡ ਲਾ ਦਿੱਤੇ ਗਏ। ਜੇਐੱਨਯੂ ਤੋਂ ਏਆਈਸੀਟੀਈ ਵੱਲ ਜਾਂਦੇ ਬਾਬਾ ਬਾਲਕਨਾਥ ਮਾਰਗ ਨੂੰ ਬੈਰੀਕੇਡ ਲਾ ਕੇ ਬੰਦ ਕਰ ਦਿੱਤਾ ਗਿਆ।

ਇਸ ਸਭ ਦੇ ਬਾਵਜੂਦ ਵਿਦਿਆਰਥੀਆਂ ਨੇ ਬੈਰੀਕੇਡ ਪੁੱਟ ਸੁੱਟੇ ਤੇ 11.30 ਵਜੇ ਦੇ ਕਰੀਬ ਏਆਈਸੀਟੀਈ ਵੱਲ ਵਧੇ। ਪੁਲੀਸ ਨੇ ਕੁਝ ਮੁਜ਼ਾਹਰਾਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਹੱਥਾਂ ਵਿਚ ਤਖ਼ਤੀਆਂ ਫੜ ਕੇ ਵਿਦਿਆਰਥੀਆਂ ਨੇ ਡਫ਼ਲੀਆਂ ਵਜਾਈਆਂ ਤੇ ‘ਦਿੱਲੀ ਪੁਲੀਸ ਵਾਪਸ ਜਾਓ’ ਦੇ ਨਾਅਰੇ ਲਾਏ। ਉਪ ਕੁਲਪਤੀ ਐੱਮ. ਜਗਾਦੇਸ਼ ਕੁਮਾਰ ਖ਼ਿਲਾਫ਼ ਵੀ ਵਿਦਿਆਰਥੀਆਂ ਨੇ ‘ਚੋਰ ਹੈ’ ਦੇ ਨਾਅਰੇ ਲਾਏ।

### ਛੇ ਘੰਟੇ ਫਸੇ ਰਹੇ ਕੇਂਦਰੀ ਮੰਤਰੀ ਪੋਖਰਿਆਲ

ਮਨੁੱਖੀ ਸਰੋਤ ਵਿਕਾਸ ਮੰਤਰੀ ਰਮੇਸ਼ ਪੋਖਰਿਆਲ ‘ਨਿਸ਼ੰਕ’ ਮੁਜ਼ਾਹਰੇ ਦੌਰਾਨ ਛੇ ਘੰਟੇ ਆਡੀਟੋਰੀਅਮ ‘ਚ ਫਸੇ ਰਹੇ ਤੇ ਦੋ ਸਮਾਗਮਾਂ ‘ਚ ਨਹੀਂ ਜਾ ਸਕੇ।

ਜੇਐੱਨਯੂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਤੇ ਉਪ ਪ੍ਰਧਾਨ ਸਾਕੇਤ ਮੂਨ ਨੂੰ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਲਈ ਕਿਹਾ ਗਿਆ ਤਾਂ ਕਿ ਮੰਤਰੀ ਦੇ ਨਿਕਲਣ ਲਈ ਰਾਹ ਪੱਧਰਾ ਕੀਤਾ ਜਾ ਸਕੇ ਤੇ ਪੁਲੀਸ ਨੇ ਵੀ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕੀਤੀ ਪਰ ਉਹ ਨਹੀਂ ਮੰਨੇ। ਵਿਦਿਆਰਥੀ ਯੂਨੀਅਨ ਦੇ ਆਗੂ ਬਾਅਦ ‘ਚ ਪੋਖਰਿਆਲ ਨੂੰ ਮਿਲੇ ਤੇ ਉਨ੍ਹਾਂ ਭਰੋਸਾ ਦਿੱਤਾ ਕਿ ਮੰਗਾਂ ‘ਤੇ ਵਿਚਾਰ ਕੀਤਾ ਜਾਵੇਗਾ। ਇਸ ਤੋਂ ਬਾਅਦ ਉਹ ਸਵਾ ਚਾਰ ਵਜੇ ਉੱਥੋਂ ਨਿਕਲੇ। ਹਾਲਾਂਕਿ ਉਪ ਕੁਲਪਤੀ ਨਾਲ ਵਿਦਿਆਰਥੀਆਂ ਦੀ ਮੁਲਾਕਾਤ ਨਹੀਂ ਹੋ ਸਕੀ।

### ਵਿਦਿਆਰਥੀ ਜਥੇਬੰਦੀਆਂ ਨੂੰ ਮੁਲਾਕਾਤ ਦਾ ਭਰੋਸਾ

ਜੇਐੱਨਯੂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਨੇ ਕਿਹਾ ‘ਸਾਡੇ ਲਈ ਇਹ ਇਤਿਹਾਸਕ ਦਿਨ ਹੈ। ਅਸੀਂ ਬੈਰੀਕੇਡ ਤੋੜ ਕੇ ਕਾਨਵੋਕੇਸ਼ਨ ਵਾਲੀ ਜਗ੍ਹਾ ‘ਤੇ ਪੁੱਜੇ ਤੇ ਮੰਤਰੀ ਨਾਲ ਮੁਲਾਕਾਤ ਕੀਤੀ।’ ਘੋਸ਼ ਨੇ ਕਿਹਾ ਕਿ ਅੰਦੋਲਨ ਅਜੇ ਖ਼ਤਮ ਨਹੀਂ ਹੋਇਆ। ਮਨੁੱਖੀ ਸਰੋਤ ਵਿਕਾਸ ਮੰਤਰੀ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਉਪ ਕੁਲਪਤੀ ਨੂੰ ਵਿਦਿਆਰਥੀਆਂ ਨਾਲ ਗੱਲਬਾਤ ਲਈ ਕਹਿਣ। ਉਨ੍ਹਾਂ ਕਿਹਾ ਕਿ ਅੱਜ ਸਥਿਤੀ ਉਪ ਕੁਲਪਤੀ ਕਰ ਕੇ ਹੀ ਐਨੀ ਵਿਗੜੀ ਹੈ। ਮੰਤਰੀ ਨੇ ਵਿਦਿਆਰਥੀ ਜਥੇਬੰਦੀਆਂ ਨੂੰ ਭਰੋਸਾ ਦਿੱਤਾ ਕਿ ਜਲਦੀ ਮੰਤਰਾਲਾ ਉਨ੍ਹਾਂ ਨੂੰ ਮੁਲਾਕਾਤ ਲਈ ਸੱਦੇਗਾ।

---

## ਨਿਤੀਸ਼ ਕੁਮਾਰ ਨੇ ਬੇਰ ਸਾਹਿਬ ਤੇ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ

**ਸੁਲਤਾਨਪੁਰ ਲੋਧੀ/ਏ.ਟੀ. ਨਿਊਜ਼ :** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੌਰਾਨ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਗੁਰਦੁਆਰਾ ਬੇਰ ਸਾਹਿਬ ਤੇ ਹਰਿਮੰਦਰ ਸਾਹਿਬ ਨਤਮਸਤਕ ਹੋਏ। ਗੁਰਦੁਆਰਾ ਬੇਰ ਸਾਹਿਬ ਨੇੜੇ ਸ਼੍ਰੋਮਣੀ ਕਮੇਟੀ ਦੀ ਬਣੀ ਸਟੇਜ ਤੋਂ ਸੰਗਤ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਣ ਸਮੇਂ ਕੁਝ ਸਮਾਂ ਗੁਰਬਾਣੀ ਕੀਰਤਨ ਵੀ ਸਰਵਣ ਕੀਤਾ। ਸੂਚਨਾ ਕੇਂਦਰ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸਾਬਕਾ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਨਿਤੀਸ਼ ਕੁਮਾਰ ਦਾ ਸਨਮਾਨ ਕੀਤਾ।

## ਰਾਜੀਵ ਕਤਲ ਕਾਂਡ ਦੇ ਦੋਸ਼ੀ ਨੂੰ ਇਕ ਮਹੀਨੇ ਦੀ ਮਿਲੀ ਪੈਰੋਲ

**ਚੇਨਈਏ.ਟੀ. ਨਿਊਜ਼ :** ਰਾਜੀਵ ਗਾਂਧੀ ਹੱਤਿਆਕਾਂਡ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਦੋਸ਼ੀ ਏਜੀ ਪੇਰਾਰੀਵਾਲਨ ਦੀ ਇਕ ਮਹੀਨੇ ਦੀ ਪੈਰੋਲ ਮਨਜ਼ੂਰ ਕਰ ਲਈ ਗਈ ਹੈ। ਉਸ ਨੂੰ ਇਹ ਛੁੱਟੀ ਆਪਣੇ ਬਿਮਾਰ ਪਿਤਾ ਦੀ ਦੇਖਭਾਲ ਲਈ ਦਿੱਤੀ ਗਈ ਹੈ। ਪੇਰਾਰੀਵਾਲਨ ਉਰਫ ਅਰੀਵੂ 1991 ਤੋਂ ਜੇਲ੍ਹ ਵਿੱਚ ਹੈ ਤੇ ਵੈਲੂਰ ਕੇਂਦਰੀ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ।



Happy Gurpurab!
ਸ੍ਰੀ ਗੁਰੂ ਨਾਨਕ ਦੇਵ ਜੀ
ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ
ਲੱਖ-ਲੱਖ ਵਧਾਈਆਂ
Valley Real Estate Center
ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।
ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।
Better Deal will be given from New Builders to Book New home in Mountain House, Tracy, Manteca and lathrop
For agriculture and almond Farm,office building,Farm House and for Truck Yard in Tracy, Manteca, Lathrop and Stockton
Listing
1415 W Anderson Stockton
a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.
$4,900,000
1943 E Fremont St,
1924 E park St and 1850 E Oak St Stockton CA 95205, Total 8 APN number, one lot, 7.56 acres paved truck parking.
$3,000,000
1801 E Dr martin luther king jr Blvd, Stockton, CA 95205 APN 155-140-15.
Almost 10 acres paved truck parking with approximately $32000 monthly income.
$4,399,000
ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
Ranjit S Mangat
Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com
Ranjit S Manga
(Lic: 01922089)

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

*"With manifestation (birth) of True Guru Nanak, the mist of ignorance and falsehood disappeared and there was the light of righteousness"*

**HOLLYWOOD SIKH TEMPLE (GURDWARA SAHIB VERMONT)**

along with

**The Sikh Institutions of Southern California**

*Celebrate*

# The 550th Parkash Utsav

*of*

# Shri Guru Nanak Dev Ji

**(Founder of Sikh Religion)**

*Guru ka Langer will be served all day along with fresh Jalebi's and fresh fruits!*

*Please come & join us with your family & friends and get the blessings of Wahe Guru Sahib Ji*

## 24th November 2019, Sunday • 7am to 5pm

## Venue: Friendship Auditorium

**3201 Riverside Dr. Los Angeles, CA 90027 (1/2 Mile from Gurdwara Sahib Vermont)**

Guest of honor: **Dr Amarjit Singh Marwah** and other dignitaries, city officials.



Bhai Harjinder Singh ji (Srinagar wale)



Bhai Ajit Singh Ji (Hazoori Ragi)

**KIRTAN DARBAR BY FAMOUS RAGI JATHAS:**

- Bhai Harjinder Singh Ji (Srinagar wale)
- Hazoori Ragi Bhai Ajit singh Ji
- Bhai Ravinder Singh Ji Rasia
- IISG Ragi Jatha
- Children Ragi Jathas

and all Ragi Jathas from Local Gurdwaras

**RAGI JATHA PLEASE CONTACT:**

- Amrik Singh Rasia (Gen-Secretary) Tel: (818) 331-1459
- Bhupinder Singh Dhillon (President) Tel: (323) 514-6347

**FOR LANGAR SEWA PLS CONTACT:**

- Amarjit Singh:...........(310) 291-4835
- Breakfast will be served by Bhai Kanhiaya Sewa Dal

**MANAGEMENT SEWA COMMITTEE**

- Bhupinder Singh Dhillon
- Amrik Singh Rasia
- Gulbagh Singh
- Ronak Singh
- Baldev Singh Johal
- Amarjit Singh
- Kulwinder Singh Multani
- Surjit Singh Dhillon
- Nirmal Singh Sehmbey
- Gurdev Singh Multani
- Sant Singh

**FOR BAZAAR TABLES, CONTACT:**

- Gurdev Singh.................323-304-4871

**PARTICIPATING GURDWARAS:**

- A.V. Sikh Center Lancaster
- Gurdwara Valley Sikh Temple
- Alhambra Gurdwara Sahib
- Khalsa Care Foundation
- Gurdwara Walnut
- Gurdwara Buena Park
- Gurdwara Riverside
- Sikh Center of Riverside
- Guru Ram Dass Ashram
- Gurdwara Lankershim
- Gurdwara Nanak Sadan

*and all other local Gurdwaras*

**DONATION SEWA COMMITTEE**

- Harjinder Singh Malhi
- Iqbal Singh Dhillon
- Iqbal Singh Samra
- Surinder Singh Gill
- Jawaharlal Saini
- Avtar Singh
- Surjit Singh Bawa
- Harbhajan Singh
- Darshan Singh
- Manjit Singh Papi
- Gurcharan Singh Bali
- Jaswant Singh Dhillon
- Baljinder Multani
- Gurdas Singh Kehl
- Gurdev Singh Nauli
- Harbhajan Singh Samra
- Manjit Singh Samra
- Ravinder Singh Rasia
- Satpal Singh Ghotra
- Gurmit Singh Multani
- Manjit Singh Khalil
- Joginder Singh
- Gurbachan Singh
- Avtar Singh Bhogal
- Waraich Brothers
- Jaswinder Singh
- Paramjit Singh
- Ram Singh
- Sukhdev Singh Multani

**FREE VALET PARKING AND SHUTTLE FROM GURDWARA SAHIB**

Visit our website: www.hollywoodsikhtemple.org
E-mail: info@hollywoodsikhtemple.org

**Call 323-665-7707**

**ALL ARE WELCOME!**

47833

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ ॥

ੴ



# 550ਵੇਂ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਵਧਾਈਆਂ

## November 24, 2019, Sunday

## ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ

ਸਮੂਹ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਹਿਲੇ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲ ਗੁਰਪੁਰਬ ਦੀ ਖੁਸ਼ੀ ਵਿਚ 24 ਨਵੰਬਰ, 2019, ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ ਵਿਖੇ ਬੜੀ ਹੀ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ 'ਚ ਪਰਿਵਾਰਾਂ ਸਮੇਤ ਪਹੁੰਚੋ ਤੇ ਸੇਵਾਵਾਂ ਕਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

Heartiest congratulations to all Sadh Sangat from Guru Nanak Sikh Temple on this auspicious day. Please join us in Celebrating Guru Nanak Dev Ji 550 Years Birthday on Sunday the 24th November 2019 and as per the program below.

### ਪ੍ਰੋਗਰਾਮ

| | |
|---|---|
| ਆਰੰਭ ਸ੍ਰੀ ਅਖੰਡ ਪਾਠ ਸਾਹਿਬ | 22 ਨਵੰਬਰ, ਦਿਨ ਸ਼ੁੱਕਰਵਾਰ 2019, (ਸਵੇਰੇ 10.00 ਵਜੇ) |
| ਨਿਸ਼ਾਨ ਸਾਹਿਬ ਦੀ ਸੇਵਾ | 24 ਨਵੰਬਰ, ਦਿਨ ਐਤਵਾਰ (ਸਵੇਰੇ 8.00 ਵਜੇ) |
| ਭੋਗ ਸ੍ਰੀ ਅਖੰਡ ਪਾਠ ਸਾਹਿਬ | 24 ਨਵੰਬਰ, ਦਿਨ ਐਤਵਾਰ 2019 (ਸਵੇਰੇ 10.00 ਵਜੇ) |

ਉਪਰੰਤ ਧਾਰਮਿਕ ਦੀਵਾਨ ਸਜਣਗੇ।

ਸ਼ੁਕਰਵਾਰ 22 ਨਵੰਬਰ ਅਤੇ ਸ਼ਨਿੱਚਰਵਾਰ 23 ਨਵੰਬਰ ਸ਼ਾਮ ਨੂੰ 5 ਵਜੇ ਤੋਂ 8 ਵਜੇ ਤੱਕ ਕੀਰਤਨ ਹੋਵੇਗਾ।

### ਪਹੁੰਚ ਰਹੇ ਜੱਥੇ

- ਕੀਰਤਨ ਹਜ਼ੂਰੀ ਜੱਥਾ ਭਾਈ ਅਜੀਤ ਸਿੰਘ, ਭਾਈ ਸੁਰਿੰਦਰ ਸਿੰਘ, ਭਾਈ ਹਰਦੀਪ ਸਿੰਘ, ਭਾਈ ਤੇਜਿੰਦਰ ਸਿੰਘ ਅਤੇ ਭਾਈ ਮਨਦੀਪ ਸਿੰਘ
- ਸ਼ਨੀਵਾਰ ਅਤੇ ਐਤਵਾਰ : ਭਾਈ ਇੰਦਰਜੀਤ ਸਿੰਘ ਖਾਲਸਾ, ਭਾਈ ਤਾਜਵਿੰਦਰ ਸਿੰਘ ਹਜ਼ੂਰੀ ਜੱਥਾ ਹਰਿਮੰਦਰ ਸਾਹਿਬ ਵਾਲੇ

- ਬੱਚਿਆਂ ਲਈ ਸਪੈਸ਼ਲ ਝੂਲੇ ਹੋਣਗੇ। (Jumper etc.)
- ਇਲਾਕੇ ਦੇ ਰੈਸਟੋਰੈਂਟਾਂ ਵੱਲੋਂ ਅਤੁੱਟ ਲੰਗਰ ਲਗਾਏ ਜਾਣਗੇ।
- ਜਿਨ੍ਹਾਂ 'ਚ ਗੁਰੂ ਦਾ ਲੰਗਰ, ਗੋਲ ਗੱਪੇ, ਆਲੂ-ਟਿੱਕੀ, ਪਕੌੜੇ, ਛੋਲੇ-ਭਟੂਰੇ, ਜਲੇਬੀਆਂ ਤੇ ਪੀਜ਼ਾ ਵਗੈਰਾ ਦੇ ਅਤੁੱਟ ਲੰਗਰਾਂ ਦੀ ਸੇਵਾ ਹੋਵੇਗੀ।
- ਬਲੱਡ ਡੋਨੇਸ਼ਨ ਕੈਂਪ ਅਤੇ ਮੈਡੀਕਲ ਕੈਂਪ ਵੀ ਲੱਗਣਗੇ।
- ਪ੍ਰੋਗਰਾਮ ਬਾਹਰ ਗਰਾਊਂਡ ਵਿਚ ਹੋਵੇਗਾ।

Designed By Punjab Mail USA

**GURU NANAK SIKH TEMPLE FAIRFIELD, CALIFORNIA**
**G.N.S.T. Management Committee, Fairfield**
**2948 Rockville Rd, Fairfield, CA 94534, Ph.: (707)-421-0707**
www.sikhtemple.com

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਮਨਾਏ ਗਏ ਗੁਰੂ ਨਾਨਕ ਪਾਤਿਸ਼ਾਹ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਝਲਕੀਆਂ



# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਮਨਾਏ ਗਏ ਪ੍ਰਕਾਸ਼ ਪੁਰਬ ਦੀਆਂ ਝਲਕੀਆਂ



# ਸਿੱਖ ਪੰਚਾਇਤ ਨੇ 550ਵੇਂ ਪ੍ਰਕਾਸ਼ ਪੁਰਬ ਮੌਕੇ 10 ਹਜ਼ਾਰ ਡਾਲਰ ਦੇ ਇਨਾਮ ਦਿੱਤੇ



ਫਰੀਮੌਂਟ: ਪਿਛਲੇ ਸਨਿੱਚਰਵਾਰ 13 ਤੋਂ 21 ਸਾਲ ਦੀ ਉਮਰ ਦਰਮਿਆਨ ਹੁਨਰਮੰਦ ਵਿਦਿਆਰਥੀਆਂ ਨੂੰ ਗੁਰੂ ਨਾਨਕ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਿੱਖ ਪੰਚਾਇਤ ਵਲੋਂ ਉਹਨਾਂ ਨੂੰ 10,000 ਡਾਲਰ ਇਨਾਮ ਵਜੋਂ ਵੰਡੇ ਗਏ।


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


SKYWAY TRAVEL
Serving Around the World Community since 1994
We specialize to Asia, Europe, Middle East. Africa, Australia & etc.
Special Fares to:
SFO To DEL, LAX To DEL
AMRITSAR & DELHI
ਚਾਰ ਜਾਂ ਚਾਰ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ
Book Online 24/7 : www.skywayticket.com
Call (818) 762-9236
#15549 Devonshire St.
Ste. 206 Mission Hills, CA 91345


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com



SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578




Bride Wanted
Well established Jat Sikh Family seeking a match for their tall, handsome Son, age 27 who is a Dentist. Currently completing a Pediatric Residency. Comes from a down to earth close knit family of Dentists, Doctors and Business owners. Family well established in the US since the early 1960's.
Please email bio-data with recent pictures
jcsingh82@gmail.com
Phone 803-429-2770
Inquires from US & Canada only




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

ਆਪਿ ਨਰਾਇਣੁ
ਕਲਾ ਧਾਰਿ
ਜਗ ਮਹਿ
ਪਰਵਰਿਜਉ॥

*The Creator Himself wielded His Power and entered the world.*

ੴ 550th Birth Anniversary
Sri Guru Nanak Dev Ji
ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ

ਗੁਰਦੁਆਰਾ ਸਾਹਿਬ, ਫਰੀਮੌਂਟ

ਗੁਰਦੁਆਰਾ ਸਾਹਿਬ, ਫਰੀਮੌਂਟ ਵਿਖੇ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
550ਵੇਂ
ਪ੍ਰਕਾਸ਼ ਦਿਹਾੜੇ ਦੇ ਪ੍ਰੋਗਰਾਮ

ੴ 1469 2019 550 Saal Guru Nanak Ji de Shabad Naal
Kirat Karo Naam Jappo

| Date | Event | Place / Time | Contact |
|---|---|---|---|
| SATURDAY NOV 9th | Feed The Hungry | San Francisco, 11 am - 2 pm | Nirpal Singh 510.760.6693 |
| SATURDAY NOV 9th | Sehaj Path Bhog | Gurdwara Sahib, 4 pm - 5 pm | Harinderpal Singh 415.264.6664 |
| SATURDAY NOV 9th | Student Awards | Gurdwara Sahib, 5 pm - 6 pm | Charanjeet Singh 408.887.8854 |
| SUNDAY NOV 10th | Blood Drive | Gurdwara Sahib, 10 am - 4 pm | Baljit Singh 510.376.1128 |
| TUESDAY NOV 12th | Gurpurab Kirtan | Gurdwara Sahib, 10 am - 10 pm | Gurdwara Sahib 510.790.0177 |
| TUESDAY NOV 12th | Dastar Workshop | Gurdwara Sahib, 5 pm - 8 pm | Ajmer Singh 510.690.4563; Rajinder Singh 510.938.4288 |
| SATURDAY NOV 23rd | Gurbani Contest | Gurdwara Sahib, 11 am - 2 pm | Amritpal Singh 650.720.3333 |

ਹੋਰ ਜਾਣਕਾਰੀ ਲਈ
ਸੰਪਰਕ ਕਰੋ:
510.790.0177





**Raja SWEETS & CATERING**
AUTHORIZED CATERER FOR MAJOR 5-STAR HOTELS

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਮੋਦੀ ਦੇ ਰਾਜ ’ਚ ਸਨਅਤ ਤਬਾਹੀ ਵੱਲ




ਪ੍ਰੋ. ਬਲਵਿੰਦਰਪਾਲ ਸਿੰਘ

**ਵਿਸ਼ੇਸ਼ ਰਿਪੋਰਟ**

- ✶ ਨੋਟਬੰਦੀ ਕਾਰਨ ਸਨਅਤ ਪ੍ਰਗਤੀ ਵੱਲ ਨਾ ਜਾ ਸਕੀ
- ✶ ਕਾਰੋਬਾਰ ’ਚ 40 ਫ਼ੀਸਦੀ ਕਮੀ ਆਈ
- ✶ ਕਈ ਸਨਅਤਾਂ ਬੰਦ ਹੋਈਆਂ ਅਤੇ ਲੱਖਾਂ ਲੋਕ ਬੇਰੁਜ਼ਗਾਰ ਹੋਏ
- ✶ ਪੰਜਾਬ ’ਚ ਹੌਜ਼ਰੀ ਦਾ ਵਪਾਰ ਮੰਦਾ ਪਿਆ
- ✶ ਮੂਡੀਜ਼ ਨੇ ਭਾਰਤ ਦੀ ਆਰਥਿਕ ਮੰਦੀ ’ਤੇ ਲਗਾਈ ਮੋਹਰ
- ✶ ਕੇਂਦਰ ਸਰਕਾਰ ਦੀ ਟੈਕਸ ਵਸੂਲੀ ਕਾਰਨ ਪੰਜਾਬ ਆਰਥਿਕ ਤੌਰ ’ਤੇ ਡਿੱਗਿਆ

**ਭਾਰਤ** ਵਿੱਚ ਮੰਦੀ ਦਾ ਦੌਰ ਜਾਰੀ ਹੈ, ਸਰਕਾਰ ਦਾ ਕੋਈ ਵੀ ਓਹੜ-ਪੋਹੜ ਮੰਦੀ ਨੂੰ ਰੋਕਣ ਵਿੱਚ ਸਹਾਈ ਨਹੀਂ ਹੋ ਰਿਹਾ। ਖੇਤੀ ਸੈਕਟਰ ਤਾਂ ਲੰਮੇ ਸਮੇਂ ਤੋਂ ਮੰਦੀ ਦੀ ਮਾਰ ਝਲਦਾ ਆ ਰਿਹਾ ਹੈ। ਨਤੀਜੇ ਵਜੋਂ ਹਰ ਦਿਨ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ।

ਹੁਣ ਮੰਦੀ ਦੀ ਹਨੇਰੀ ਨੇ ਬਾਕੀ ਸੈਕਟਰਾਂ ਵਿੱਚ ਵੀ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਨੇ ਲੱਗਭੱਗ ਸਭ ਕੋਲਾ ਸੈਕਟਰਾਂ ਨੂੰ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ। ਕੋਲਾ ਸੈਕਟਰ ਹੋਵੇ, ਆਟੋਮੋਬਾਇਲ ਸੈਕਟਰ ਹੋਵੇ, ਕੱਪੜਾ ਸਨਅੱਤ ਹੋਵੇ ਜਾਂ ਫਿਰ ਰੀਅਲ ਅਸਟੇਟ ਸੈਕਟਰ, ਸਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਥੋਕ ਵਿੱਚ ਘਰਾਂ ਨੂੰ ਤੋਰਿਆ ਜਾ ਰਿਹਾ ਹੈ। ਇੱਕ ਰਿਪੋਰਟ ਮੁਤਾਬਕ 90 ਲੱਖ ਨਾਗਰਿਕ ਆਪਣੇ ਰੁਜ਼ਗਾਰ ਤੋਂ ਹੱਥ ਧੋ ਬੈਠੇ ਹਨ।

ਮੰਦੀ ਦਾ ਪ੍ਰਛਾਵਾਂ ਸਿਰਫ਼ ਨਿੱਜੀ ਸੈਕਟਰ ਉੱਤੇ ਹੀ ਨਹੀਂ, ਸਰਕਾਰੀ ਮਾਲਕੀ ਵਾਲੇ ਅਦਾਰੇ ਵੀ ਇਸ ਤੋਂ ਬਚ ਨਹੀਂ ਸਕੇ। ਸਰਕਾਰੀ ਕੰਪਨੀਆਂ ਬੀ ਐੱਸ ਐੱਨ ਐੱਲ ਤੇ ਐੱਮ ਟੀ ਐੱਨ ਐੱਲ ਵੀ ਕੁਝ ਸਮੇਂ ਤੋਂ ਮੰਦੀ ਨਾਲ ਜੂਝ ਰਹੀਆਂ ਹਨ। ਹਾਲ ਇਹ ਹੈ ਕਿ ਕਈ ਮਹੀਨਿਆਂ ਤੋਂ ਇਸ ਦੇ ਕਰਮਚਾਰੀਆਂ ਨੂੰ ਤਨਖ਼ਾਹ ਤੱਕ ਨਹੀਂ ਮਿਲ ਰਹੀ। ਸਰਕਾਰ ਨੇ ਪਿੱਛੇ ਜਿਹੇ ਦੋਹਾਂ ਦੂਰ ਸੰਚਾਰ ਕੰਪਨੀਆਂ ਨੂੰ ਘਾਟੇ ਵਿੱਚੋਂ ਕੱਢਣ ਲਈ 68,751 ਕਰੋੜ ਦੇ ਪੈਕੇਜ ਨੂੰ ਮਨਜ਼ੂਰੀ ਦਿੱਤੀ ਸੀ। ਪਰ ਲੱਗਦਾ ਹੈ ਇਸ ਨੁੰਮ੍ਹਣੇ ਨਾਲ ਵੀ ਹਾਲਤ ਸੁਧਰਦੇ ਨਜ਼ਰ ਨਹੀਂ ਆ ਰਹੇ।

ਇਸ ਅਦਾਰੇ ਬਾਰੇ ਆਈ ਤਾਜ਼ਾ ਖ਼ਬਰ ਮੁਤਾਬਕ ਕੇਰਲਾ ਦੇ ਬੀ ਐੱਸ ਐੱਨ ਐੱਲ ਦਫ਼ਤਰ ਵਿੱਚ ਪਿਛਲੇ 30 ਸਾਲਾਂ ਤੋਂ ਨੌਕਰੀ ਕਰਦੇ ਕਰਮਚਾਰੀ ਰਾਮਕ੍ਰਿਸ਼ਨਨ ਨੇ 7 ਨਵੰਬਰ ਨੂੰ ਦਫ਼ਤਰ ਵਿੱਚ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ ਹੈ। ਉਸ ਨੂੰ ਪਿਛਲੇ 10 ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ ਸੀ।

ਬੀ ਐੱਸ ਐੱਨ ਐੱਲ ਕਰਮਚਾਰੀ ਸੰਘ ਦੇ ਆਗੂਆਂ ਨੇ ਦੱਸਿਆ ਕਿ ਅਦਾਰੇ ਵਿੱਚ ਕੰਮ ਕਰਦੇ ਠੇਕਾ ਮਜ਼ਦੂਰਾਂ ਨੂੰ ਪਿਛਲੇ 10 ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲ ਰਹੀ। ਉਹ ਇਸ ਲਈ ਪਿਛਲੇ 130 ਦਿਨਾਂ ਤੋਂ ਰੋਜ਼ਾਨਾ ਹੜਤਾਲ, ਮੁਜ਼ਾਹਰੇ ਕਰ ਰਹੇ ਹਨ। 52 ਸਾਲਾ ਰਾਮਕ੍ਰਿਸ਼ਨਨ ਵੀ ਇਨ੍ਹਾਂ ਵਿੱਚੋਂ ਇੱਕ ਸੀ।

## ਮੋਦੀ ਸਰਕਾਰ ਵੱਲੋਂ ਮੂਡੀਜ਼ ਦਾ ਦਾਅਵਾ ਖਾਰਜ

ਸਰਕਾਰ ਨੇ ਰੇਟਿੰਗ ਏਜੰਸੀ ਨੇ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਵਿੱਤ ਮੰਤਰਾਲੇ ਨੇ ਕਿਹਾ ਕਿ ਅਰਥਚਾਰੇ ਦੇ ਬੁਨਿਆਦੀ ਕਾਰਕ ਮਜ਼ਬੂਤ ਬਣੇ ਹੋਏ ਹਨ ਤੇ ਸਰਕਾਰ ਵੱਲੋਂ ਕੀਤੇ ਗਏ ਸੁਧਾਰਾਂ ਨਾਲ ਨਿਵੇਸ਼ ਵਿੱਚ ਤੇਜ਼ੀ ਆਏਗੀ। ਮੰਤਰਾਲੇ ਨੇ ਕਿਹਾ ਕਿ ਸਰਕਾਰ ਨੇ ਪੂਰੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵਿੱਤੀ ਤੇ ਹੋਰਨਾਂ ਖੇਤਰਾਂ ਵਿੱਚ ਕਈ ਉਪਾਅ ਕੀਤੇ ਹਨ। ਆਲਮੀ ਮੰਦੀ ਨਾਲ ਨਜਿੱਠਣ ਲਈ ਸਰਕਾਰ ਨੇ ਖ਼ੁਦ ਅੱਗੇ ਵੱਧ ਕੇ ਨੀਤੀਗਤ ਫੈਸਲੇ ਲਏ ਹਨ, ਜਿਨ੍ਹਾਂ ਨਾਲ ਪੂੰਜੀ ਦੇ ਵਹਾਅ ਨੂੰ ਆਕਰਸ਼ਿਤ ਕਰਨ ਵਿੱਚ ਮਦਦ ਮਿਲੇਗੀ ਤੇ ਨਿਵੇਸ਼ ਨੂੰ ਹੁਲਾਰਾ ਮਿਲੇਗਾ।

## ਤਿੰਨ ਸਾਲ ਪਹਿਲਾਂ ਮੋਦੀ ਵਲੋਂ ਲਏ ਗਏ ਨੋਟਬੰਦੀ ਦੇ ਫੈਸਲੇ ਦਾ ਅਸਰ

ਤਿੰਨ ਸਾਲ ਪਹਿਲਾਂ ਨਰਿੰਦਰ ਮੋਦੀ ਨੇ 8 ਨਵੰਬਰ ਨੂੰ ਨੋਟਬੰਦੀ ਦਾ ਗਲਤ ਫੈਸਲਾ ਕੀਤਾ ਸੀ। ਜੇਕਰ ਇਹ ਫੈਸਲਾ ਸਹੀ ਹੁੰਦਾ ਤਾਂ ਅੱਜ ਸਾਰੇ ਦੇਸ਼ ਵਿੱਚ ਇਸ ਦੀ ਤੀਜੀ ਸਾਲਗਿਰਾਹ ਸਰਕਾਰੀ ਤੌਰ ਉੱਤੇ ਸ਼ਾਨੋ-ਸ਼ੌਕਤ ਨਾਲ ਮਨਾਈ ਜਾਣੀ ਸੀ। ਪਰ ਇਸ ਫੈਸਲੇ ਨੇ ਦੇਸ਼ ਦੀ ਆਰਥਿਕਤਾ ਨੂੰ ਏਡੀ ਵੱਡੀ ਸੱਟ ਮਾਰੀ, ਜਿਸ ਦਾ ਦਰਦ ਅੱਜ ਵੀ ਮਹਿਸੂਸ ਹੋ ਰਿਹਾ ਹੈ। ਸਮੁੱਚੇ ਦੇਸ਼ ਵਾਸੀਆਂ ਨੂੰ 8 ਨਵੰਬਰ ਦਾ ਕਾਲਾ ਦਿਨ ਲੰਮੇ ਸਮੇਂ ਲਈ ਇੱਕ ਕੌੜੀ ਯਾਦ ਵਜੋਂ ਸਤਾਉਂਦਾ ਰਹੇਗਾ।

ਨੋਟਬੰਦੀ ਦੇ ਤਿੰਨ ਸਾਲ ਬੀਤਣ ਮਗਰੋਂ ਵੀ ਸਨਅਤਕਾਰ ਇਸ ਦੇ ਦਿੱਤੇ ‘ਜ਼ਖਮਾਂ’ ਨੂੰ ਭੁਲਾ ਨਹੀਂ ਸਕੇ, ਜਦੋਂ ਕਿ ਸਨਅਤੀ ਸ਼ਹਿਰ ਦਾ ਕਾਰੋਬਾਰ ਲੀਹ ’ਤੇ ਨਹੀਂ ਪਰਤ ਸਕਿਆ। ਬਾਜ਼ਾਰ ਵਿੱਚ ਹਾਲੇ ਵੀ ਨਗ਼ਦੀ ਦੀ ਭਾਰੀ ਕਮੀ ਹੈ। ਕਾਰੋਬਾਰ ਵਿੱਚ 40 ਫ਼ੀਸਦੀ ਕਮੀ ਆਈ ਹੋਈ ਹੈ। ਸਨਅਤਕਾਰਾਂ ਤੇ ਕਾਰੋਬਾਰੀਆਂ ਦਾ ਮੰਨਣਾ ਹੈ ਕਿ ਸਨਅਤ ਨੂੰ ਪੈਰਾਂ-ਸਿਰ ਕਰਨ ਲਈ ਕੇਂਦਰ ਸਰਕਾਰ ਕੁੱਝ ਰਾਹਤ ਪੈਕੇਜ ਦੇਵੇ ਅਤੇ ਨਾਲ ਹੀ ਟੈਕਸ ਘਟਾ ਕੇ ਲੋਕਾਂ ਦੀ ਖ਼ਰੀਦ ਸ਼ਕਤੀ ਵਧਾਵੇ।

ਫੈਡਰੇਸ਼ਨ ਆਫ਼ ਸਮਾਲ ਇੰਟਰਪ੍ਰਾਈਜਜ਼ ਐਸੋਸੀਏਸ਼ਨ ਆਫ਼ ਇੰਡੀਆ ਦੇ ਚੇਅਰਮੈਨ ਬਦੀਸ਼ ਜਿੰਦਲ ਨੇ ਕਿਹਾ ਕਿ ਨੋਟਬੰਦੀ, ਮੋਦੀ ਸਰਕਾਰ ਦੀ ਸਭ ਤੋਂ ਵੱਡੀ ਇਤਿਹਾਸਕ ਭੁੱਲ ਹੈ, ਜਿਸ ਕਾਰਨ ਸਨਅਤਕਾਰਾਂ ਦਾ ਬੁਰਾ ਹਾਲ ਹੋ ਗਿਆ, ਕਈ ਸਨਅਤਾਂ ਬੰਦ ਹੋ ਗਈਆਂ ਅਤੇ ਲੱਖਾਂ ਲੋਕ ਬੇਰੁਜ਼ਗਾਰ ਹੋ ਗਏ। ਉਨ੍ਹਾਂ ਕਿਹਾ ਕਿ ਸਰਕਾਰ ਨੇ ਲੋਕਾਂ ਦੀ ਜੋੜੀ ਰਕਮ ਵੀ ਕਢਵਾ ਲਈ, ਜਿਸ ਕਾਰਨ ਉਨ੍ਹਾਂ ਦੀ ਖ਼ਰੀਦ ਸ਼ਕਤੀ ਵਿੱਚ ਵੱਡੀ ਕਮੀ ਆਈ ਹੈ। ਅੱਜ ਬਾਜ਼ਾਰ ਵਿੱਚ ਨਗ਼ਦੀ ਦੇ ਪ੍ਰਵਾਹ ਦੀ ਕਮੀ ਹੈ। ਜਿੰਦਲ ਮੁਤਾਬਕ ਜੇਕਰ ਕਾਰੋਬਾਰ ਨੂੰ ਪੈਰਾਂ-ਸਿਰ ਕਰਨਾ ਹੈ ਤਾਂ ਕੇਂਦਰ ਸਰਕਾਰ ਵੱਲੋਂ ਪੈਕੇਜ ਦੇਣ ਤੋਂ ਇਲਾਵਾ ਕੁੱਝ ਹੋਰ ਚੰਗੇ ਕਦਮ ਚੁੱਕੇ ਜਾਣੇ ਚਾਹੀਦੇ ਸੀ।

ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗ ਦੇ ਮੌਜੂਦਾ ਪ੍ਰਧਾਨ ਉਪਕਾਰ ਸਿੰਘ ਆਹੂਜਾ ਦਾ ਕਹਿਣਾ ਹੈ ਕਿ ਸਿਰਫ਼ ਨੋਟਬੰਦੀ ਹੀ ਨਹੀਂ, ਜੀਐੱਸਟੀ ਕਾਰਨ ਵੀ ਬਾਜ਼ਾਰ ਵਿੱਚ ਇਸ ਵੇਲੇ ਕਾਫ਼ੀ ਮੰਦੀ ਹੈ। ਹੌਜ਼ਰੀ ਕਾਰੋਬਾਰੀ ਅਸ਼ੋਕ ਆਹੂਜਾ ਨੇ ਕਿਹਾ ਕਿ ਨੋਟਬੰਦੀ ਦਾ ਅਸਰ ਹਾਲੇ ਵੀ ਹੌਜ਼ਰੀ ਦੇ ਵਪਾਰ ’ਤੇ ਹੈ। ਇਹ ਕਾਰੋਬਾਰੀ ਕਾਫ਼ੀ ਹੱਦ ਤੱਕ ਨਗ਼ਦ ਲੈਣ-ਦੇਣ ’ਤੇ ਸੀ, ਜੋ ਨੋਟਬੰਦੀ ਕਾਰਨ ਲਗਪਗ ਬਿਲਕੁਲ ਬੰਦ ਹੋ ਗਿਆ।

### ਵਿਧਾਇਕ ਰਾਕੇਸ਼ ਪਾਂਡੇ ਨੇ ਮਨਾਇਆ ਬਲੈਕ ਡੇਅ

ਕਾਂਗਰਸੀ ਵਿਧਾਇਕ ਰਾਕੇਸ਼ ਪਾਂਡੇ ਨੇ ਨੋਟਬੰਦੀ ਦੇ ਤਿੰਨ ਸਾਲ ਪੂਰੇ ਹੋਣ ’ਤੇ ਅੱਜ ਇਸ ਦਿਨ ਨੂੰ ਕਾਲੇ ਦਿਨ ਵਜੋਂ ਮਨਾਇਆ ਅਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ’ਤੇ ਉਨ੍ਹਾਂ ਦੇ ਨਾਲ ਕਾਂਗਰਸੀ ਵਰਕਰ ਤੇ ਕਾਰੋਬਾਰੀ ਵੀ ਸ਼ਾਮਲ ਸਨ। ਵਿਧਾਇਕ ਪਾਂਡੇ ਨੇ ਕਿਹਾ ਕਿ ਮੋਦੀ ਸਰਕਾਰ ਦੇ ਗ਼ਲਤ ਫ਼ੈਸਲਿਆਂ ਕਾਰਨ ਲੱਖਾਂ ਲੋਕ ਬੇਰੁਜ਼ਗਾਰ ਗਏ ਅਤੇ ਇਸ ਫ਼ੈਸਲੇ ਕਾਰਨ ਦੇਸ਼ ਨੂੰ ਨੁਕਸਾਨ ਤੋਂ ਇਲਾਵਾ ਕੁੱਝ ਨਹੀਂ ਮਿਲਿਆ।

## ਗਲੋਬਲ ਰੇਟਿੰਗ ਏਜੰਸੀ ਮੂਡੀਜ਼ ਦੀ ਰਿਪੋਰਟ ਅਨੁਸਾਰ ਭਾਰਤ ਦੀ ਗਲੋਬਲ ਰੇਟਿੰਗ ਡਿੱਗੀ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 8 ਨਵੰਬਰ 2016 ਨੂੰ ਪੰਜ ਸੌ ਅਤੇ ਇੱਕ ਹਜ਼ਾਰ ਦੇ ਨੋਟ ਬੰਦ ਕਰ ਦੇਣ ਦੇ ਐਲਾਨ ਤੋਂ ਬਾਅਦ ਹੋਇਆ ਆਰਥਿਕ ਨੁਕਸਾਨ ਅਜੇ ਜਾਰੀ ਹੈ। ਗਲੋਬਲ ਰੇਟਿੰਗ ਏਜੰਸੀ ਮੂਡੀਜ਼ ਨੇ ਨੋਟਬੰਦੀ ਦੇ ਤੀਸਰੇ ਸਾਲ ਇਸੇ ਦਿਨ ਇੱਕ ਰਿਪੋਰਟ ਜਾਰੀ ਕਰ ਕੇ ਭਾਰਤੀ ਅਰਥਵਿਵਸਥਾ ਦੇ ਨਾਂਹ-ਪੱਖੀ ਰੁਝਾਨ ਦੀ ਤਸਵੀਰ ਪੇਸ਼ ਕੀਤੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 8 ਨਵੰਬਰ 2016 ਨੂੰ ਪੰਜ ਸੌ ਅਤੇ ਇੱਕ ਹਜ਼ਾਰ ਦੇ ਨੋਟ ਬੰਦ ਕਰ ਦੇਣ ਦੇ ਐਲਾਨ ਤੋਂ ਬਾਅਦ ਹੋਇਆ ਆਰਥਿਕ ਨੁਕਸਾਨ ਅਜੇ ਜਾਰੀ ਹੈ। ਗਲੋਬਲ ਰੇਟਿੰਗ ਏਜੰਸੀ ਮੂਡੀਜ਼ ਨੇ ਨੋਟਬੰਦੀ ਦੇ ਤੀਸਰੇ ਸਾਲ ਇਸੇ ਦਿਨ ਇੱਕ ਰਿਪੋਰਟ ਜਾਰੀ ਕਰ ਕੇ ਭਾਰਤੀ ਅਰਥਵਿਵਸਥਾ ਦੇ ਨਾਂਹ-ਪੱਖੀ ਰੁਝਾਨ ਦੀ ਤਸਵੀਰ ਪੇਸ਼ ਕੀਤੀ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਪ੍ਰੋਫੈਸਰ ਅਰੁਣ ਕੁਮਾਰ ਸਮੇਤ ਬਹੁਤ ਸਾਰੇ ਅਰਥਸ਼ਾਸਤਰੀਆਂ ਨੇ ਨੋਟਬੰਦੀ ਦੇ ਦੂਰ-ਰਸ ਨਤੀਜਿਆਂ ਬਾਰੇ ਚਿਤਾਵਨੀ ਦਿੱਤੀ ਸੀ, ਪਰ ਸਰਕਾਰ ਨੇ ਮਾਹਿਰਾਂ ਦੀਆਂ ਸਲਾਹਾਂ ਨੂੰ ਬਿਆਨਬਾਜ਼ੀ ਵਿੱਚ ਉਡਾ ਦਿੱਤਾ ਸੀ। ਗਲੋਬਲ ਰੇਟਿੰਗ ਏਜੰਸੀ ਦੀ ਰਿਪੋਰਟ ਦੇ ਪਹਿਲਾਂ ਹੀ ਨਿਵੇਸ਼ ਵਿੱਚ ਆ ਰਹੀ ਗਿਰਾਵਟ ’ਤੇ ਹੋਰ ਬੁਰਾ ਪ੍ਰਭਾਵ ਪੈਣ ਦੇ ਆਸਾਰ ਹਨ। ਨਾਂਹ-ਪੱਖੀ ਰੁਝਾਨ ਉਸ ਵੇਲੇ ਦਿਖਾਇਆ ਗਿਆ ਹੈ ਜਦੋਂ ਕੇਂਦਰ ਸਰਕਾਰ ਨੇ ਅਰਥ-ਵਿਵਸਥਾ ਨੂੰ ਠੀਕ ਕਰਨ ਲਈ ਰਿਜ਼ਰਵ ਬੈਂਕ ਦੇ ਵੱਡੇ ਅਧਿਕਾਰੀਆਂ ਨੂੰ ਨਜ਼ਰ-ਅੰਦਾਜ਼ ਕਰਕੇ ਆਪਣੇ ਪਸੰਦੀਦਾ ਅਧਿਕਾਰੀਆਂ ਰਾਹੀਂ 1.76 ਲੱਖ ਕਰੋੜ ਰੁਪਏ ਲੈਣ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਸਰਕਾਰ ਦੀ ਕਾਰਗੁਜ਼ਾਰੀ ਉੱਤੇ ਜੀਐੱਸਟੀ ਰਾਹੀਂ ਕਰ ਵਸੂਲੀ ਵਿੱਚ 13.2 ਫੀਸਦ ਟੀਚੇ ਦੇ ਮੁਕਾਬਲੇ ਕੇਵਲ 8.3 ਫੀਸਦ ਸਫਲਤਾ ਹਾਸਲ ਹੋਣੀ, ਕਾਰਪੋਰੇਟ ਟੈਕਸ ਵਿੱਚ ਕਟੌਤੀ ਅਤੇ ਖਾਸ ਤੌਰ ’ਤੇ ਨਿਵੇਸ਼ਕਾਂ ਅੰਦਰ ਉਤਸ਼ਾਹ ਦੀ ਕਮੀ ਦੇ ਕਾਰਨ ਸੁਆਲ ਉਠਾਇਆ ਗਿਆ ਹੈ। ਰਿਪੋਰਟ ਵਿੱਚ ਦੇਸ਼ ਦੀ ਵਿਕਾਸ ਦਰ 6.1 ਤੋਂ ਘਟ ਕੇ 5 ਫੀਸਦ ਤੱਕ ਰਹਿ ਜਾਣ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਦਾ ਮਤਲਬ ਹੈ ਕਿ ਰੁਜ਼ਗਾਰ ਪ੍ਰਾਪਤੀ ਦੇ ਮੌਕੇ ਪਹਿਲਾਂ ਨਾਲੋਂ ਵੀ ਘੱਟ ਹੋ ਜਾਣਗੇ। ਵਿੱਤੀ ਘਾਟਾ ਜੀਡੀਪੀ ਦਾ 3.3 ਦੇ ਮੁਕਾਬਲੇ ਵਧ ਕੇ 3.7 ਫੀਸਦ ਤੱਕ ਹੋ ਜਾਣ ਦੇ ਆਸਾਰ ਹਨ। ਇਸ ਨਾਲ ਕਰਜ਼-ਜਾਲ ਵਿੱਚ ਫਸੀ ਸਰਕਾਰ ਨੂੰ ਹੋਰ ਕਰਜ਼ੇ ਦੀ ਲੋੜ ਪਵੇਗੀ। ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਰਿਕਾਰਡ ਕਰਨਾ ਹੀ ਬੰਦ ਕਰਵਾ ਕੇ ਇਹ ਦਿਖਾਉਣ ਦੀ ਕੋਸ਼ਿਸ ਹੋ ਰਹੀ ਹੈ ਕਿ ਨਾ ਅੰਕੜੇ ਆਉਣਗੇ ਅਤੇ ਨਾ ਹੀ ਉਨ੍ਹਾਂ ਨੂੰ ਸਰਕਾਰ ਖ਼ਿਲਾਫ਼ ਆਧਾਰ ਬਣਾ ਕੇ ਕੋਈ ਅੰਦੋਲਨ ਹੋ ਸਕੇਗਾ। ਵਪਾਰਕ ਅਤੇ ਉਦਯੋਗਿਕ ਖੇਤਰ ਵੀ ਸੰਕਟ ਦੀ ਹਾਲਤ ਵਿੱਚ ਹੈ। ਇਸੇ ਕਰਕੇ ਖੇਤਰੀ ਵਿਆਪਕ ਆਰਥਿਕ ਹਿੱਸੇਦਾਰੀ (ਆਰਸੀਈਪੀ) ਦਾ ਦੇਸ਼ ਦੇ ਸਾਰੇ ਖੇਤਰਾਂ ਦੇ ਆਗੂਆਂ ਨੇ ਵਿਰੋਧ ਕੀਤਾ ਸੀ, ਜਿਸ ਕਾਰਨ ਸਰਕਾਰ ਨੂੰ ਪਿੱਛੇ ਹਟਣਾ ਪਿਆ।

ਦੁਨੀਆਂ ਭਰ ਵਿੱਚ ਵਪਾਰ ਸ਼ਰਤਾਂ ਭਾਰਤ ਦੇ ਹੱਕ ਵਿੱਚ ਨਹੀਂ ਹਨ। ਯੋਜਨਾਵਾਂ ਦੇ ਐਲਾਨ ਹੁੰਦੇ ਹਨ, ਪਰ ਇਨ੍ਹਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਂਦਾ। ਸਾਲ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਰਕਾਰ ਨੇ ਬੇਰੁਜ਼ਗਾਰੀ ਦੇ ਅੰਕੜੇ ਨਸ਼ਰ ਨਹੀਂ ਕਰਨ ਦਿੱਤੇ, ਜਿਸ ਕਰਕੇ ਕਈ ਅਧਿਕਾਰੀ ਅਸਤੀਫ਼ੇ ਦੇ ਗਏ। ਆਰਬੀਆਈ ਦੇ ਡਾਇਰੈਕਟਰਾਂ ਦੀ ਵੀ ਅਜਿਹੀ ਹੀ ਹਾਲਤ ਰਹੀ। ਚੋਣਾਂ ਤੋਂ ਬਾਅਦ ਜਾਰੀ ਅੰਕੜਿਆਂ ਅਨੁਸਾਰ 45 ਸਾਲਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ 2017-18 ਵਿੱਚ ਰਹੀ ਸੀ। ਜੀਐੱਸਟੀ ਨੂੰ ਆਜ਼ਾਦੀ ਦਿਵਸ ਨਾਲ ਜੋੜਦਿਆਂ ਸਰਕਾਰ ਨੇ ਰਾਤ ਨੂੰ ਸੰਸਦ ਦਾ ਇਜਲਾਸ ਬੁਲਾ ਕੇ ਜਸ਼ਨ ਮਨਾਏ। ਇਸ ਨੇ ਸੰਘੀ ਢਾਂਚੇ ਨੂੰ ਸੱਟ ਮਾਰੀ ਅਤੇ ਰਾਜਾਂ ਦਾ ਟੈਕਸ ਲਗਾਉਣ ਤੇ ਹਟਾਉਣ ਦਾ ਅਧਿਕਾਰ ਖੋਹ ਲਿਆ। ਹੁਣ ਕੇਂਦਰ ਟੈਕਸ ਵਸੂਲੀ ਵਿੱਚ ਆਪਣੇ ਟੀਚੇ ਪੂਰੇ ਨਹੀਂ ਕਰ ਸਕੀ ਅਤੇ ਰਾਜਾਂ ਦੇ ਹਿੱਸੇ ਦਾ ਪੈਸਾ ਸਮੇਂ ਸਿਰ ਜਾਰੀ ਨਾ ਹੋਣ ਕਰਕੇ ਪੰਜਾਬ ਸਮੇਤ ਬਹੁਤ ਸਾਰੇ ਰਾਜ ਗੰਭੀਰ ਆਰਥਿਕ ਸੰਕਟ ਵਿੱਚ ਫਸੇ ਮਹਿਸੂਸ ਕਰ ਰਹੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਹ ਮੁੱਦਾ ਕਈ ਵਾਰ ਕੇਂਦਰ ਸਰਕਾਰ ਕੋਲ ਉਠਾ ਚੁੱਕੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥ-ਸ਼ਾਸਤਰ ਵਿਭਾਗ ਦੀ ਪ੍ਰੋਫੈਸਰ ਡਾ. ਅਨੁਪਮਾ ਉਪਲ ਨੇ ਕਿਹਾ ਕਿ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਕਿਉਂਕਿ ਇਸ ਤੋਂ ਪਹਿਲਾਂ ਆਰਬੀਆਈ, ਏਸ਼ੀਅਨ ਡਿਵੈਲਪਮੈਂਟ ਬੈਂਕ ਸਮੇਤ ਕਈ ਰਿਪੋਰਟਾਂ ਅਰਥਵਿਵਸਥਾ ਦੀ ਗਿਰਾਵਟ ਦੀ ਗੱਲ ਕਰ ਚੁੱਕੀਆਂ ਹਨ। ਵਿਆਜ ਦੀਆਂ ਦਰਾਂ ਘਟਾਉਣ ਦਾ ਵੀ ਆਮ ਲੋਕਾਂ ਨੂੰ ਲਾਭ ਨਹੀਂ ਹੋਇਆ। ਅਸਲ ਸਮੱਸਿਆ ਮੰਗ ਪੈਦਾ ਕਰਨ ਦੀ ਹੈ। ਰੁਜ਼ਗਾਰ ਨਹੀਂ ਮਿਲੇਗਾ ਤਾਂ ਲੋਕਾਂ ਦੀਆਂ ਜੇਬਾਂ ਵਿੱਚ ਪੈਸਾ ਨਹੀਂ ਜਾਵੇਗਾ ਅਤੇ ਉਹ ਮੰਡੀ ਵਿੱਚ ਵਸਤਾਂ ਖ਼ਰੀਦਣ ਨਹੀਂ ਆਉਣਗੇ। ਜੇਕਰ ਮੰਗ ਹੀ ਨਹੀਂ ਹੋਵੇਗੀ ਤਾਂ ਨਿਵੇਸ਼ਕ ਵੀ ਨਿਵੇਸ਼ ਨਹੀਂ ਕਰਨਗੇ। ਇਸ ਪਾਸੇ ਨੀਤੀਗਤ ਪੱਧਰ ਉੱਤੇ ਸਰਕਾਰੀ ਧਿਆਨ ਦਿਖਾਈ ਨਹੀਂ ਦੇ ਰਿਹਾ।

# ਮੇਰੀ ਸੀ ਐੱਮ ਨਾਲ ਸਿੱਧੀ ਗੱਲ ਹੈ

**ਅੰਕੁਰ ਤਾਂਗੜੀ**
ਮੋਬਾਇਲ 97802-16988

'ਮੇਰੀ ਸੀ ਐੱਮ ਨਾਲ ਸਿੱਧੀ ਗੱਲ ਹੈ' ਇਹ ਬੋਲ ਅੱਜ ਕੱਲ੍ਹ ਹਰ ਤੀਜਾ ਜਾਂ ਚੌਥਾ ਆਦਮੀ ਕਹਿੰਦਾ ਹੈ। ਅਸੀਂ ਕਿਸੇ ਵੀ ਬੈਠਕ ਵਿਚ ਇਹ ਆਮ ਸੁਣਦੇ ਹਾਂ ਕਿ ਮੇਰੇ ਚਾਚੇ, ਮਾਮੇ, ਮਾਸੜ ਆਦਿ ਦੀ ਸੀਐੱਮ ਨਾਲ ਸਿੱਧੀ ਗੱਲ ਹੈ, ਪਰ ਜਦੋਂ ਕਿਸੇ ਆਪਣੇ ਖਾਸ ਨੂੰ ਕਹਿ ਦੋ ਕਿ ਸਾਨੂੰ ਸੀਐੱਮ ਲੈਵਲ 'ਤੇ ਇੱਕ ਛੋਟਾ ਜਿਹਾ ਕੰਮ ਹੈ ਤਾਂ ਉਸੇ ਮਾਮੇ, ਚਾਚੇ, ਮਾਸੜ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਅਜਿਹੇ ਇਨਸਾਨ ਇੱਕ ਇੱਕ ਮਹੀਨਾ ਫੋਨ ਨਹੀਂ ਚੁੱਕਦੇ। ਅਜਿਹੀ ਹੀ ਮਿਲਦੀ ਜੁਲਦੀ ਘਟਨਾ ਸਾਡੇ ਗਵਾਂਢ 'ਚ ਵਾਪਰੀ। ਮੇਰਾ ਹੀ ਦੋਸਤ ਜੋ ਉਮਰ 'ਚ ਮੇਰੇ ਤੋਂ ਵੱਡਾ ਸੀ ਹਰ ਗੱਲ ਵਿੱਚ ਕਹਿ ਦਿੰਦਾ ਕਿ ਮੇਰੇ ਚਾਚੇ ਦੀ ਡੀਜੀਪੀ ਨਾਲ ਸਿੱਧੀ ਗੱਲਬਾਤ ਹੈ। ਡੀਜੀਪੀ ਹਰ ਕੰਮ ਮੇਰੇ ਚਾਚੇ ਕੋਲੋਂ ਪੁੱਛ ਕੇ ਕਰਦਾ ਹੈ। ਇੱਥੋਂ ਤੱਕ ਸਾਡੇ ਗੁਆਂਢ ਦੇ ਕਈ ਲੋਕ ਇਹ ਕਹਿਣ ਲੱਗ ਗਏ ਕਿ ਡੀਜੀਪੀ ਸੂਸੂ ਵੀ ਕਰਨ ਜਾਂਦਾ ਹੈ ਤਾਂ ਇਸ ਦੇ ਚਾਚੇ ਨੂੰ ਪੁੱਛ ਕੇ ਜਾਂਦਾ ਹੈ, ਪਰ ਕਈਆਂ ਨੂੰ ਪਤਾ ਸੀ ਕਿ ਜਿਹੜਾ ਬੰਦਾ ਆਪ ਵਿਹਲਾ ਹੈ ਉਸ ਦਾ ਚਾਚਾ ਵੀ ਅਜਿਹਾ ਹੀ ਹੋਵੇਗਾ, ਪਰ ਇੱਕ ਦਿਨ ਗਲੀ 'ਚ ਜਾਂਦੇ ਇੱਕ ਪਤੀ-ਪਤਨੀ ਵਿੱਚ ਉਸ ਦਾ ਮੋਟਰਸਾਈਕਲ ਵੱਜ ਗਿਆ। ਝਗੜਾ ਸ਼ੁਰੂ ਹੋ ਗਿਆ। ਗੱਲ ਹੱਥੋ ਪਾਈ ਤੱਕ ਪਹੁੰਚ ਗਈ। ਪਤੀ-ਪਤਨੀ ਨੇ ਪੁਲਿਸ 'ਚ ਰਿਪੋਰਟ ਲਿਖਾ ਦਿੱਤੀ ਹਾਲੇ ਤੱਕ ਥਾਣੇ ਤੋਂ ਚਾਚੇ ਦੇ ਭਤੀਜੇ ਨੂੰ ਕੋਈ ਫੋਨ ਨਹੀਂ ਆਇਆ ਸੀ ਉਹ ਸਾਰੇ ਲੋਕਾਂ ਨੂੰ ਦੱਸਦਾ ਫਿਰਦਾ ਸੀ ਕਿ ਕੱਲ੍ਹ ਰੇਸ਼ਮਾ (ਬਦਲਿਆ ਹੋਇਆ ਨਾਮ) ਦੇ ਪਤੀ ਦੀ ਚੰਗੀ ਖੜਕਾਈ ਕੀਤੀ। ਸਾਨੂੰ ਵੀ ਦੱਸ ਰਿਹਾ ਸੀ ਕਿ ਰੇਸ਼ਮਾ ਦੇ ਘਰ ਵਾਲੇ ਦੀ ਤਸੱਲੀ ਕਰਾ ਦਿੱਤੀ। ਮੁਹੱਲੇ 'ਚ ਚਾਮ੍ਹਲਿਆ ਫਿਰਦਾ ਸੀ, ਲਓ ਜੀ ਥਾਣੇ ਤੋਂ ਸਾਡੇ ਸਾਹਮਣੇ ਹੀ ਫੋਨ ਆਉਂਦਾ ਹੈ ਤੁਹਾਡੇ ਖਿਲਾਫ ਸ਼ਿਕਾਇਤ ਆਈ ਹੈ ਠਾਣੇ ਆ ਜਾਓ। ਹਾਲੇ ਤੱਕ ਚਾਚੇ ਦੇ ਭਤੀਜੇ ਦੇ ਹੋਸ਼ ਟਿਕਾਣੇ ਨਹੀਂ ਆਏ ਸਨ ਉਹ ਕਹਿਣ ਲੱਗਾ ਇਨ੍ਹਾਂ ਪਤੀ-ਪਤਨੀ ਨੂੰ ਮਜ਼ਾ ਚੁਕਾਉਣਾ ਪੂਰਾ.. ਚਾਚੇ ਦੇ ਭਤੀਜੇ ਨੇ ਦੋ ਤਿੰਨ ਫੋਨ ਕੀਤੇ ਅਤੇ ਉਸ ਤੋਂ ਬਾਅਦ ਕਹਿੰਦਾ ਮੈਨੂੰ ਪਟਿਆਲੇ ਜਾਣਾ ਪੈਣਾ ਹੈ ਪਰ ਜਦੋਂ ਉਹ ਪੁਲਿਸ ਥਾਣੇ ਨਾ ਪਹੁੰਚ ਪਟਿਆਲੇ ਚਲੇ ਗਿਆ ਤਦ ਤੱਕ ਪਰਚਾ ਕੱਟਿਆ ਗਿਆ ਤੇ ਸਾਨੂੰ ਫ਼ੋਨ ਕਰਕੇ ਕਹਿੰਦਾ ਤੇ ਅੱਜ ਪਤੀ-ਪਤਨੀ ਦੀ ਪੂਰੀ ਤਸੱਲੀ ਹੋਣੀ ਥਾਣੇ 'ਚ ਅਸੀਂ ਜਦੋਂ ਉਸ ਨੂੰ ਦੱਸਿਆ ਕਿ ਤੇਰੇ ਖਿਲਾਫ ਪਰਚਾ ਕੱਟਿਆ ਗਿਆ ਹੈ। ਤੇਰੇ 'ਤੇ ਧਾਰਾ 354 ਲੱਗੀ, ਕੇਸ ਕੋਰਟ 'ਚ ਜਾਊਗਾ ਤੁਰੰਤ ਹੀ ਮੇਰੇ ਦੂਸਰੇ ਦੋਸਤਾਂ ਤੋਂ ਸਲਾਹ ਲੈਣ ਲੱਗਾ। ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ ਅਸੀਂ ਕਿਹਾ ਚਾਚਾ ਜੀ ਨੂੰ ਕਹੋ ਤਾਂ ਕਹਿੰਦਾ ਇਹ ਸ਼ਿਕਾਇਤ ਔਰਤ ਵੱਲੋਂ ਹੈ। ਉੱਥੇ ਚਾਚਾ ਜੀ ਸਾਹਮਣੇ ਬਦਨਾਮੀ ਹੋਵੇਗੀ ਸਾਡੇ ਸਾਹਮਣੇ ਚਾਚੇ ਦਾ ਭਤੀਜਾ ਰੋਣ ਲੱਗਾ ਤੇ ਕਹਿੰਦਾ ਮੇਰੇ ਫ਼ੈਸਲਾ ਕਰਵਾਓ ਅਸੀਂ ਸਾਰੇ ਸ਼ਹਿਰ ਦੇ ਹੀ ਕੁਝ ਪ੍ਰਧਾਨਾਂ ਨੂੰ ਵਿੱਚ ਪਾਇਆ ਅਤੇ ਸ਼ਰਤ ਦੇ ਤਹਿਤ ਫੈਸਲਾ ਹੋਇਆ ਕਿ ਉਸ ਪਤੀ-ਪਤਨੀ ਤੋਂ ਪੈਰਾਂ ਨੂੰ ਹੱਥ ਲਾ ਕੇ ਮੁਆਫੀ ਮੰਗਣੀ ਪਵੇਗੀ। ਭਤੀਜਾ ਜੀ ਤਿਆਰ ਹੋ ਗਏ। ਫੈਸਲਾ ਤਾਂ ਹੋ ਗਿਆ ਕਾਗਜ਼ੀ ਕਾਰਵਾਈ ਬਾਕੀ ਸੀ। ਆਉਂਦੇ ਹੀ ਕਹਿਣ ਲੱਗਾ ਜੇਕਰ ਕੇਸ ਰੇਸ਼ਮਾ ਨਾ ਕਰਦੀ ਤਾਂ ਇਨ੍ਹਾਂ ਨੂੰ ਦੱਸਦਾ.... ਅਸੀਂ ਸਾਰੇ ਜ਼ੋਰ ਜ਼ੋਰ ਨਾਲ ਹੱਸਣ ਲੱਗੇ ਤੇ ਚਾਚੇ ਦੇ ਭਤੀਜੇ ਨੂੰ ਸਮਝਾਉਣ ਲੱਗੇ ਹਾਲੇ ਵੀ ਤੈਨੂੰ ਪੂਰੀ ਤਰ੍ਹਾਂ ਅਕਲ ਨਹੀਂ ਆਈ ਚਾਚੇ ਦੇ ਭਤੀਜਿਆਂ ....ਪਿਛਲੇ ਸਮਿਆਂ 'ਚ ਅਜਿਹਾ ਘੱਟ ਹੁੰਦਾ ਸੀ ਅੱਜ ਸੀਐੱਮ ਤੋਂ ਨੀਚੇ ਕੋਈ ਗੱਲ ਹੀ ਨਹੀਂ ਕਰਦਾ ਜੇਕਰ ਇੱਕ ਆਦਮੀ ਕਹਿ ਦੇਵੇ ਮੇਰੀ ਸੀਐੱਮ ਜਾਂ ਮੇਰੇ ਚਾਚੇ, ਮਾਮੇ ਦੀ ਸੀਐੱਮ ਨਾਲ ਸਿੱਧੀ ਗੱਲ ਹੈ ਤਾਂ ਦੂਸਰਾ ਆਦਮੀ ਝੱਟ ਹੀ ਕਹਿ ਦਿੰਦਾ ਮੇਰੀ ਮੋਦੀ ਨਾਲ ਸਿੱਧੀ ਗੱਲਬਾਤ ਹੈ। ਪਹਿਲੇ ਸਮੇਂ 'ਚ ਸਰਪੰਚਾਂ, ਡੀਸੀ, ਐਸਐਸਪੀ ਨਾਲ ਸਿੱਧੀ ਗੱਲ ਕਹਿੰਦੇ ਸਨ। ਕਹਿੰਦੇ ਮੇਰਾ ਤਾਇਆ ਸਰਪੰਚ ਹੈ, ਪਟਵਾਰੀ ਹੈ ਡੀਐੱਸਪੀ ਹੈ, ਥਾਣੇਦਾਰ ਹੈ। ਸਕੂਲਾਂ ਵਿੱਚ ਬੱਚਿਆਂ ਨੂੰ ਮਾਸਟਰ ਤੱਕ ਦਾ ਡਰ ਹੁੰਦਾ ਸੀ ਮਾਸਟਰ ਬੱਚਿਆਂ ਦੇ ਚੰਗੇ ਭਵਿੱਖ ਨੂੰ ਦੇਖ ਕੇ ਬੱਚਿਆਂ ਦਾ ਕੁਟਾਪਾ ਤੱਕ ਕਰ ਦਿੰਦੇ ਸਨ। ਅੱਜ ਦੇ ਸਮੇਂ ਵਿੱਚ ਤੁਸੀਂ ਕਿਸੇ ਦੇ ਬੱਚੇ ਨੂੰ ਕਹਿ ਤਾਂ ਦਿਓ ਮਾਂ ਬਾਪ ਵੀ ਬੱਚਿਆਂ ਨਾਲ ਲੱਗ ਕੇ ਧਰਨੇ ਦੇਣ ਲੱਗ ਜਾਂਦੇ ਹਨ ਜਾਂ ਬਦਲੀ ਕਰਾਉਣ ਦੀ ਧਮਕੀ ਦਿੰਦੇ ਹਨ। ਬੱਚਿਆਂ ਨੂੰ ਵੀ ਮਾਪੇ ਪੂਰੀ ਸ਼ਹਿ ਦਿੰਦੇ ਹਨ। ਬੱਚੇ ਆਪ ਹੀ ਮਾਸਟਰ ਨੂੰ ਕਹਿ ਦਿੰਦੇ ਹਨ ਮੇਰਾ ਪਿਓ ਡੀਸੀ ਦਫਤਰ 'ਚ ਲੱਗਾ ਜਾ ਮੇਰੇ ਚਾਚੇ ਦੀ ਸੀਐੱਮ ਨਾਲ ਸਿੱਧੀ ਗੱਲ ........ਕਿਸੇ ਨੇ ਸੱਚ ਹੀ ਕਿਹਾ ਹੈ ਪਹਿਲਾਂ ਤੋਲੋ ਫਿਰ ਬੋਲੋ ਲੋਕਾਂ 'ਚ ਮੈਂ ਮੈਂ ਇੰਨੀ ਹੈ ਕਿ ਉਹ ਬੋਲਣ ਵੇਲੇ ਨਹੀਂ ਸੋਚਦੇ ਕਿ ਅਸੀਂ ਕੀ ਬੋਲਦੇ ਹਾਂ। ਮੇਰੀ ਸੀਐੱਮ ਨਾਲ ਸਿੱਧੀ ਗੱਲ ਹੈ ਕਹਿ ਤਾਂ ਦਿੰਦੇ ਹਨ ਪਰ ਦੇਖਿਆ ਜਾਵੇ ਤਾਂ ਸੀਐੱਮ ਦੇ ਮੰਤਰੀ, ਵਿਧਾਇਕ ਵੀ ਪਹਿਲਾਂ 100 ਵਾਰੀ ਸੋਚਦੇ ਹਨ ਕਿ ਸੀਐੱਮ ਸਾਹਿਬ ਨੂੰ ਕਿਵੇਂ ਮਿਲਿਆ ਜਾਵੇ ਵਿਧਾਇਕ ਆਪ ਤਾਂ ਓਐੱਸਡੀ ਜਾਂ ਪੀ ਏ ਕੋਲ ਬੈਠ ਕੇ ਆ ਜਾਂਦੇ ਹਨ। ਸੀਐੱਮ ਸਾਹਿਬ ਮੰਤਰੀਆਂ ਤੇ ਵਿਧਾਇਕਾਂ ਨੂੰ ਤਾਂ ਬਹੁਤ ਮੁਸ਼ਕਿਲ ਨਾਲ ਟਾਈਮ ਦਿੰਦੇ ਹਨ ਅਜਿਹੀ ਹਾਲਤ ਵਿੱਚ ਉਹ ਆਮ ਬੰਦੇ ਨੂੰ ਕਿਵੇਂ ਬੜੀ ਆਸਾਨੀ ਨਾਲ ਮਿਲ ਸਕਦੇ ਹਨ ਇਹ ਇੱਕ ਵੱਡਾ ਸਵਾਲ ਹੈ। ਖਾਸਕਰ ਪੰਜਾਬ ਵਿੱਚ.... ਪਹਿਲੇ ਸਮੇਂ ਮਾਂ ਪਿਓ ਇਹ ਨਹੀਂ ਦੱਸਦੇ ਸਨ ਕਿ ਸਾਡੀ ਅਪਰੋਚ ਕੀ ਹੈ ਤਾਂ ਕਿ ਸਾਡਾ ਬੱਚਾ ਹੰਕਾਰੇ ਨਾ, ਪਰ ਅੱਜ ਦੇ ਸਮੇਂ ਵਿੱਚ ਲੋਕਾਂ ਨੇ ਟਰੈਂਡ ਬਣਾ ਲਿਆ ਹੈ ਕਿ ਸਾਡੀ ਅਪਰੋਚ ਬਾਰੇ ਹਰ ਬੰਦੇ ਨੂੰ ਪਤਾ ਹੋਵੇ। ਸਕੂਲਾਂ ਕਾਲਜਾਂ ਦੇ ਬਾਹਰ ਅਸੀਂ ਆਮ ਦੇਖਦੇ ਹਾਂ ਕਿ ਕਿਸੇ ਵੱਡੇ ਅਧਿਕਾਰੀ ਨੂੰ ਸਰਕਾਰ ਨੇ ਜੋ ਫੈਸਿਲਿਟੀ ਦਿੱਤੀਆਂ ਹਨ ਉਨ੍ਹਾਂ ਦਾ ਉਪਯੋਗ ਜ਼ਿਆਦਾਤਰ ਉਨ੍ਹਾਂ ਦੇ ਬੱਚੇ ਕਰਦੇ ਹਨ। ਬੱਚਿਆਂ ਨੂੰ ਸਕੂਲਾਂ 'ਚ ਗੰਨਮੈਨ ਛੱਡਣ ਆਉਂਦੇ ਹਨ ਸੋਸ਼ਲ ਮੀਡੀਆ 'ਤੇ ਹਰ ਦੂਜਾ ਵਿਅਕਤੀ ਆਪਣੀਆਂ ਫੋਟੋਆਂ ਵੱਡੇ ਅਧਿਕਾਰੀ, ਸੈਲੀਬ੍ਰਿਟੀਜ਼ ਜਾ ਮੰਤਰੀਆਂ ਨਾਲ ਪਾਉਂਦਾ ਹੈ ,ਤਾਂ ਕਿ ਲੋਕਾਂ ਨੂੰ ਪਤਾ ਲੱਗੇ ਕਿ ਮੇਰੀ ਕਿੰਨੀ ਚੜ੍ਹਾਈ ਹੈ। ਪਿਛਲੇ ਦਿਨੀਂ ਇੱਕ ਆਪਣੇ ਦੋਸਤ ਦੀ ਫੋਟੋ ਮੈਂ ਸੀਐੱਮ ਨਾਲ ਵੇਖੀ ਫ਼ੋਟੋ ਪੁਰਾਣੀ ਸੀ ਪਰ ਜਦੋਂ ਉਸ ਨਾਲ ਗੱਲ ਕੀਤੀ ਕਿ ਇੱਕ ਬਦਲੀ ਕਰਵਾਉਣੀ ਹੈ ਸੀਐੱਮ ਸਾਹਿਬ ਨੂੰ ਸਿਫਾਰਿਸ਼ ਕਰ ਦਿਓ ਤਾਂ ਉਸ ਨੇ ਤੁਰੰਤ ਕਿਹਾ ਇਹ ਤਾਂ ਬਹੁਤ ਛੋਟਾ ਜਿਹਾ ਕੰਮ ਹੈ। ਮੈਂ ਕਿਸੇ ਦੀ ਡਿਊਟੀ ਲਗਾ ਦਿੰਦਾ ਹਾਂ ਜਿੱਦਾਂ ਹੀ ਉਸ ਨੇ ਇਹ ਕਿਹਾ ਮੈਨੂੰ ਲੱਗਿਆ ਕੰਮ ਦੋ ਜਾਂ ਤਿੰਨ ਦਿਨ ਤੱਕ ਹੋ ਜਾਵੇਗਾ। ਪਤਾ ਨਹੀਂ ਮੈਨੂੰ ਉਸਨੇ ਦੋ ਤਿੰਨ ਕਿਹੜੇ ਕਿਹੜੇ ਲੋਕਾਂ ਨੂੰ ਫੋਨ ਕਰਨ ਨੂੰ ਕਿਹਾ ਮੈਂ ਫੋਨ ਕਰ ਦਿੱਤੇ ਫਿਰ ਇੱਕ ਵਿਧਾਇਕ ਨੂੰ ਫੋਨ ਕਰਨ ਨੂੰ ਕਿਹਾ ਜਦੋਂ ਮੈਂ ਵਿਧਾਇਕ ਨੂੰ ਫੋਨ ਕੀਤਾ ਤਾਂ ਵਿਧਾਇਕ ਨੇ ਅਰਜ਼ੀ ਭੇਜਣ ਨੂੰ ਕਿਹਾ ਚਲੋ ਅਰਜ਼ੀ ਵੀ ਭੇਜ ਦਿੱਤੀ ਦਸ ਦਿਨ ਪਹਿਲਾਂ ਹੀ ਨਿਕਲ ਗਏ ਔਖੇ ਸੌਖੇ ਦਸ ਦਿਨ ਹੋਰ ਨਿਕਲ ਗਏ। ਮੰਤਰੀ ਕੋਲ ਵੀ ਆ ਗਏ ਅਰਜੀ ਰਿਕਮੈਂਡ ਵੀ ਹੋ ਗਈ ਮੇਰਾ ਦੋਸਤ ਕਹਿੰਦਾ ਸੀਐੱਮ ਤੱਕ ਦੀ ਲੋੜ ਹੀ ਨਹੀਂ ਪੈਣੀ। ਅਰਜ਼ੀ ਦਿੱਤੇ ਨੂੰ ਹੁਣ 30 ਦਿਨ ਹੋ ਗਏ ਸਨ ਮੇਰੇ ਸਾਹਮਣੇ ਸਾਡੇ ਮਿੱਤਰ ਪਿਆਰੇ ਵਿਧਾਇਕ ਨੂੰ ਫੋਨ ਕਰਦੇ ਹਨ। ਵਿਧਾਇਕ ਜੀ ਫੋਨ ਚੁੱਕਦੇ ਹਨ ਤੇ ਕਹਿੰਦੇ ਹਨ ਤੁਹਾਡਾ ਕੰਮ ਪ੍ਰੋਸੈੱਸ ਵਿੱਚ ਹੈ ਦੋ ਮਹੀਨੇ ਬਾਅਦ ਸਟੇਟਸ ਪੁੱਛਦੇ ਹਾਂ ਤਾਂ ਪ੍ਰੋਸੈੱਸ ਚੱਲਦਾ ਹੈ ਪਰ ਸਾਡੀ ਅਰਜ਼ੀ ਤਾਂ ਹਾਲੇ ਮਹਿਕਮੇ ਤੱਕ ਪਹੁੰਚੀ ਹੀ ਨਹੀਂ ਸੀ। ਹਾਰ ਕੇ ਮੈਂ ਕਿਹਾ ਜੇ ਕੰਮ ਹੁੰਦਾ ਹੈ ਤਾਂ ਕਰਾਓ ਨਹੀਂ ਰਹਿਣ ਦਿਓ ਅਸੀਂ ਕੋਈ ਹੋਰ ਬੰਦਾ ਵੇਖ ਲੈਂਦੇ ਹਾਂ। ਮਿੱਤਰ ਜੀ ਸਾਡੇ ਕਹਿੰਦੇ ਵਿਧਾਇਕ ਦੀ ਤੇਰੇ ਸਾਹਮਣੇ ਕਲਾਸ ਲਗਾਉਂਦਾ ਹਾਂ। ਫੋਨ ਦਾ ਸਪੀਕਰ ਓਨ ਕਰਕੇ ਮੇਰੇ ਸਾਹਮਣੇ ਇਹੀ ਗੱਲ ਬੋਲਦਾ ਹੈ ਕੇ ਜੇ ਕੰਮ ਹੁੰਦਾ ਹੈ ਤਾਂ ਕਰਾਓ ਲਾਰੇ ਨਾ ਲਗਾਓ ਤਾਂ ਤੁਰੰਤ ਵਿਧਾਇਕ ਜੀ ਬੋਲਦੇ ਨੇ ਕਾਕਾ ਜੀ ਤੁਹਾਡਾ ਹੀ ਕੰਮ ਜ਼ਰੂਰੀ ਨਹੀਂ। ਸਾਨੂੰ ਹੋਰ ਵੀ ਕੰਮ ਨੇ ਨਾਲੇ ਤੁਹਾਡੇ ਕੰਮ ਦਾ ਅਸੀਂ ਠੇਕਾ ਨਹੀਂ ਲਿਆ ਹੋਇਆ ਬੋਲਣ ਵੇਲੇ ਸੋਚਿਆ ਕਰੋ ਤੁਸੀਂ ਕਿਸ ਨਾਲ ਗੱਲ ਕਰ ਰਹੇ ਹੋ। ਮੇਰੇ ਮਿੱਤਰ ਜੀ ਪਾਣੀ ਪਾਣੀ ਹੋ ਗਏ ਤੇ ਕਹਿਣ ਲੱਗੇ ਭਰਾਵਾਂ ਤੁਸੀਂ ਆਪ ਹੀ ਦੇਖ ਲਓ। ਇਹ ਕੰਮ ਸੀਐੱਮ ਨਾਲ ਸਿੱਧੀ ਗੱਲ ਕਹਿਣ ਵਾਲੇ ਮਿੱਤਰ ਦੀ ਵਿਧਾਇਕ ਨੇ ਹੀ ਚੰਗੀ ਕਲਾਸ ਲਗਾਈ। ਇਹ ਬਿਲਕੁੱਲ ਸੱਚ ਹੈ ਕਿ ਜਿਹੜੇ ਬੰਦੇ ਦੀ ਸੱਚਮੁੱਚ ਹੀ ਸੀਐੱਮ ਜਾਂ ਪੀਐੱਮ ਨਾਲ ਸਿੱਧੀ ਗੱਲਬਾਤ ਹੋਵੇ ਉਹ ਸ਼ੋਅ ਨਹੀਂ ਕਰਦਾ ਉਹ ਕਤਰਾਉਂਦਾ ਹੈ ਕਿ ਜੇਕਰ ਲੋਕਾਂ ਨੂੰ ਇਸ ਬਾਰੇ ਪਤਾ ਲੱਗ ਗਿਆ ਤਾਂ ਉਹ ਜ਼ਿਆਦਾਤਰ ਵਗਾਰਾਂ ਹੀ ਪਾਉਣਗੇ।

## ਸਿੱਖ ਪੰਥ ਤੋਂ ਖੁਸ਼ ਨੇ ਅਮਰੀਕਾ ਦੇ ਲੋਕ

### *ਅਮਰੀਕਾ ਦੀ ਕਾਂਗਰਸ ਵਲੋਂ ਸਿੱਖ ਭਾਈਚਾਰੇ ਨੂੰ ਸਨਮਾਨਿਤ ਕਰਨ ਲਈ ਮਤਾ ਪਾਸ*

**ਵਾਸ਼ਿੰਗਟਨ/ਏ.ਟੀ. ਨਿਊਜ਼ :** ਅਮਰੀਕਾ ਦੀ ਕਾਨੂੰਨ ਬਣਾਉਣ ਵਾਲੀ ਸਭ ਤੋਂ ਉੱਚ ਸੰਸਥਾ ਯੂ.ਐਸ. ਕਾਂਗਰਸ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਇਤਿਹਾਸਕ, ਸੱਭਿਆਚਾਰਕ ਤੇ ਧਾਰਮਿਕ ਮਹੱਤਤਾ ਨੂੰ ਦੇਖਦਿਆਂ ਸਿੱਖ-ਅਮਰੀਕੀਆਂ ਨੂੰ ਦੇਸ਼ ਦੀ ਤਰੱਕੀ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਨੂੰ ਸਨਮਾਨਿਤ ਕਰਨ ਦਾ ਮਤਾ ਪਾਸ ਕੀਤਾ ਹੈ। ਮਤੇ ਵਿਚ ਕਿਹਾ ਗਿਆ ਕਿ ਅਮਰੀਕਾ ਤੇ ਦੁਨੀਆ ਭਰ ਦੇ ਸਿੱਖ ਬਰਾਬਰਤਾ, ਸੇਵਾ ਤੇ ਭਗਤੀ ਦੀਆਂ ਕਦਰਾਂ ਕੀਮਤਾਂ ਅਤੇ ਆਦਰਸ਼ਾਂ ਨੂੰ ਜਿਉਂਦੇ ਹਨ, ਜਿਨ੍ਹਾਂ ਦਾ ਪ੍ਰਚਾਰ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ




ਦੇਵ ਜੀ ਨੇ ਕੀਤਾ ਸੀ। ਸੈਨੇਟ ਵਿਚ ਮਤਾ ਤਿੰਨ ਡੈਮੋਕ੍ਰੇਟਿਕ ਸੈਨਟਰਾਂ ਡਿਕ ਡੁਰਬਿਨ, ਬੌਬ ਮੈਨਨਡੇਜ਼ ਤੇ ਬੇਨ ਕਾਰਡਿਨ ਵਲੋਂ ਤੇ ਪ੍ਰਤੀਨਿਧ ਸਦਨ ਵਿਚ ਇਸ ਨੂੰ ਡੈਮੋਕ੍ਰੇਟਿਕ ਪਾਰਟੀ ਤੋਂ ਰਿਪਬਲੀਕਨ ਕਾਂਗਰਸ ਦੇ ਮੈਂਬਰ ਗ੍ਰੇਗ ਪ੍ਰੈਂਸ ਤੇ ਪੀਟਰ ਵਿਲੋਸਕੀ ਨੇ ਪੇਸ਼ ਕੀਤਾ।

## ਸੌਦਾ ਸਾਧ ਵਾਲੀ ਹਨੀਪ੍ਰੀਤ ਦੀ ਹੋਈ ਜ਼ਮਾਨਤ

### *ਰੀਵਿਊ ਪਟੀਸ਼ਨ ਦਾਇਰ ਕਰੇਗੀ ਪੁਲਿਸ*

**ਚੰਡੀਗੜ੍ਹ/ਏ.ਟੀ. ਨਿਊਜ਼ :** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਧਵੀ ਰੇਪ ਕੇਸ ਵਿਚ ਦੋਸ਼ੀ ਕਰਾਰ ਦਿੱਤੇ ਜਾਣ ਦੇ



ਬਾਅਦ ਭੜਕੀ ਹਿੰਸਾ ਦੇ ਮਾਮਲੇ ਵਿਚ ਹਨੀਪ੍ਰੀਤ ਨੂੰ ਪੰਚਕੂਲਾ ਕੋਰਟ ਤੋਂ ਬੀਤੇ ਦਿਨੀਂ ਜ਼ਮਾਨਤ ਮਿਲ ਗਈ। ਪਿਛਲੀ ਸੁਣਵਾਈ ਦੌਰਾਨ ਉਸ ਵਿਰੁੱਧ ਦੇਸ਼ਧ੍ਰੋਹ ਦੀ ਧਾਰਾ ਹਟਾ ਲਈ ਗਈ ਸੀ। ਹਨੀਪ੍ਰੀਤ 'ਤੇ ਦੇਸ਼ਧ੍ਰੋਹ ਦੀ ਧਾਰਾ ਦੁਬਾਰਾ ਲਗਾਉਣ ਲਈ ਪੁਲਿਸ ਹਾਈ ਕੋਰਟ ਵਿਚ ਰੀਵਿਊ ਪਟੀਸ਼ਨ ਦਾਇਰ ਕਰੇਗੀ।

*ਕੋਰੀ -ਕਰਾਰੀ ਗੱਲ*

## ਭਾਰਤ ਸਰਕਾਰ ਦੇ ਲਾਂਘੇ ਸੰਬੰਧੀ ਸਮਾਗਮ 'ਚੋਂ ਗੁਰੂ ਤੇ ਗੁਰਮੁਖੀ ਨੂੰ ਮਨਫ਼ੀ ਕਰਨ ਪਿੱਛੇ ਕੀ ਮਜ਼ਬੂਰੀ ?

**ਮਨਦੀਪ ਖੁਰਮੀ ਹਿੰਮਤਪੁਰਾ**

ਕਹਿੰਦੇ ਹਨ ਕਿ ਇੱਕ ਪੁੱਤ ਨੇ ਆਪਣੇ ਸਿਆਸਤਦਾਨ ਪਿਓ ਕੋਲੋਂ ਸਿਆਸਤ ਦੇ ਗੁਰ ਸਿੱਖਣ ਦੀ ਰਟ ਲਾ ਰੱਖੀ ਸੀ। ਉਹਦਾ ਆਪਣੇ ਪਿਓ ਅੱਗੇ ਹਰ ਵਾਰ ਇਹੀ ਰੋਣਾ ਰਹਿੰਦਾ ਕਿ ਉਹਨੇ ਵੀ ਸਿਆਸਤਦਾਨ ਬਣਨਾ ਹੈ ਤੇ ਉਸਨੂੰ ਸਿਆਸੀ ਬਿਸਾਤ ਦੀਆਂ ਚਾਲਾਂ ਚੱਲਣ ਦਾ ਵੱਲ ਸਿਖਾਇਆ ਜਾਵੇ। ਨਿਰੋਲ ਸਿਆਸੀ ਪਿਓ ਐਨਾ ਕੁ ਮਜ਼ਬੂਰ ਹੋ ਗਿਆ ਕਿ ਉਸਨੇ ਮੁੰਡੇ ਦੀ ਜ਼ਿਦ ਅੱਗੇ ਗੋਡੇ ਟੇਕ ਦਿੱਤੇ। ਪੁੱਤਰ ਨੂੰ ਸਿਆਸੀ ਕਾਇਦੇ ਦੇ ਪਹਿਲੇ ਸਬਕ ਦਾ ਗਿਆਨ ਦੇਣ ਲਈ ਹੁਕਮ ਦਿੱਤਾ ਕਿ ਪੌੜੀ ਰਾਹੀਂ ਕੋਠੇ ਦੀ ਛੱਤ 'ਤੇ ਚੜ੍ਹ ਜਾਵੇ। ਮੁੰਡੇ ਦੇ ਛੱਤ 'ਤੇ ਚੜ੍ਹਨ ਤੋਂ ਬਾਅਦ ਪਿਓ ਨੇ ਪੌੜੀ ਚੁੱਕ ਲਈ ਅਤੇ ਮੁੰਡੇ ਨੂੰ ਛੱਤ ਤੋਂ ਵਿਹੜੇ 'ਚ ਛਾਲ ਮਾਰਨ ਦਾ ਹੁਕਮ ਕੀਤਾ। ਮੁੰਡਾ ਡੌਰ ਭੌਰ ਕੇ ਬਾਪੂ ਅੱਜ ਲੱਤਾਂ ਬਾਂਹਾਂ ਜ਼ਰੂਰ ਤੁੜਵਾਵੇਗਾ। ਪਿਓ ਨੇ ਉਹਦਾ ਫਿਕਰ ਦੂਰ ਕਰਨ ਲਈ ਬਾਂਹਾਂ ਖਿਲਾਰ ਲਈਆਂ ਕਿ 'ਤੂੰ ਛਾਲ ਮਾਰ, ਮੈਂ ਆਪਣੀਆਂ ਬਾਂਹਾਂ ਵਿੱਚ ਬੋਚ ਲਵਾਂਗਾ।' ਮੁੰਡੇ ਨੇ ਪਿਓ 'ਤੇ ਯਕੀਨ ਕਰਦਿਆਂ ਛਾਲ ਮਾਰ ਦਿੱਤੀ ਪਰ ਪਿਓ ਛੜੱਪਾ ਮਾਰ ਕੇ ਪਿਛਾਂਹ ਹਟ ਗਿਆ। ਮੁੰਡੇ ਦੇ ਗੋਡੇ ਗਿੱਟੇ ਛਿੱਲੇ ਗਏ ਤੇ ਹੋਰ ਵੀ ਸੱਟਾਂ ਵੱਜੀਆਂ। ਕੁਰਲਾਉਂਦਾ ਹੋਇਆ ਬੋਲਿਆ, 'ਬਾਪੂ, ਆਹ ਕੀ ਕੀਤਾ? ਮੈਨੂੰ ਛਾਲ ਮਾਰਨ ਲਈ ਕਹਿ ਕੇ ਆਪ ਮੈਨੂੰ ਬਚਾਇਆ ਕਿਉਂ ਨਹੀਂ ?' ਤਾਂ ਬਾਪੂ ਦਾ ਦਿੱਤਾ ਜਵਾਬ ਹਰ ਸਮੇਂ ਦੀ ਸਿਆਸਤ 'ਤੇ ਢੁਕਦਾ ਆ ਰਿਹਾ ਹੈ ਤੇ ਢੁਕਦਾ ਹੀ ਰਹੇਗਾ। ਬਾਪੂ ਦਾ ਜਵਾਬ ਸੀ ਕਿ 'ਇਹੀ ਸਿਆਸਤ ਦਾ ਪਹਿਲਾ ਸਬਕ ਹੈ ਕਿ ਜੋ ਦਿਸਦੀ ਹੈ, ਓਹ ਹੁੰਦੀ ਨਹੀਂ। ਜੋ ਹੁਦੀ ਹੈ, ਓਹ ਦਿਸਦੀ ਨਹੀਂ।'

ਸਚਮੁੱਚ ਹੀ ਅਜਿਹੀ ਸਿਆਸਤ ਦੇ ਪੈਂਤੜੇ ਹੀ ਬੀਤੇ ਦਿਨੀਂ ਹੋਏ ਭਾਰਤ ਸਰਕਾਰ ਵੱਲੋਂ ਆਯੋਜਿਤ ਲਾਂਘਾ ਸਮਾਗਮਾਂ ਵਿੱਚ ਦੇਖਣ ਨੂੰ ਮਿਲੇ। ਸਿਆਸਤ ਤਾਂ ਸਕੇ ਪੁੱਤ ਦੀ ਸਕੀ ਨਹੀਂ ਹੁੰਦੀ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਵੇਂ ਬਖ਼ਸ਼ ਦਿੰਦੀ? ਸਮਾਗਮਾਂ ਵਿੱਚ ਕੋਈ ਅਜਿਹਾ ਵਰਤਾਰਾ ਦੇਖਣ ਨੂੰ ਮਿਲਿਆ, ਜਿਹੜਾ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਹੋਵੇ ? ਪਾਠਕ ਵੀ ਜਵਾਬ ਵਜੋਂ ਸਿਰ ਨਾਂਹ 'ਚ ਹੀ ਹਿਲਾਵੇਗਾ। ਭਾਗੋ ਦੇ ਪਕਵਾਨ ਠੁਕਰਾ ਕੇ ਲਾਲੋ ਦੀ ਕੋਧਰੇ ਦੀ ਰੋਟੀ ਸਵੀਕਾਰਨ ਵਾਲੇ ਬਾਬੇ ਦੀ ਕਿਹੜੀ ਸਿੱਖਿਆ ਦਾ ਅਸੀਂ ਪਾਲਣ ਕੀਤਾ ਹੈ ? ਫਾਸਟ ਫੂਡ, ਕੋਲਡ ਡਰਿੰਕ ਦੇ ਸਟਾਲ ਕਦੋਂ "ਲੰਗਰ" ਦਾ ਰੁਤਬਾ ਹਾਸਲ ਕਰ ਗਏ, ਸਾਨੂੰ ਪਤਾ ਹੀ ਨਹੀਂ ਲੱਗਿਆ ? ਬਾਬਾ ਨਾਨਕ ਵੀ ਹੈਰਾਨ ਹੁੰਦਾ ਹੋਵੇਗਾ 550 ਤਰ੍ਹਾ ਦੇ ਪਕਵਾਨ ਦੇਖ ਕੇ ਅਤੇ ਬੀਮਾਰੀਆਂ ਨੂੰ ਸੱਦਾ ਦੇਣ ਵਾਲੇ ਗੈਸੀ ਜਲ ਪਦਾਰਥਾਂ ਨੂੰ ਲੰਗਰ ਕਹਿ ਵਰਤਾਏ ਜਾਂਦੇ ਦੇਖ ਕੇ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਰੂਹ ਗੁਰਮੁਖੀ ਅੰਦਰ ਵਸਦੀ ਹੈ, ਪਰ ਭਾਰਤ ਸਰਕਾਰ ਵੱਲੋਂ ਸਮਾਗਮ ਹਿਤ ਪੰਜਾਬ ਦੀ ਹਿੱਕ 'ਤੇ ਗੱਡੇ ਗਏ ਨੀਂਹ ਪੱਥਰ ਵਿੱਚੋਂ ਨਾ ਤਾਂ ਗੁਰੂ ਨਾਨਕ ਦੇਵ ਜੀ ਦਾ ਨਾਮ ਲੱਭਦਾ ਹੈ ਤੇ ਨਾ ਹੀ ਗੁਰਮੁਖੀ। ਸਿਆਸਤਦਾਨਾਂ ਨੇ ਸਿਆਸਤ ਕਰਨੀ ਹੁੰਦੀ ਹੈ ਤੇ ਸਿਆਸਤ ਵਿੱਚ ਕੁਝ ਵੀ ਅਚਨਚੇਤ ਨਹੀਂ ਵਾਪਰਦਾ ਸਗੋਂ ਹਰ ਘਟਨਾ ਹਰ ਬਿਆਨ ਪਹਿਲਾਂ ਤੋਂ ਹੀ ਤੈਅ ਹੁੰਦਾ ਹੈ। ਕੀ ਦਿੱਲੀ ਦੀ ਨਜ਼ਰਸਾਨੀ ਹੇਠ ਤਿਆਰ ਹੋ ਕੇ ਪੰਜਾਬ ਦੇ ਸਿਆਸੀ ਆਗੂ ਸਾਰੇ ਹੀ ਸਿਆਸਤ ਦੀ ਚਕਾਚੌਂਧ 'ਚ ਐਨੇ ਅੰਨ੍ਹੇ ਹੋ ਗਏ ਸਨ ਕਿ ਉਹਨਾਂ ਨੂੰ ਸਿਰਫ ਆਪਣੇ ਨਾਂਵਾਂ ਤੋਂ ਬਗੈਰ ਨਾ ਤਾਂ ਨੀਂਹ ਪੱਥਰ ਉੱਪਰ ਗੁਰੂ ਨਾਨਕ ਦੇਵ ਜੀ ਦਾ ਨਾਂ ਅੰਕਿਤ ਕਰਨਾ ਜ਼ਰੂਰੀ ਸਮਝਿਆ ਤੇ ਨਾ ਹੀ ਗੁਰਮੁਖੀ ? ਕੀ ਸਿਆਸਤ ਐਨੀ ਹੀ ਮਤਲਬੀ ਹੁੰਦੀ ਹੈ ਕਿ ਉਸ ਲਈ ਦੇਸ਼ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗਵਰਨਰ ਵੀ ਪੀ ਸਿੰਘ ਬਦਨੌਰ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸੰਨੀ ਦਿਓਲ ਐਨੇ ਹੀ ਉੱਚ ਕਿਰਦਾਰਾਂ ਦੇ ਮਾਲਕ ਹਨ ਕਿ ਉਸ ਨੀਂਹ ਪੱਥਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲਿਖਣਾ ਹੀ ਦਰਕਿਨਾਰ ਕਰ ਦਿੱਤਾ ਗਿਆ ? ਆਪੋ ਆਪਣੀਆਂ ਸਟੇਜਾਂ ਲਾਉਣ ਪਿੱਛੇ ਹੋਈ ਬਿਆਨਬਾਜ਼ੀ, ਆਪੋ ਆਪਣੀ ਪਾਰਟੀ ਦੇ ਵਰਕਰਾਂ ਦੇ ਜੱਥਿਆਂ ਦੀਆਂ ਤਸਵੀਰਾਂ ਰਾਹੀਂ ਸਿਰਫ ਤੇ ਸਿਰਫ ਇਹ ਦਿਖਾਉਣ ਦੀ ਕੋਸ਼ਿਸ਼ ਹੀ ਕੀਤੀ ਗਈ ਕਿ ਜਿਵੇਂ ਇਸ ਸਮਾਗਮ ਰਾਹੀਂ ਵੀ ਵੋਟ ਬੈਂਕ ਪੱਕਾ ਕਰਨ ਚੱਲੇ ਹੋਣ। ਬੇਸ਼ੱਕ ਭਾਰਤ ਪਾਕਿਸਤਾਨ ਦੇ ਸੁਖਦ ਸੰਬੰਧਾਂ ਲਈ ਇਹ ਲਾਂਘਾ ਇੱਕ ਉਮੀਦ ਬਣ ਸਕਦਾ ਹੈ ਪਰ ਸਿਆਸਤ ਕਦੋਂ ਚਾਹੇਗੀ ਕਿ ਲੋਕ ਦੋਵਾਂ ਦੇਸ਼ਾਂ ਦੀ ਕਥਿਤ ਦੁਸ਼ਮਣੀ ਦੇ ਬਿਆਨਾਂ ਨੂੰ ਭੁੱਲ ਕੇ ਹਾਕਮਾਂ ਕੋਲੋਂ ਸਿਹਤ, ਵਿੱਦਿਆ ਤੇ ਰੁਜ਼ਗਾਰ ਦੀ ਮੰਗ ਕਰਨ। ਸਗੋਂ ਸਿਆਸਤ ਦਾ ਨਿੱਜੀ ਲਾਭ ਹੀ ਇਸ ਗੱਲ 'ਚ ਹੈ ਕਿ ਲੋਕ ਆਪਣੇ ਭਲੇ ਦੀਆਂ ਲੋੜਾਂ ਨੂੰ ਭੁੱਲ ਕੇ ਸਿਆਸਤ ਦੇ ਹੱਥ-ਠੋਕੇ ਬਣੇ ਰਹਿਣ। ਇਹੀ ਉਦਾਹਰਣ ਸੂਬੇ ਦੇ ਮੁੱਖ ਮੰਤਰੀ ਨੇ ਪੇਸ਼ ਕੀਤੀ ਜਦੋਂ ਉਹਨਾਂ ਬਾਬਾ ਨਾਨਕ ਦੇਵ ਦੇ ਨਾਂਅ 'ਤੇ ਸਜਾਈ ਸਟੇਜ ਤੋਂ ਪਾਕਿਸਤਾਨ ਨੂੰ ਮੂਧਾ ਮਾਰਨ, ਚੂੜੀਆਂ ਨਾ ਪਹਿਨੀਆਂ ਹੋਣ ਵਰਗੇ ਬਚਕਾਨਾ ਬਿਆਨ ਦਿੱਤੇ। ਇੱਕ ਪਾਸੇ ਵਿਸ਼ਵ ਭਰ ਵਿੱਚੋਂ ਲਾਂਘਾ ਖੁੱਥਲ੍ਹਣ ਦੀ ਖੁਸ਼ੀ ਦੀਆਂ ਕਿਲਕਾਰੀਆਂ ਆ ਰਹੀਆਂ ਸਨ ਪਰ ਮੁੱਖ ਮੰਤਰੀ ਸਾਹਿਬ ਕੁਝ ਕੁ ਲਲਕਾਰੇ ਮਾਰਨ ਤੋਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਾਲ ਖੁੱਲ੍ਹੀ ਬੱਸ ਵਿੱਚ ਖੜ੍ਹੇ ਨਜ਼ਰ ਆਏ। ਲਲਕਾਰੇ ਮਾਰਨ ਤੋਂ ਬਾਅਦ ਜਿੱਥੇ ਸੰਗਤ ਪੰਗਤ ਵਿੱਚ ਬੈਠ ਕੇ ਗੁਰੂ ਦੇ ਲੰਗਰਾਂ ਦੀ ਨਿਆਮਤ ਛਕ ਰਹੀ ਸੀ, ਉਦੋਂ ਮੁੱਖ ਮੰਤਰੀ ਕੋਲ ਧਰਤੀ 'ਤੇ ਥਾਲ ਰੱਖ ਕੇ ਬੁਰਕੀ ਲਾਉਣ ਦੀ ਹਿੰਮਤ ਵੀ ਨਹੀਂ ਸੀ ਰਹੀ ਤੇ ਉਹ ਪੰਗਤ ਵਿੱਚ ਬੈਠੇ ਹਿੱਕ ਤੱਕ ਉੱਚੇ ਮੇਜਨੁਮਾ ਡੱਬੇ 'ਤੇ ਥਾਲ ਰੱਖ ਕੇ ਪ੍ਰਸ਼ਾਦਾ ਛਕਦੇ ਦੇਖੇ ਗਏ।

ਸਮਾਗਮ ਪਾਕਿਸਤਾਨ ਵਿੱਚ ਵੀ ਹੋਇਆ ਹੈ, ਜੇ ਸਮਝਣ ਤਾਂ ਭਾਰਤੀ ਸਿਆਸਤਦਾਨਾਂ ਲਈ ਸਬਕ ਵਰਗਾ ਸੀ ਉਹ ਸਮਾਗਮ। ਸਟੇਜ 'ਤੇ ਬੈਠਣ ਲਈ ਖਿੱਚਧੂਹ ਨਹੀਂ ਸੀ ਹੋ ਰਹੀ, ਸਗੋਂ ਜਿਸ ਬੁਲਾਰੇ ਦਾ ਨਾਂ ਬੋਲਿਆ ਜਾਂਦਾ ਸੀ, ਸਿਰਫ ਉਹੀ ਮੰਚ 'ਤੇ ਖੜ੍ਹਾ ਨਜ਼ਰ ਆਉਂਦਾ ਸੀ। ਬਾਕੀ ਸਭ "ਉੱਚੇ ਲੋਕ" ਆਮ ਲੋਕਾਂ ਵਿੱਚ ਚੌਂਕੜੀ ਮਾਰ ਕੇ ਬੈਠੇ ਸਨ। ਪੰਜਾਬ ਸਮੇਤ ਭਾਰਤ ਦੇ ਸਮੂਹ ਸਿਆਸਤਦਾਨਾਂ ਨੂੰ ਇਸ ਉਦਾਹਰਣ ਤੋਂ ਸਬਕ ਲੈ ਕੇ ਅਹਿਦ ਕਰਨਾ ਬਣਦਾ ਹੈ ਕਿ ਉਹ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਧਾਰਮਿਕ ਮੰਚਾਂ ਨੂੰ ਤਾਂ ਬਖਸ਼ਣ ਦੀ ਖੇਚਲ ਕਰਨ। ਬੇਸ਼ੱਕ ਸਮਾਗਮਾਂ ਵਿੱਚੋਂ ਗੁਰੂ ਤੇ ਗੁਰਮੁਖੀ ਨੂੰ ਮਨਫ਼ੀ ਕਰਨ ਪਿੱਛੇ ਸਰਕਾਰਾਂ ਦੀ ਕੋਈ ਵੀ ਮਜ਼ਬੂਰੀ ਹੈ ਪਰ ਹੁਣ ਵੀ ਇਸ ਗਲਤੀ ਨੂੰ ਸੁਧਾਰਿਆ ਜਾ ਸਕਦਾ ਹੈ। ਜੇ ਕੇਂਦਰ ਸਰਕਾਰ ਡੇਰਾ ਬਾਬਾ ਨਾਨਕ ਵਿਖੇ ਸਥਾਪਿਤ ਕੀਤੇ ਨੀਂਹ ਪੱਥਰ ਵਿੱਚ ਕੋਈ ਬਦਲਾਅ ਕਰਨ ਤੋਂ ਮੁਨਕਰ ਹੁੰਦੀ ਹੈ ਤਾਂ ਘੱਟੋ ਘੱਟ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਸੇ ਨੀਂਹ ਪੱਥਰ ਦੇ ਬਿਲਕੁਲ ਨਾਲ ਉਸੇ ਆਕਾਰ ਹੋਰ ਨੀਂਹ ਪੱਥਰ ਸਥਾਪਿਤ ਕਰੇ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਂਅ ਅਤੇ ਗੁਰਮੁਖੀ ਦੀ ਮੌਜੂਦਗੀ ਯਕੀਨੀ ਹੋਵੇ।

# ਸੁਪਰੀਮ ਕੋਰਟ ਨੇ ਅਯੁੱਧਿਆ ਫ਼ੈਸਲੇ ਦੌਰਾਨ ਗੁਰੂ ਨਾਨਕ ਦੀ ਅਯੁੱਧਿਆ ਯਾਤਰਾ ਦਾ ਜ਼ਿਕਰ ਕੀਤਾ

## ਸਿੱਖ ਮਾਹਿਰਾਂ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਕੀਤਾ ਕਰੜਾ ਵਿਰੋਧ

**ਜਲੰਧਰ/ਏ.ਟੀ. ਨਿਊਜ਼ :**

ਸੁਪਰੀਮ ਕੋਰਟ ਨੇ ਅਯੁੱਧਿਆ ਵਿਵਾਦ ਦੇ ਫ਼ੈਸਲੇ ਦੌਰਾਨ 1510-11 ਈਸਵੀ ਵਿੱਚ ਕੀਤਾ ਗੁਰੂ ਨਾਨਕ ਸਾਹਿਬ ਦੀ ਅਯੁੱਧਿਆ ਦਾ ਯਾਤਰਾ ਦਾ ਜ਼ਿਕਰ ਕੀਤਾ ਹੈ। ਅਦਾਲਤ ਨੇ ਕਿਹਾ ਹੈ ਕਿ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਗੁਰੂ ਨਾਨਕ ਸਾਹਿਬ ਅਯੁੱਧਿਆ ਮੰਦਰ ਗਏ ਸਨ, ਜਿੱਥੇ ਉਨ੍ਹਾਂ ਨੇ ਭਗਵਾਨ ਰਾਮ ਦੇ ਜਨਮ ਅਸਥਾਨ ਦੇ ਦਰਸ਼ਨ ਕੀਤੇ ਸਨ। ਇੱਕ ਜੱਜ ਨੇ ਕਿਹਾ ਕਿ ਭਾਵੇਂ ਕਿ ਰਾਮ ਜਨਮ ਭੂਮੀ ਹੋਣ ਦੇ ਕੋਈ ਪੱਕੇ ਸਬੂਤ ਨਹੀਂ ਹਨ ਪਰ ਗੁਰੂ ਨਾਨਕ ਸਾਹਿਬ ਦੇ ਅਯੁੱਧਿਆ ਜਾਣ ਤੋਂ ਸਾਬਿਤ ਹੁੰਦਾ ਹੈ ਕਿ 1528 ਈਸਵੀ ਤੋਂ ਪਹਿਲਾਂ ਸ਼ਰਧਾਲੂ ਉੱਥੇ ਭਗਵਾਨ ਰਾਮ ਦੀ ਜਨਮ ਭੂਮੀ ਦੇ ਦਰਸ਼ਨ ਕਰਨ ਜਾਂਦੇ ਸਨ।

ਅਦਾਲਤ ਦੇ ਇਸ ਫੈਸਲੇ 'ਤੇ ਸਿੱਖ ਵਿਚਾਰ ਮੰਚ ਦੀ ਮੀਟਿੰਗ ਵਿਚ ਪ੍ਰੋ. ਗੁਰਦਰਸ਼ਨ ਸਿੰਘ ਢਿੱਲੋਂ, ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ, ਪ੍ਰੋ. ਮਨਜੀਤ ਸਿੰਘ, ਸੀਨੀਅਰ ਵਕੀਲ ਅਮਰ ਸਿੰਘ ਚਾਹਲ, ਰਾਜਿੰਦਰ ਸਿੰਘ ਖਾਲਸਾ, ਗੁਰਪ੍ਰੀਤ ਸਿੰਘ, ਡਾ. ਖੁਸ਼ਹਾਲ ਸਿੰਘ ਨੇ ਟਿੱਪਣੀ ਕਰਦਿਆਂ ਕਿਹਾ ਕਿ ਬਾਬਰੀ ਮਸਜਿਦ ਬਾਰੇ ਦਿਤਾ ਗਿਆ ਸੁਪਰੀਮ ਕੋਰਟ ਦਾ ਫੈਸਲਾ ਨਾ ਸਿਰਫ ਸਥਾਪਿਤ ਕਾਨੂੰਨ ਪ੍ਰਬੰਧ ਨੂੰ ਲੀਰੋਲੀਰ ਕਰਦਾ ਹੈ ਬਲਕਿ ਇਹ ਫੈਸਲਾ ਦੇਸ ਤੇ ਇਸ ਖਿਤੇ ਦੇ ਅਮਨ-ਚੈਨ ਨੂੰ ਬਰਬਾਦ ਕਰਨ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ। ਜੇ ਕਾਨੂੰਨੀ ਫੈਸਲੇ ਧਾਰਮਿਕ ਵਿਸ਼ਵਾਸ ਦੇ ਆਧਾਰ ਉਤੇ ਹੀ ਹੋਣੇ ਹਨ ਤਾਂ ਫਿਰ ਧਾਰਮਿਕ ਘੱਟ ਗਿਣਤੀਆਂ ਦੇ ਵਿਸ਼ਵਾਸ ਕੀ ਬਣੇਗਾ? ਘਟ ਗਿਣਤੀਆਂ ਦੇ ਧਾਰਮਿਕ ਵਿਸ਼ਵਾਸ ਦੀਆਂ ਧਜੀਆ ਉਡਾ ਕੇ ਦੇਸ ਵਿਚ ਅਮਨ ਚੈਨ ਕਾਇਮ ਰਖਣ ਬਾਰੇ ਸੋਚਣਾ ਨਿਰੋਲ ਗਲਤੀ ਹੈ। ਇਸ ਫੈਸਲੇ ਵਿਚ ਸੱਚ ਦਾ ਜਿਵੇਂ ਮਜਾਕ ਉਡਾਇਆ ਗਿਆ ਹੈ, ਇਸ ਦੀ ਇਕ ਮਿਸਾਲ ਇਸ ਫੈਸਲੇ ਵਿਚ ਦਿਤਾ ਗਿਆ



ਗੁਰੂ ਨਾਨਕ ਸਾਹਿਬ ਦੀ ਅਯੁਧਿਆ ਫੇਰੀ ਦਾ ਹਵਾਲਾ ਹੈ।

ਸੁਪਰੀਮ ਕੋਰਟ ਨੇ ਸੁਚੇਤ ਰੂਪ ਵਿਚ ਇਕ ਸੁਣੀ ਸੁਣਾਈ ਧਾਰਨਾ ਨੂੰ ਆਧਾਰ ਬਣਾ ਕੇ ਅਤੇ 'ਜਨਮ ਸਾਖੀਆਂ' ਦੇ ਸ਼ਬਦ ਦੀ ਗਲਤ ਵਰਤੋਂ ਕਰਕੇ ਗੁਰੂ ਨਾਨਕ ਸਾਹਿਬ ਦੀ ਗੁਰੂ ਹਸਤੀ ਨੂੰ ਆਪਣੇ ਫੈਸਲੇ ਦੇ ਹੱਕ ਵਿਚ ਭੁਗਤਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਇਤਿਹਾਸਕ ਤੌਰ ਉਤੇ ਇਹ ਹਵਾਲਾ ਬੇਬੁਨਿਆਦ ਹੈ। ਆਪਣੇ ਮਨੂਵਾਦੀ ਫੈਸਲੇ ਲਈ ਗੁਰੂ ਬਾਬੇ ਦਾ ਨਾਂ ਵਰਤਣ ਦਾ ਇਹ ਯਤਨ ਨਾ ਸਿਰਫ ਸੰਵਿਧਾਨਕ ਬੇਈਮਾਨੀ ਹੈ ਸਗੋਂ ਗੁਰੂ ਬਾਬੇ ਦੇ 550 ਸਾਲਾ ਮਨਾਏ ਜਾ ਰਹੇ ਪ੍ਰਕਾਸ਼ ਪੁਰਬ ਮੌਕੇ ਅਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਖੁਲ੍ਹਣ ਨਾਲ ਸਿੱਖ-ਮੁਸਲਿਮ ਭਾਈਚਾਰੇ ਦੀ ਬਣੀ ਏਕਤਾ ਦੇ ਮਾਹੌਲ ਨੂੰ ਤਾਰਪੀਡੋ ਕਰਨ ਦਾ ਇਕ ਸੁਚੇਤ ਯਤਨ ਹੈ। ਇਸ ਹਵਾਲੇ ਤੋਂ ਹੀ ਸਪਸ਼ਟ ਹੁੰਦਾ ਹੈ ਕਿ ਇਹ ਫੈਸਲਾ ਕਿਸੇ ਸਥਾਪਿਤ ਕਾਨੂੰਨ ਮੁਤਾਬਿਕ ਨਹੀਂ ਸਗੋਂ ਆਰ ਐਸ ਐਸ ਤੇ ਭਾਜਪਾ ਦੀਆਂ ਰਾਜਸੀ ਲੋੜਾਂ ਨੂੰ ਮੁਖ ਰਖ ਕੇ ਲਿਖਿਆ ਗਿਆ ਹੈ।

ਸੁਪਰੀਮ ਕੋਰਟ ਦੀ ਜਾਣਕਾਰੀ ਲਈ ਇਥੇ ਇਹ ਦਸਣਾ ਜਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਜਿਹੜੇ ਰਾਮ ਦਾ ਬਾਰ ਬਾਰ ਜ਼ਿਕਰ ਕੀਤਾ ਗਿਆ ਹੈ, ਉਹ ਇਸ ਬ੍ਰਹਿਮੰਡ ਦੇ ਕਣ-ਕਣ ਵਿਚ ਰਮਿਆ ਹੋਇਆ ਰਾਮ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਕ ਥਾਂ ਨਹੀਂ ਬਲਕਿ ਅਨੇਕ ਥਾਂ ਦਰਜ ਹੈ ∴ ਰਮਤ ਰਾਮੁ ਸਭ ਰਹਿਓ ਸਮਾਇ। (ਪੰਨਾ 865)। ਰਮਤ ਰਾਮ ਘਟ ਘਟ ਆਧਾਰ। (ਪੰਨਾ 897) ਦਸ਼ਰਥ ਪੁਤਰ ਰਾਮ ਚੰਦ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਬੜਾ ਸਪਸ਼ਟ ਜ਼ਿਕਰ ਕੀਤਾ ਗਿਆ ਹੈ ∴ ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੁੜਿ ਗਇਆ। (ਪੰਨਾ 954)।

ਇਸ ਤੋਂ ਸਪੱਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਬ੍ਰਾਹਮਣਵਾਦੀ ਕਰਮਕਾਂਡ ਤੇ ਪਾਖੰਡਾਂ ਦੇ ਉਲਟ ਹੈ। ਗੁਰੂ ਨਾਨਕ ਸਾਹਿਬ ਮੰਦਰਾਂ ਦੇ ਦਰਸ਼ਨ ਕਰਨ ਕਿਤੇ ਨਹੀਂ ਗਏ ਬਲਕਿ ਉਹ ਇਹਨਾਂ ਥਾਂਵਾਂ ਉਤੇ ਧਰਮ ਦੇ ਆਪੇ ਬਣੇ ਆਗੂਆਂ ਨੂੰ ਇਹ ਨਸੀਹਤ ਕਰਨ ਗਏ ਸਨ ਕਿ ਰੱਬ ਦੇ ਨਾਮ ਉਤੇ ਝੂਠ ਬੋਲ ਕੇ ਭੋਲੀ ਭਾਲੀ ਜਨਤਾ ਨੂੰ ਗੁੰਮਰਾਹ ਨਾ ਕਰੋ। ਜਗਨਨਾਥ ਪੁਰੀ ਵਿਖੇ ਜਾ ਕੇ ਗੁਰੂ ਸਾਹਿਬ ਨੇ ਆਮ ਸ਼ਰਧਾਲੂਆਂ ਤੇ ਮੰਦਰ ਦੇ ਪੁਜਾਰੀਆਂ ਨੂੰ ਕਿਹਾ ਸੀ ਕਿ ਰੱਬ ਦੀ ਆਰਤੀ ਕਰਨ ਦਾ ਕਰਮਕਾਂਡ ਬੰਦ ਕਰੋ, ਰੱਬ ਦੀ ਆਰਤੀ ਤਾਂ ਕੁਦਰਤ ਵਿਚ ਹਰ ਵੇਲੇ ਹੋ ਰਹੀ ਹੈ। ਪਰ ਸੁਪਰੀਮ ਕੋਰਟ ਦੇ ਫੈਸਲੇ ਵਿਚ ਗੁਰੂ ਸਾਹਿਬ ਨੂੰ ਮੰਦਰਾਂ ਦਾ ਸ਼ਰਧਾਲੂ ਦਸ ਕੇ ਅਤੇ ਦਰਸ਼ਨਾਂ ਲਈ ਜਾਣ ਦਾ ਝੂਠ ਬੋਲ ਕੇ ਗੁਰਮਤਿ ਤੇ ਸਿਖ ਇਤਿਹਾਸ ਨੂੰ ਗਲਤ ਰੂਪ ਵਿਚ ਪੇਸ਼ ਕਰਨ ਦੀ ਗੁਸਤਾਖੀ ਕੀਤੀ ਗਈ ਹੈ। ਸਭ ਤੋਂ ਹਾਸੋਹੀਣੀ ਗੱਲ ਇਹ ਹੈ ਕਿ ਇਕ ਪਾਸੇ ਇਹ ਕਿਹਾ ਜਾ ਰਿਹਾ ਹੈ ਕਿ 1949 ਵਿਚ ਮਸਜਿਦ ਅੰਦਰ ਰਾਮਲਲ੍ਹਾ ਦੀਆਂ ਮੂਰਤੀਆਂ ਚੋਰੀਓ ਰਖੀਆ ਗਈਆ ਸਨ ਅਤੇ 6 ਦਸੰਬਰ 1992 ਨੂੰ ਮਸਜਿਦ ਨੂੰ ਸ਼ਹੀਦ ਕਰਨਾ ਗੈਰਕਾਨੂੰਨੀ ਤੇ ਮੁਜਰਿਮਾਨਾ ਕਾਰਵਾਈ ਸੀ ਪਰ ਦੂਜੇ ਪਾਸੇ ਇਸ ਜਮੀਨ ਦਾ ਕਬਜਾ ਹਿੰਦੂਤਵੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਘੱਟ ਗਿਣਤੀਆਂ ਦੇ ਧਰਮ ਅਸਥਾਨਾਂ ਉਤੇ ਜੋਰੀ ਕਬਜ਼ੇ ਦਾ ਰਸਤਾ ਖੋਲ੍ਹ ਦਿੱਤਾ ਹੈ। ਜੱਜਾਂ ਨੇ ਪੂਰਨ ਸਿੱਖ ਧਰਮ ਨੂੰ ਕੱਟੜ ਫਿਰਕਾ ਪੇਸ਼ ਕਰਕੇ ਸਿੱਖਾਂ ਦੇ ਹਿਰਦੇ ਵਲੂੰਦਰ ਦਿੱਤੇ ਹਨ।

## ਕਰਤਾਰਪੁਰ ਲਾਂਘੇ ਦੇ ਉਦਘਾਟਨ ਵਾਲੇ ਦਿਨ ਮਸਜਿਦ ਬਾਰੇ ਫ਼ੈਸਲਾ ਕਿਉਂ- ਪਾਕਿ ਮੀਡੀਆ ਵਿਚ ਚਰਚਾ

ਅਯੁੱਧਿਆ ਵਿੱਚ ਮੰਦਰ-ਮਸਜਿਦ ਵਿਵਾਦ ਤੇ ਸ਼ਨਿੱਚਰਵਾਰ ਨੂੰ ਭਾਰਤੀ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਪਾਕਿਸਤਾਨੀ ਅਖ਼ਬਾਰਾਂ ਵਿੱਚ ਪੂਰੀ ਚਰਚਾ ਹੋਈ ਹੈ। ਡਾਅਨ ਨੇ ਸੰਪਾਦਕੀ ਵਿੱਚ ਲਿਖਿਆ ਗਿਆ, "ਭਾਰਤ ਦੀ ਸੁਪਰੀਮ ਕੋਰਟ ਨੇ ਅਯੁੱਧਿਆ ਵਿੱਚ ਤੋੜੀ ਗਈ ਮਸਜਿਦ ਦੀ ਥਾਂ ਮੰਦਰ ਬਣਾਉਣ ਦੀ ਆਗਿਆ ਦਿੱਤੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਢਾਹੇ ਜਾਣ ਨੂੰ ਗੈਰ-ਕਾਨੂੰਨੀ ਦੱਸਿਆ ਹੈ ਪਰ ਦੂਜੇ ਪਾਸੇ ਮੰਦਰ ਬਣਾਉਣ ਦੀ ਆਗਿਆ ਦੇ ਕੇ ਅਸਿੱਧੇ ਰੂਪ ਵਿੱਚ ਭੀੜ ਵੱਲੋਂ ਕੀਤੀ ਗਈ ਤੋੜ-ਭੰਨ ਦੀ ਹਮਾਇਤ ਕੀਤੀ ਹੈ। ਇਹ ਵੀ ਦਿਲਚਸਪ ਹੈ ਕਿ ਫ਼ੈਸਲਾ ਉਸ ਦਿਨ ਆਇਆ ਜਦੋਂ ਸਿੱਖਾਂ ਲਈ ਕਰਤਾਰਪੁਰ ਲਾਂਘਾ ਖੋਲ੍ਹਿਆ ਗਿਆ।" ਡਾਅਨ ਨੇ ਸੰਪਾਦਕੀ ਵਿੱਚ ਲਿਖਿਆ ਹੈ ਕਿ 1992 ਵਿੱਚ ਬਾਬਰੀ ਮਸੀਤ ਢਾਹੇ ਜਾਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਨਹਿਰੂ ਨੇ ਸੈਕੂਲਰ ਇੰਡੀਆ ਦੇ ਅੰਤ ਦੀ ਸ਼ੁਰੂਆਤ ਹੋ ਗਈ ਸੀ। ਡਾਅਨ ਨੇ ਲਿਖਿਆ ਹੈ, "ਇਸਦੇ ਨਾਲ ਹੀ ਭਾਰਤ ਹੁਣ ਇਹ ਦਾਅਵਾ ਨਹੀਂ ਕਰ ਸਕੇਗਾ ਕਿ ਉਹ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਬਾਬਰੀ ਮਸਜਿਦ ਘਟਨਾਕ੍ਰਮ ਤੋਂ ਬਾਅਦ ਨੈਸ਼ਨਲ ਨੈਰੇਟਿਵ ਹੁਣ ਨਹਿਰੂ ਅਤੇ ਗਾਂਧੀ ਨੂੰ ਛੱਡ ਕੇ ਸਾਵਰਕਰ ਤੇ ਗੋਲਵਲਕਰ ਦੀ ਵਿਚਾਰਧਾਰਾ ਵੱਲ ਤਬਦੀਲ ਹੋ ਗਿਆ ਹੈ।

ਪਾਕਿਸਤਾਨੀ ਅਖ਼ਬਾਰ ਦਿ ਨੇਸ਼ਨ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਪੱਖਪਾਤੀ ਦੱਸਿਆ ਹੈ। ਰੇਡੀਓ ਪਾਕਿਸਤਾਨ ਮੁਤਾਬਕ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਇਸ ਵਿੱਚੋਂ ਮੋਦੀ ਸਰਕਾਰ ਦੀ ਕੱਟੜਤਾ ਝਲਕਦੀ ਹੈ। ਕੁਰੈਸ਼ੀ ਨੇ ਇਸ ਬਾਰੇ ਵੀ ਹੈਰਾਨੀ ਜਤਾਈ ਕਿ ਜਿਸ ਦਿਨ ਕਰਤਾਰਪੁਰ ਕੌਰੀਡੋਰ ਦਾ ਉਦਘਾਟਨ ਕੀਤਾ ਗਿਆ ਉਸੇ ਦਿਨ ਭਾਰਤ ਦੇ ਸੁਪਰੀਮ ਕੋਰਟ ਨੇ ਇਸ ਬਾਰੇ ਫ਼ੈਸਲਾ ਕਿਉਂ ਸੁਣਾਇਆ। ਕੁਰੈਸ਼ੀ ਨੇ ਕਿਹਾ, "ਭਾਰਤ ਵਿੱਚ ਮੁਸਲਮਾਨ ਪਹਿਲਾਂ ਹੀ ਦਬਾਅ ਹੇਠ ਹਨ ਅਤੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਦਬਾਅ ਹੋਰ ਵਧੇਗਾ।"

ਪਾਕਿਸਤਾਨੀ ਫ਼ੌਜ ਦੇ ਬੁਲਾਰੇ ਆਸਿਫ਼ ਗਫ਼ੂਰ ਨੇ ਵੀ ਅਯੁੱਧਿਆ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਕਿਹਾ, "ਅੱਜ ਭਾਰਤ ਦੇ ਸਾਰੇ ਘੱਟ ਗਿਣਤੀਆਂ ਨੂੰ ਮੁੜ ਅਹਿਸਾਸ ਹੋ ਗਿਆ ਕਿ ਸਾਡੇ ਆਗੂ ਮੁਹੰਮਦ ਅਲੀ ਜਿਨਾਹ ਦੀ ਹਿੰਦੂਤਵ ਬਾਰੇ ਜੋ ਸੋਚ ਸੀ ਉਹ ਸਹੀ ਸੀ।"

ਪਾਕਿਸਤਾਨ ਦੀਆਂ ਟਿੱਪਣੀਆਂ ਦੇ ਜਵਾਬ ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਰਵੀਸ਼ ਕੁਮਾਰ ਨੇ ਕਿਹਾ, "ਅਸੀਂ ਭਾਰਤ ਦੀ ਸੁਪਰੀਮ ਕੋਰਟ ਦੇ ਭਾਰਤ ਦੇ ਬਿਲਕੁਲ ਅੰਦਰੂਨੀ ਮਸਲੇ ਬਾਰੇ ਦਿੱਤੇ ਫ਼ੈਸਲੇ ਬਾਰੇ ਪਾਕਿਸਤਾਨ ਵੱਲੋਂ ਕੀਤੀਆਂ ਅਣਉਚਿਤ ਅਤੇ ਬੇਲੋੜੀਆਂ ਟਿੱਪਣੀਆਂ ਰੱਦ ਕਰਦੇ ਹਾਂ। ਇਸ (ਫ਼ੈਸਲੇ) ਦਾ ਸੰਬੰਧ ਕਾਨੂੰਨ ਅਤੇ ਸਾਰਿਆਂ ਅਕੀਦਿਆਂ ਦੇ ਸਤਿਕਾਰ ਨਾਲ ਹੈ।"

# ਕੇਂਦਰੀ ਮੰਤਰੀ ਮੰਡਲ ਦੀ ਸਿਫਾਰਸ਼ 'ਤੇ ਮਹਾਰਾਸ਼ਟਰ 'ਚ ਰਾਸ਼ਟਰਪਤੀ ਰਾਜ ਲਾਗੂ

## ਮੋਦੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ-ਮੰਡਲ ਦੀ ਮੀਟਿੰਗ 'ਚ ਲਿਆ ਫ਼ੈਸਲਾ

**ਨਵੀਂ ਦਿੱਲੀ/ਏ.ਟੀ. ਨਿਊਜ਼ :**

ਕੇਂਦਰੀ ਮੰਤਰੀ ਮੰਡਲ ਦੀ ਸਿਫਾਰਸ਼ ਉੱਤੇ ਮੰਗਲਵਾਰ ਨੂੰ ਮਹਾਰਾਸ਼ਟਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਹੈ। ਇਸ ਤੋਂ ਪਹਿਲਾਂ ਦਿਨ ਭਰ ਤੇਜੀ ਨਾਲ ਚੱਲੇ ਘਟਨਾਕ੍ਰਮ ਵਿੱਚ ਰਾਜਪਾਲ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਰ ਦਿੱਤੀ ਸੀ। ਇਸ 'ਤੇ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਮਹਾਰਾਸ਼ਟਰ ਵਿੱਚ ਬਾਅਦ ਦੁਪਹਿਰ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕੀਤੀ ਸੀ ਅਤੇ ਇਸ ਦੇ ਉੱਤੇ ਰਾਸ਼ਟਰਪਤੀ ਨੇ ਮੋਹਰ ਲਾ ਦਿੱਤੀ ਹੈ। ਜਦੋਂ ਕਿ ਦੂਜੇ ਪਾਸੇ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨਸੀਪੀ), ਕਾਂਗਰਸ ਅਤੇ ਸ਼ਿਵ ਸੈਨਾ ਦੇ ਸੀਨੀਅਰ ਆਗੂ ਸੂਬੇ ਵਿੱਚ ਸਰਕਾਰ ਬਣਾਉਣ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਮੰਥਨ ਕਰਨ ਵਿੱਚ ਜੁਟੇ ਹੋਏ ਸਨ। ਜ਼ਿਕਰਯੋਗ ਹੈ ਕਿ ਸੂਬੇ ਵਿੱਚ ਤੀਜੀ ਵਾਰ ਰਾਸ਼ਟਰਪਤੀ ਰਾਜ ਲਾਗੂ ਹੋਇਆ ਹੈ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਬਾਅਦ ਦੁਪਹਿਰ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਮਹਾਰਾਸ਼ਟਰ ਵਿੱਚ ਪੈਦਾ ਹੋਏ ਰਾਜਸੀ ਸੰਕਟ ਉੱਤੇ ਚਰਚਾ ਹੋਈ ਜਿੱਥੇ ਕਥਿਤ ਤੌਰ 'ਤੇ ਕੋਈ ਵੀ ਪਾਰਟੀ ਸਰਕਾਰ ਬਣਾਉਣ ਦੇ ਸਮਰੱਥ ਨਹੀਂ ਹੈ। ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਵਿੱਚ ਪਿਛਲੇ ਮਹੀਨੇ ਵਿਧਾਨ ਸਭਾ ਚੋਣਾਂ ਹੋਈਆਂ ਹਨ ਅਤੇ ਭਾਜਪਾ ਤੇ ਸ਼ਿਵ ਸੈਨਾ ਅਤੇ ਕਾਂਗਰਸ ਅਤੇ ਐੱਨਸੀਪੀ ਨੇ ਰਲ ਕੇ ਚੋਣਾਂ ਲੜੀਆਂ ਸਨ ਪਰ ਬਾਅਦ ਵਿੱਚ ਸ਼ਿਵ ਸੈਨਾ ਤੇ ਭਾਜਪਾ ਦੀ ਮੁੱਖ ਮੰਤਰੀ ਦੇ ਅਹੁਦੇ ਨੂੰ ਲੈ ਕੇ ਖੜਕ ਗਈ ਸੀ। ਸੂਬੇ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੇ ਪੈਦਾ ਹੋਈ ਸਿਆਸੀ ਖੜੋਤ ਨੂੰ ਤੋੜਨ ਲਈ ਭਾਜਪਾ ਨੂੰ ਸਭ ਤੋਂ ਪਹਿਲਾਂ ਸਰਕਾਰ ਬਣਾਉਣ ਦੀ ਸੰਭਾਵਨਾ ਤਲਾਸ਼ਣ ਲਈ ਸੱਦਿਆ ਸੀ ਪਰ ਭਾਜਪਾ ਨੇ ਇਸ 'ਤੇ ਆਪਣੀ ਅਸਮਰੱਥਾ ਦਾ ਪ੍ਰਗਟਾਵਾ ਕੀਤਾ ਸੀ। ਇਸ ਤੋਂ ਬਾਅਦ ਸ਼ਿਵ ਸੈਨਾ ਵੀ ਸਰਕਾਰ ਬਣਾਉਣ ਵਿੱਚ ਅਸਮਰੱਥ ਰਹੀ ਸੀ ਤੇ ਇਸ ਤੋਂ ਬਾਅਦ ਰਾਜਪਾਲ ਕੋਸ਼ਿਆਰੀ ਨੇ ਐੱਨਸੀਪੀ ਨੂੰ ਮੰਗਲਵਾਰ ਨੂੰ ਰਾਤ ਸਾਢੇ ਅੱਠ ਵਜੇ ਤੱਕ ਦਾ ਸਮਾਂ ਦਿੱਤਾ ਸੀ ਪਰ ਸਮਾਂ ਰਹਿੰਦਿਆਂ ਹੀ ਕੇਂਦਰ ਸਰਕਾਰ ਨੂੰ ਸੂਬੇ ਵਿੱਚ ਰਾਸ਼ਟਰਪਤੀ ਸ਼ਾਸਨ ਲਾਗੂ ਕਰਨ ਦੀ ਸਿਫਾਰਸ਼ ਭੇਜ ਦਿੱਤੀ। ਰਾਜਪਾਲ ਦੇ ਦਫਤਰ ਵੱਲੋਂ ਇੱਕ ਟਵੀਟ ਕਰਕੇ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਇਹ ਭਰੋਸਾ ਹੈ ਕਿ ਕੋਈ ਵੀ ਪਾਰਟੀ ਸਰਕਾਰ ਨਹੀਂ ਬਣਾ ਸਕੇਗੀ ਇਸ ਲਈ ਉਨ੍ਹਾਂ ਨੇ ਸੰਵਿਧਾਨ ਦੀ ਧਾਰਾ 356 ਤਹਿਤ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ 288 ਮੈਂਬਰੀ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਭਾਜਪਾ ਕੋਲ 105, ਸ਼ਿਵ ਸੈਨਾ ਕੋਲ 56, ਐੱਨਸੀਪੀ ਕੋਲ 54 ਅਤੇ ਕਾਂਗਰਸ ਕੋਲ 44 ਵਿਧਾਇਕ ਹਨ। ਇਸ ਦੌਰਾਨ ਹੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਸਰਕਾਰ ਬਣਾਉਣ ਦੀਆਂ ਸੰਭਾਵਨਾਵਾਂ ਦਾ ਪਤਾ ਕਰਨ ਲਈ ਸ਼ਿਵ ਸੈਨਾ ਆਗੂ ਸੰਜੇ ਰਾਉਤ ਅਤੇ ਸ਼ਰਦ ਪਵਾਰ ਨਾਲ ਗੱਲਬਾਤ ਕਰਨ ਲਈ ਸੀਨੀਆਰ ਆਗੂ ਅਹਿਮਦ ਪਟੇਲ, ਮਲਿਕ ਅਰਜੁਨ ਖੜਗੇ ਅਤੇ ਕੇ ਸੀ ਵੇਣੂਗੋਪਾਲ ਨੂੰ ਮੁੰਬਈ ਭੇਜਿਆ ਸੀ ਅਤੇ ਖ਼ੁਦ ਵੀ ਸ਼ਰਦ ਪਵਾਰ ਨਾਲ ਗੱਲਬਾਤ ਕੀਤੀ। ਸ਼ਰਦ ਪਵਾਰ ਅਤੇ ਉਧਵ ਠਾਕਰੇ ਨੇ ਵੱਖਰੇ ਵੱਖਰੇ ਤੌਰ 'ਤੇ ਲੀਲਾਵਤੀ ਹਸਪਤਾਲ ਵਿੱਚ ਦਾਖ਼ਲ ਸੰਜੇ ਰਾਉਤ ਨਾਲ ਵੀ ਮੁਲਾਕਾਤ ਕੀਤੀ ਹੈ।

## ਰਾਜਪਾਲ ਦੀ ਕਾਰਵਾਈ 'ਤੇ ਮਾਹਿਰ ਇਕਮੱਤ ਨਹੀਂ

ਮੁੰਬਈ: ਰਾਜਪਾਲ ਬੀ ਐੱਸ ਕੋਸ਼ਿਆਰੀ ਵੱਲੋਂ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਉਣ ਦੇ ਫੈਸਲੇ 'ਤੇ ਕਾਨੂੰਨੀ ਮਾਹਿਰ ਇਕਮੱਤ ਨਹੀਂ ਹਨ। ਸੰਵਿਧਾਨਕ ਮਾਹਿਰ ਉਲਹਾਸ ਬਾਪਤ ਨੇ ਇਸ ਫੈਸਲੇ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਕਿਹਾ ਕਿ ਮਹਾਰਾਸ਼ਟਰ ਦੇ ਰਾਜਪਾਲ ਨੇ ਭਾਜਪਾ ਨੂੰ ਸਰਕਾਰ ਦੇ ਗਠਨ ਲਈ ਦੋ ਦਿਨ ਦਾ ਸਮਾਂ ਦਿੱਤਾ ਜਦੋਂ ਕਿ ਉਨ੍ਹਾਂ ਹੋਰਨਾਂ ਪਾਰਟੀਆਂ ਨੂੰ ਚੌਵੀ ਘੰਟੇ ਹੀ ਦਿੱਤੇ। ਇਹ ਉਨ੍ਹਾਂ ਦੇ ਪੱਖਪਾਤੀ ਰਵੱਈਏ ਨੂੰ ਦਰਸਾਉਂਦਾ ਹੈ। ਮਹਾਰਾਸ਼ਟਰ ਦੇ ਸਾਬਕਾ ਐਡਵੋਕੇਟ ਜਨਰਲ ਤੇ ਸੀਨੀਅਰ ਵਕੀਲ ਸ੍ਰੀਹਰੀ ਅਨੇਯ ਨੇ ਕਿਹਾ ਕਿ ਰਾਜਪਾਲ ਨੂੰ ਤਰਕਪੂਰਨ ਸ਼ੰਤੁਸ਼ਟੀ ਕਿ ਕੋਈ ਵੀ ਪਾਰਟੀ ਸਥਿਰ ਸਰਕਾਰ ਦੇਣ ਵਿੱਚ ਅਸਫ਼ਲ ਰਹੀ ਹੈ, ਦੇ ਬਾਅਦ ਰਾਸ਼ਟਰਪਤੀ ਰਾਜ ਲਾਉਣ ਦੀ ਸਿਫਾਰਸ਼ ਕਰਨੀ ਚਾਹੀਦੀ ਸੀ। ਸੀਨੀਅਰ ਵਕੀਲ ਮਿਲਿੰਦ ਸਾਠੇ ਨੇ ਕਿਹਾ ਕਿ ਰਾਸ਼ਟਰਪਤੀ ਰਾਜ ਆਮ ਤੌਰ 'ਤੇ ਛੇ ਮਹੀਨੇ ਤਕ ਹੀ ਰਹਿੰਦਾ ਹੈ। ਇਸ ਨੂੰ ਵਿਸ਼ੇਸ਼ ਹਾਲਤਾਂ ਵਿੱਚ ਹੀ ਵਧਾਇਆ ਜਾਂਦਾ ਹੈ।

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
**Punjabi RADIO USA**
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਪ੍ਰਕ੍ਰਿਤਾਂ ਉੱਤੇ ਪੰਜਾਬੀ ਦੀ ਪੈੜ

**ਨਾਜ਼ਰ ਸਿੰਘ**
ਫੋਨ ਨੰ.: 0161-2632136

ਪ੍ਰਕ੍ਰਿਤ ਬੋਲੀਆਂ ਦਾ Geographia ਮੱਗਧ ਦੇਸ਼ ਨਾਲ ਸਬੰਧਤ ਹੈ। ਪਾਲੀ ਬੋਲੀ ਨੂੰ ਵੀ ਪ੍ਰਕ੍ਰਿਤਾਂ ਵਿੱਚ ਮੰਨਿਆ ਜਾਂਦਾ ਹੈ। ਰਾਈਸ ਡੇਵਿਡ ਅਨੁਸਾਰ ਪਾਲੀ ਸਿਧਾਰਥ (ਬੁੱਧ) ਦੀ ਮਾਂ ਬੋਲੀ ਹੈ। ਜਿਸ ਦਾ ਸਮਾਂ 7ਵੀਂ ਸਦੀ 2.3 ਮੰਨਿਆਂ ਜਾਂਦਾ ਹੈ। ਉਹ ਇਸ ਨੂੰ ਕੌਸ਼ਲ ਦੇਸ਼ ਦੇ ਲੋਕਾਂ ਦੀ ਬੋਲੀ ਮੰਨਦਾ ਹੈ। ਇਸ ਦੇਸ਼ ਦਾ Geographia ਨੇਪਾਲ ਤੋਂ ਲੈ ਕੇ ਗੰਗਾ ਤੱਕ ਮੰਨਦਾ ਹੈ। ਪਾਲੀ ਨੂੰ ਮਾਗਧੀ ਬੋਲੀ ਵੀ ਕਿਹਾ ਜਾਂਦਾ ਹੈ। ਮਾਗਧੀ ਦਾ ਮਤਲਬ ਹੈ-ਮੱਗਧ ਦੇਸ਼ ਦੀ ਬੋਲੀ। ਪਾਲੀ ਬੋਲੀ ਦਾ ਉਭਾਰ ਇਸ ਕਰਕੇ ਹੋਇਆ ਕਿਉਂਕਿ ਅਸ਼ੋਕ ਬਾਦਸ਼ਾਹ ਨੇ ਪਾਲੀ ਬੋਲੀ ਨੂੰ ਸਰਕਾਰੀ ਬੋਲੀ ਐਲਾਨਿਆ ਸੀ। ਜਿੱਥੇ-ਜਿੱਥੇ ਅਸ਼ੋਕ ਦਾ ਰਾਜ ਰਿਹਾ ਉੱਥੇ ਦੀ ਸਰਕਾਰੀ ਬੋਲੀ ਵੀ ਪਾਲੀ ਬਣੀ ਰਹੀ। ਬਾਕੀ ਪ੍ਰਕ੍ਰਿਤਾਂ ਇੰਨੀਆਂ ਤਰੱਕੀ ਨਹੀ ਕਰ ਸਕੀਆਂ ਕਿਉਂਕਿ ਉਹਨਾਂ ਨੂੰ ਸਰਕਾਰੀ ਸਰਪ੍ਰਸਤੀ ਹਾਸਿਲ ਨਾ ਹੋ ਸਕੀ। ਪਰ ਬਹੁਤ ਸਾਰੇ ਲਿਖਾਰੀਆਂ ਨੇ ਆਪਣੀਆ ਰਚਨਾਵਾਂ ਪ੍ਰਕ੍ਰਿਤਾਂ ਵਿੱਚ ਲਿਖੀਆਂ ਅਤੇ ਇਹਨਾਂ ਲਿਖਤਾਂ ਨੂੰ ਦੇਖ ਕੇ ਉਹਨਾਂ ਵਿੱਚ ਇਹ ਖਿਆਲ ਪੈਦਾ ਹੋਇਆ ਕਿ ਪ੍ਰਕ੍ਰਿਤਾਂ ਦਾ ਵੀ ਕੋਈ ਆਪਣਾ ਬੋਲ ਢੰਗਾ (ਗਰੈਮਰ) ਲਿਖਿਆ ਜਾਵੇ ਤਾਂ ਕਿ ਇਸ ਬੋਲੀ ਵਿੱਚ ਕਵਿਤਾ, ਵਾਰਤਾ ਅਤੇ ਸਾਹਿਤ ਲਿਖਿਆ ਜਾ ਸਕੇ। ਪ੍ਰਕ੍ਰਿਤ ਗਰੈਮਰ ਵਿੱਚ ਕਈ ਵਿਆਕਰਨੀਆਂ ਦਾ ਨਾਂ ਆਉਂਦਾ ਹੈ ਉਹਨਾਂ ਨੇ ਪਹਿਲੀ ਸਦੀ 2.3 ਤੋਂ ਲੈ ਕੇ 17 ਸਦੀ 14 ਤੱਕ ਪ੍ਰਕ੍ਰਿਤਾਂ ਤੇ ਕੰਮ ਕੀਤਾ ਹੈ। ਜਿਹਨਾਂ-ਜਿਹਨਾਂ ਨੇ ਪ੍ਰਕ੍ਰਿਤਾਂ ਦਾ ਗਰੈਮਰ ਲਿਖਿਆ ਉਹਨਾਂ ਦੇ ਨਾਮ ਪ੍ਰਕ੍ਰਿਤ ਡਿਕਸ਼ਨਰੀ ਵਿੱਚ ਲਿਖੇ ਹੋਏ ਮਿਲਦੇ ਹਨ। ਸੱਭ ਤੋਂ ਪੁਰਾਣਾ ਪ੍ਰਕ੍ਰਿਤ ਗਰੈਮਰ ਵਰਰੁੱਚੀ ਦਾ ਲਿਖਿਆ ਮੰਨਿਆ ਜਾਂਦਾ ਹੈ। ਪ੍ਰਕ੍ਰਿਤਾਂ ਤੋਂ ਪਹਿਲਾਂ ਸੰਸਕ੍ਰਿਤ ਗਰੈਮਰ ਲਿਖੇ ਜਾ ਚੁੱਕੇ ਸਨ। ਜਿਹਨਾਂ ਤੋਂ ਪ੍ਰਭਾਵਿਤ ਹੋ ਕੇ ਵਰਰੁੱਚੀ ਨੇ ਪ੍ਰਕ੍ਰਿਤ ਗਰੈਮਰ ਲਿਖਿਆ। ਪਾਣਿਨੀ ਦੇ ਅਸ਼ਟਅਧਿਆਏ ਅਨੁਸਾਰ ਉਸ ਤੋਂ ਪਹਿਲਾ ਸੰਸਕ੍ਰਿਤ ਦੇ 60 ਗਰੈਮੇਰੀਅਨ ਹੋ ਚੁੱਕੇ ਸਨ ਅਤੇ ਮਜ਼ਬੂਰੀ ਕਰਕੇ ਪ੍ਰਕ੍ਰਿਤ ਵਿਆਕਰਨੀਆਂ ਨੇ ਸੰਸਕ੍ਰਿਤ ਦੀ Terminology ਹੀ ਵਰਤੀ ਕਿਉਂਕਿ ਉਹ ਆਪਣੀ Terminology ਛੇਤੀ ਤਿਆਰ ਨਹੀ ਕਰ ਸਕੇ ਅਤੇ ਉਹਨਾਂ ਨੇ ਪ੍ਰਕ੍ਰਿਤਾਂ ਦੇ ਗਰੈਮਰ ਵਿੱਚ ਸੰਸਕ੍ਰਿਤ ਦੀ Terminology ਦਾ ਸਹਾਰਾ ਹੀ ਲਿਆ।

ਪੰਜਾਬੀ ਦਾ ਵਿਸਥਾਰ ਪੱਛਮ ਵਿੱਚ ਸਿੰਧ ਤੋਂ ਲੈ ਕੇ ਸੂਬਾ ਸਰਹੱਦ ਅਤੇ ਭਾਰਤ ਦੇ ਸਰਸਵਤੀ ਨਦੀ ਤੱਕ ਹੈ। ਪੰਜਾਬੀ ਦਾ ਸਾਹਿਤ ਸਾਨੂੰ ਬਹੁਤ ਪੁਰਾਣਾ ਨਹੀ ਮਿਲਦਾ ਹੈ। ਸਾਨੂੰ ਪੰਜਾਬੀ ਦਾ ਇਤਿਹਾਸ 11ਵੀਂ ਸਦੀ ਤੋਂ ਮਿਲਦਾ ਹੈ। ਜਿਹੜਾ ਸਾਨੂੰ 'ਪੰਜਾਬੀ ਸਾਹਿਤ ਦਾ ਇਤਿਹਾਸ' ਤੋਂ ਪਤਾ ਲਗਦਾ ਹੈ ਜੋ ਪੰਜਾਬੀ ਭਾਸ਼ਾ ਵਿਭਾਗ ਵਲੋਂ ਛਪਿਆ ਹੋਇਆ ਹੈ। ਪੰਜਾਬੀ ਆਮ ਲੋਕਾਂ ਦੀ ਬੋਲੀ ਰਹੀ ਹੈ ਅਤੇ ਲੋਕਾਂ ਨੇ ਆਪਣੇ ਜਜ਼ਬੇ ਅਖਾਣਾ ਅਤੇ ਮੁਹਾਵਰਿਆਂ ਰਾਹੀਂ ਪ੍ਰਗਟ ਕੀਤੇ। ਇਸ ਤੋਂ ਪਤਾ ਲਗਦਾ ਹੈ ਕਿ ਇਹ ਬਹੁਤ ਪੁਰਾਣੀ ਬੋਲੀ ਹੈ। ਇਸ ਬੋਲੀ ਨੂੰ ਸਰਕਾਰ ਦੀ ਸਰਪ੍ਰਸਤੀ ਦੀ ਬਜਾਏ ਲੋਕਾਂ ਦੀ ਸਰਪ੍ਰਸਤੀ ਹਾਸਿਲ ਰਹੀ ਹੈ। ਜਿਸ ਬੋਲੀ ਨੂੰ ਲੋਕਾਂ ਦੀ ਸਰਪ੍ਰਸਤੀ ਹਾਸਿਲ ਹੁੰਦੀ ਹੈ, ਉਹ ਬੋਲੀ ਕਦੇ ਮਰਦੀ ਨਹੀ ਹੈ ਸੋ ਜਿਹੜੇ ਲੋਕ ਇਹ ਤੌਖਲਾ ਜ਼ਾਹਿਰ ਕਰਦੇ ਹਨ ਕਿ ਇਹ ਬੋਲੀ ਮਰ ਜਾਵੇਗੀ ਤਾਂ ਇਹ ਉਹਨਾਂ ਦਾ ਭੁਲੇਖਾ ਹੈ।

ਸਾਨੂੰ Archaeology ਦੀ ਖੋਜ ਤੋਂ ਪਤਾ ਲਗਦਾ ਹੈ ਕਿ ਜਿਹਨਾਂ ਬਾਹਰਲੀਆਂ ਕੌਮਾਂ ਨੇ ਪੰਜਾਬ ਤੇ ਰਾਜ ਕੀਤਾ ਉਹਨਾਂ ਨੇ ਆਪਣੀਆਂ ਬੋਲੀਆਂ ਨੂੰ ਹੀ ਸਰਪ੍ਰਸਤੀ ਦਿੱਤੀ ਅਤੇ ਪੰਜਾਬੀਆਂ ਦੀ ਇਹ ਮਜਬੂਰੀ ਬਣ ਗਈ ਉਹ ਉਹਨਾਂ ਦੀ ਬੋਲੀ ਸਿੱਖਣ ਅਤੇ ਨਹੀ ਤਾਂ ਉਹ ਰਾਜ ਕਾਜ ਵਿੱਚ ਪਿਛੜ ਜਾਣਗੇ। ਜਿਹਨਾਂ ਸਿਲਾਲੇਖਾਂ ਨੂੰ Archaeology ਵਾਲਿਆਂ ਨੇ ਪੜ੍ਹਿਆ ਹੈ, ਉਹ ਗ੍ਰੀਕ, ਪਾਲੀ, ਸੰਸਕ੍ਰਿਤ, ਤੁਰਾਨੀ ਅਤੇ ਤੁਰਕੀ ਅਤੇ ਦੇਸੀ ਪ੍ਰਕ੍ਰਿਤਾਂ ਹਨ। ਪ੍ਰਕ੍ਰਿਤਾਂ ਦਾ ਸਬੂਤ R.S ਪੰਡਿਤ ਨੇ ਆਪਣੀ ਸੰਸਕ੍ਰਿਤ ਕਿਤਾਬ ਦੇ ਅੰਗਰੇਜੀ ਟ੍ਰਾਂਸਲੇਸ਼ਨ ਵਿੱਚ ਲਿਖਿਆ ਹੈ ਕਿ ਪ੍ਰਕ੍ਰਿਤਾਂ 4 ਸਦੀ ਵਿੱਚ ਸੈਂਟਰਲ ਏਸ਼ੀਆ ਵਿੱਚ ਚਲਦੀਆ ਰਹੀਆਂ ਹਨ। ਇੰਜ ਉਹਨਾਂ ਬੋਲੀਆ ਦੇ ਸ਼ਬਦ ਦੇਸੀ ਪੰਜਾਬੀ ਵਿੱਚ ਆ ਗਏ। ਇਸ ਤਰ੍ਹਾਂ ਜਿੱਥੇ ਉਹਨਾਂ ਨੇ ਸ਼ਬਦ ਦਿੱਤੇ ਹਨ ਉੱਥੇ ਉਹਨਾਂ ਨੇ ਪੰਜਾਬੀ ਤੋਂ ਸ਼ਬਦ ਲਏ ਵੀ ਹਨ। Dr. G.A. Grierson ਨੇ ਪਸਾਚੀ ਬੋਲੀ ਤੇ ਕਿਤਾਬ ਲਿਖੀ ਹੈ, ਜਿਸ ਦਾ ਨਾਮ 'The Pasachi Language' ਹੈ। ਇਸ ਵਿੱਚ ਉਸ ਨੇ ਅਸ਼ੋਕ ਦੇ ਸ਼ਾਹਬਾਜ਼ਗੜੀ ਦੇ ਸਿਲਾਲੇਖ ਵੀ ਦਿੱਤੇ ਹਨ ਉਸ ਨੇ ਪਸਾਚੀ ਵਿੱਚ ਪੰਜਾਬੀ ਦੇ ਅਨੇਕਾਂ ਸ਼ਬਦ ਵੀ ਦਿੱਤੇ ਹਨ ਜਿਵੇਂ ਧੀ, ਡਿਊੜ, ਸੱਤ, ਅੱਠ ਅਤੇ ਹੋਰ ਅਨੇਕਾਂ ਸ਼ਬਦ ਵੀ ਮਿਲਦੇ ਹਨ। ਅਸੀਂ ਅੱਜ ਵੀ ਉਕਤ ਸ਼ਬਦਾਂ ਦੀ ਵਰਤੋਂ ਪੰਜਾਬੀ ਵਿੱਚ ਕਰਦੇ ਹਾਂ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬੀ ਅਸ਼ੋਕ ਤੋਂ ਪਹਿਲਾ ਦੀ ਬੋਲੀ ਜਾਂਦੀ ਹੈ ਅਤੇ ਤਾਂ ਹੀ ਪੰਜਾਬੀ ਦੇ ਸ਼ਬਦ ਪਾਲੀ ਵਿੱਚ ਆਏ ਸਨ।

ਗੁਨਾਢਿਆ ਨਾਮ ਦਾ ਇੱਕ ਵਿਦਵਾਨ ਹੋਇਆ ਸੀ, ਜਿਸ ਦਾ ਸਮਾਂ ਲਗਭਗ 2000 ਸਾਲ ਮੰਨਿਆ ਜਾਂਦਾ ਹੈ। ਉਸਨੇ ਪਸਾਚੀ ਬੋਲੀ ਵਿੱਚ ਕਹਾਣੀਆਂ ਦਾ ਸੰਗ੍ਰਹਿ ਲਿਖਿਆ ਜਿਸ ਦਾ ਨਾਂ 'ਬਡਕਹਾ' ਹੈ ਜਿਸ ਦਾ ਪਿੱਛੋਂ ਵਿਦਵਾਨਾਂ ਨੇ ਸੰਸਕ੍ਰਿਤ ਵਿੱਚ ਇਸ ਦਾ ਉਲੱਥਾ ਕੀਤਾ ਜਿਹੜਾ ਕਿ ਅੱਜ ਸਾਨੂੰ ਨਹੀ ਮਿਲਦਾ ਹੈ ਪਰ ਇਸ ਦਾ ਸੱਤਵੀਂ ਅਤੇ ਅੱਠਵੀਂ ਸਦੀ ਦੇ ਸੰਸਕ੍ਰਿਤ ਦੇ ਵਿਦਵਾਨਾਂ ਦੀਆਂ ਲਿਖਤਾਂ ਵਿੱਚ ਇਸ ਦਾ ਵਰਣਨ ਮਿਲਦਾ ਹੈ।

ਪ੍ਰਕ੍ਰਿਤਾਂ ਦੇ ਲਗਭਗ 200 ਕੁ ਧਾਤੂ ਪੰਜਾਬੀ ਦੇ ਧਾਤੂਆਂ ਨਾਲ ਮਿਲਦੇ ਹਨ। ਜਿਵੇਂ ਜਾ, ਸੁਣ ਅਤੇ ਰੱਖ ਅਦਿ। ਇਸ ਤੋਂ ਇਲਾਵਾ ਹੋਰ ਅਨੇਕਾਂ ਸ਼ਬਦ ਵੀ ਮਿਲਦੇ ਹਨ ਜਿਵੇਂ




ਕਿਰਿਆ ਵਿਸ਼ੇਸ਼ਣ:- ਏਵਡ ਅਤੇ ਜੇਵਡ ਆਦਿ ਜੋ ਸਾਨੂੰ ਗੁਰਬਾਣੀ ਅਤੇ ਪ੍ਰਕ੍ਰਿਤਾਂ ਵਿੱਚ ਮਿਲਦੇ ਹਨ। ਨਾਮ:-ਧੀ, ਪੁੱਤ, ਅੱਜ ਅਦਿ। ਗਿਣਤੀ ਵਾਲੇ ਸ਼ਬਦ ਜਿਵੇਂ ਸੱਤ, ਅੱਠ, ਨੌਂ, ਦਸ, ਡਿਊੜ , ਦੋ ਅਤੇ ਬਡ ਆਦਿ।

ਗਰੈਮੈਟੀਕਲੀ ਢਾਂਚਾ:-ਪ੍ਰਕ੍ਰਿਤਾਂ ਅਤੇ ਪਾਲੀ ਵਿੱਚ ਖਰਵਾਂ ਸ਼ਾ ਅਤੇ ਤਾਲਵੀ ਸ਼ਾ ਨਹੀ ਹੈ ਅਤੇ ਨਾ ਹੀ ਪੰਜਾਬੀ ਵਿੱਚ ਹੈ। ਪ੍ਰਕ੍ਰਿਤਾਂ ਅਤੇ ਪਾਲੀ ਵਿੱਚ 'ੜ' ਦੀ ਧੁਨੀ ਨਹੀ ਹੈ। ਪਰ 'ਲ਼' ਦੀ ਧੁਨੀ ਮੌਜੂਦ ਹੈ। ਜਦਕਿ ਪੰਜਾਬੀ ਵਿੱਚ 'ੜ' ਅਤੇ 'ਲ਼' ਦੋਨੋਂ ਧੁਨੀਆਂ ਮੌਜੂਦ ਹੈ। ਆਯੋਗੇਵਾਹਾ (:) ਦੀ ਧੁਨੀ ਨਾ ਤਾਂ ਪ੍ਰਕ੍ਰਿਤਾਂ ਵਿੱਚ ਹੈ ਅਤੇ ਨਾ ਹੀ ਪੰਜਾਬੀ ਵਿੱਚ ਮੌਜੂਦ ਹੈ। ਪੰਜਾਬੀ ਦੇ ਅੱਖਰਾਂ ਵਿੱਚ ਪੈਰੀ 'ਹ' (੍ਹ) ਪਾਉਣ ਦਾ ਰਿਵਾਜ਼ ਹੈ ਜਦਕਿ ਪ੍ਰਕ੍ਰਿਤਾ ਵਿੱਚ ਬੁਲੰਦ ਧੁਨੀ ਦੀ ਆਵਾਜ਼ ਲਿਖਣ ਲਈ ਦੋ ਅੱਖਰ ਲਿਖਣ ਦਾ ਰਿਵਾਜ ਹੈ।

ਗੁਰਬਾਣੀ ਵਿੱਚ ਸਾਨੂੰ ਕਿਤੇ ਵੀ ਅੱਧਕ (ੱ) ਦੀ ਵਰਤੋਂ ਨਹੀ ਮਿਲਦੀ ਹੈ। ਪਰ ਅੱਜ ਪੰਜਾਬੀ ਵਿੱਚ ਬੁਲੰਦ ਧੁਨੀ ਨੂੰ ਲਿਖਣ ਲਈ ਅੱਧਕ (ੱ) ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਵਿੱਚ Nasal ਧੁਨੀ ਲਈ ਬਿੰਦੀ ਅਤੇ ਟਿੱਪੀ ਦੀ ਵਰਤੋਂ ਕੀਤੀ ਜਾਂਦੀ ਹੈ। ਬੁਲੰਦ ਨਾਸਲ ਧੁਨੀ ਲਈ ਟਿੱਪੀ ਅਤੇ ਨਰਮ ਨਾਸਲ ਧੁਨੀ ਲਈ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ। ਸੰਸਕ੍ਰਿਤ ਦੀ 'ਰਿਰੀ' ਅਤੇ 'ਲੱਲਰੀ' ਧੁਨੀ ਦਾ ਪ੍ਰਕ੍ਰਿਤਾਂ ਵਿੱਚ ਲਿਖਣ ਦਾ ਰਿਵਾਜ਼ ਨਹੀ ਹੈ। ਇਸੇ ਤਰਾਂ ਨਾ ਹੀ ਇਸ ਧੁਨੀਆਂ ਦਾ ਗੁਰਬਾਣੀ ਅਤੇ ਪੰਜਾਬੀ ਵਿੱਚ ਲਿਖਣ ਦਾ ਰਿਵਾਜ਼ ਹੈ। ਪੰਜਾਬੀ ਵਿੱਚ ਸਧਾਰਨ 'ਰ' ਲਿਖਣ ਦਾ ਹੀ ਰਿਵਾਜ਼ ਹੈ। ਪੰਜਾਬੀ ਦੀ ਪੁਰਾਣੀ ਲਿੱਪੀ ਟਾਕਰੀ ਹੈ ਜਿਸ ਵਿੱਚ ਨਰਮ ਆਵਾਜ਼ ਲਈ ਅੱਖਰ ਪੈਰੀ ਪਾਉਣ ਦਾ ਰਿਵਾਜ਼ ਹੈ। ਪਰ ਅੱਜ ਕੱਲ ਪ੍ਰਕ੍ਰਿਤਾਂ ਅਤੇ ਪਾਲੀ ਦੇਵਨਾਗਰੀ ਵਿੱਚ ਲਿਖਣ ਕਾਰਨ ਇਹ ਬੋਲੀਆਂ ਇਹਨਾਂ ਦੇ ਨਿਯਮਾਂ ਦੇ ਹੀ ਅਨੁਸਾਰੀ ਹਨ ਦੇਵਨਾਗਰੀ ਵਿੱਚ ਵੀ ਅੱਖਰ ਪੈਰੀ ਪਾਉਣ ਦਾ ਰਿਵਾਜ਼ ਹੈ। ਦੇਵਨਾਗਰੀ ਵਿੱਚ ਬੁਲੰਦ ਆਵਾਜ਼ ਲਿਖਣ ਲਈ ਇੱਕ ਅੱਖਰ ਅੱਧਾ ਅਤੇ ਇੱਕ ਅੱਖਰ ਪੂਰਾ ਲਿਖਿਆ ਜਾਂਦਾ ਹੈ। ਇਹ ਰਿਵਾਜ਼ ਹੁਣ ਪਾਲੀ ਅਤੇ ਪ੍ਰਕ੍ਰਿਤਾਂ ਵਿੱਚ ਵੀ ਪ੍ਰਚੱਲਿਤ ਹੋ ਗਿਆ ਹੈ। ਪਾਲੀ ਅਤੇ ਪ੍ਰਕ੍ਰਿਤਾਂ ਵਿੱਚ ਇਹਨਾਂ ਦੇ ਗਰੈਮੇਰੀਅਨਾਂ ਨੇ ਦੋ Gender ਅਤੇ ਦੋ Number ਮੰਨੇ ਹਨ। ਇਸੇ ਤਰਾਂ ਪਾਲੀ ਅਤੇ ਪ੍ਰਕ੍ਰਿਤਾਂ ਵਿੱਚ 5 ਵਿਭਕਤੀਆਂ (Case Ending) ਮੰਨੀਆਂ ਜਾਂਦੀਆ ਹਨ ਜਦਕਿ ਪੰਜਾਬੀ ਵਿੱਚ 4 ਵਿਭਕਤੀਆਂ (Case Ending) ਹਨ। ਬਹੁਬਚਨ ਲਈ ਜਿਹੜਾ ਢੰਗ ਪ੍ਰਕ੍ਰਿਤਾਂ ਅਤੇ ਪਾਲੀ ਵਿੱਚ ਵਰਤਿਆ ਜਾਂਦਾ ਹੈ, ਉਹ ਪੰਜਾਬੀ ਵਿੱਚ ਵੱਖਰੇ ਢੰਗ ਨਾਲ ਵਰਤਿਆ ਜਾਂਦਾ ਹੈ। ਪ੍ਰਕ੍ਰਿਤਾ ਅਤੇ ਪਾਲੀ ਨੇ ਸੰਸਕ੍ਰਿਤ ਵਾਂਗ I Tense ਹੀ ਮੰਨੇ ਹਨ। ਜਦਕਿ ਪੰਜਾਬੀ ਵਿੱਚ ਮੇਰੇ ਅਨੁਸਾਰ H Tense ਹੀ ਹਨ। ਆਮ ਵਿਦਵਾਨ ਸੰਸਕ੍ਰਿਤ ਵਾਂਗ ਪੰਜਾਬੀ ਵਿੱਚ I Tense ਹੀ ਮੰਨਦੇ ਹਨ। ਪ੍ਰਕ੍ਰਿਤ ਵਿੱਚ ਕ੍ਰਿਦੰਤ ਸੰਸਕ੍ਰਤ ਵਾਂਗ ਹੀ ਮੰਨੇ ਜਾਂਦੇ ਹਨ। ਪਰ ਪੰਜਾਬੀ ਵਿੱਚ ਕ੍ਰਿਦੰਤ ਮੇਰੇ ਅਨੁਸਾਰ 4 ਹੀ ਹਨ।

'The Language Science' ਦੇ ਕਰਤਾ ਡਾ. ਮੈਕਸ ਮੂਲਰ ਅਨੁਸਾਰ ਸੰਸਾਰ ਦੀਆਂ ਕਈ ਬੋਲੀਆਂ ਮਰ ਚੁੱਕੀਆਂ ਹਨ ਜਿਹਨਾਂ ਵਿੱਚ ਪ੍ਰਕ੍ਰਿਤਾਂ, ਪਾਲੀ, ਲੈਟੀਨ, ਸੰਸਕ੍ਰਿਤ, ਹੈਬਰੂ ਅਤੇ ਕਈ ਹੋਰ ਯੂਰਪੀ ਬੋਲੀਆਂ ਆਦਿ। ਜਦਕਿ ਪੰਜਾਬੀ ਅੱਜ ਵੀ ਲੋਕ ਬੋਲਦੇ ਹਨ। ਅੱਜ ਇਹ ਸੰਸਾਰ ਦੇ ਅੱਠਵੇਂ ਪੱਧਰ ਦੀ ਬੋਲੀ ਹੈ। ਪੰਜਾਬੀ ਦਾ ਪੱਧਰ ਹੋ ਵੀ ਉੱਪਰ ਉੱਠ ਸਕਦਾ ਹੈ ਜੇ ਸਾਰੇ ਪੰਜਾਬੀ ਬੋਲਦੇ ਲੋਕ ਪੰਜਾਬੀ ਰਿਕਾਰਡ ਕਰਵਾਉਣ। ਪੰਜਾਬੀ ਬੋਲੀ ਹੋਰ ਅੱਗੇ ਵੱਧ ਸਕਦੀ ਹੈ ਕਿਉਂਕਿ ਜਾਪਾਨ ਵਾਂਗ ਇਸ ਦਾ Geographia ਤੰਗ ਨਹੀ ਹੈ। ਸੋ ਪੰਜਾਬ ਦਾ Geographia ਪੰਜਾਬੀ ਬੋਲੀ ਨੂੰ ਅੱਗੇ ਵੱਧਣ ਫੁੱਲਣ ਵਿੱਚ ਸਹਾਈ ਹੋ ਸਕਦਾ ਹੈ। ਪੰਜਾਬੀ ਨੂੰ ਕਈ ਦੇਸ਼ਾਂ ਵਿੱਚ ਮਾਨਤਾ ਮਿਲੀ ਹੋਈ ਹੈ ਜਿਹੜੇ ਲੋਕ ਕੁੱਛ ਕੁ ਵਰ੍ਹੇ ਪਹਿਲਾ ਸ਼ੱਕ ਕਰਦੇ ਸੀ ਕਿ ਪੰਜਾਬੀ 50 ਕੁ ਵਰ੍ਹਿਆਂ ਤੱਕ ਮਰ ਜਾਵੇਗੀ, ਪਰ ਪੰਜਾਬੀ ਤਾਂ ਅਜੇ ਤੱਕ ਮਰੀ ਨਹੀ ਪਰ ਉਹ ਲੋਕ ਆਪ ਮਰ ਗਏ।

ਡਾ. ਆਰੀਆਣੀ ਨੇ ਇੱਕ ਕਿਤਾਬ ਲਿਖੀ, ਜਿਸ ਦਾ ਨਾਂ 'ਮਾਗਧੀ ਭਾਸ਼ਾ' ਸੀ। ਇਸ ਵਿੱਚ ਦੱਸਿਆ ਗਿਆ ਮਾਗਧੀ ਦਾ ਲੋਕਲ ਨਾਂ ਮੱਗਹਈ ਪ੍ਰਚੱਲਿਤ ਹੈ, ਜਿਸ ਦੇ ਰੂਪ ਜੈਨੀਆਂ ਦੇ ਪ੍ਰਕ੍ਰਿਤਾਂ ਨਾਲ ਮਿਲਦੇ ਹਨ ਉਕਤ ਕਿਤਾਬ ਵਿੱਚ ਉਸ ਨੇ ਪ੍ਰਕ੍ਰਿਤਾਂ ਦੇ ਕਈ ਸ਼ਬਦ ਦਿੱਤੇ ਹਨ ਜਿਹਨਾਂ ਦੇ ਰੂਪ ਸੰਸਕ੍ਰਿਤ ਅਤੇ ਹਿੰਦੀ ਨਾਲੋਂ ਵੱਖਰੇ ਹਨ ਪੰਜਾਬ ਵਿੱਚ ਪੰਜਾਬੀ ਬੋਲੀ ਲਈ ਰਾਜਨੀਤਿਕ ਅੰਦੋਲਨਾਂ ਕਰਕੇ ਪੰਜਾਬੀ ਸੂਬੇ ਦੀ ਸਰਕਾਰੀ ਬੋਲੀ ਬਣ ਗਈ। ਜਦਕਿ ਮੱਗਧ ਦੇ ਇਲਾਕੇ ਵਿੱਚ ਉਹਨਾਂ ਨੇ ਆਪਣੀ ਮੱਗਹਈ ਬੋਲੀ ਲਈ ਕੋਈ ਰਾਜਨੀਤਿਕ ਅੰਦੋਲਨ ਨਹੀ ਚਲਾਇਆ। ਇੱਥੋ ਇਹ ਪਤਾ ਚਲਦਾ ਹੈ ਕਿ ਉਹਨਾਂ ਲੋਕਾਂ ਵਿੱਚ ਆਪਣੀ ਬੋਲੀ ਲਈ ਕੋਈ ਰਾਜਨੀਤਿਕ ਇੱਛਾ ਸ਼ਕਤੀ ਪੈਦਾ ਨਹੀ ਹੋਈ ਕਿ ਉਹ ਆਪਣੀ ਬੋਲੀ ਨੂੰ ਰਾਜ ਬੋਲੀ ਬਣਾ ਸਕਣ।

ਜੇ ਇਤਿਹਾਸਕ ਦ੍ਰਿਸ਼ਟੀ ਨਾਲ ਦੇਖੀਏ ਤਾਂ ਪ੍ਰਕ੍ਰਿਤਾਂ ਵਿੱਚ ਬਹੁਤ ਸਾਰਾ ਸਾਹਿਤ ਲਿਖਿਆਂ ਗਿਆ ਹੈ। ਜਿਵੇਂ ਕਿ ਜੈਨੀਆਂ ਦੀ ਪ੍ਰਕ੍ਰਿਤਾਂ ਅਤੇ ਬੋਧੀਆਂ ਦੀ ਪਾਲੀ ਵਿੱਚ ਕਾਫੀ ਸਾਹਿਤ ਲਿਖਿਆ ਹੋਇਆਂ ਹੈ ਜਿਵੇਂ ਅਚਾਰਿਆ ਹੇਮਚੰਦਰ ਨੇ 'ਸਿੱਧਹੇਮ ਸ਼ਬਦਨੁਸ਼ਾਸ਼ਨ' ਆਦਿ ਲਿਖਿਆ। ਸਮਰਾਟ ਅਸ਼ੋਕ ਦੇ ਬੁੱਧ ਧਰਮ ਮੰਨਣ ਕਰਕੇ ਪਾਲੀ ਬੋਲੀ ਨੂੰ ਵਿਕਸਿਤ ਹੋਣ ਦਾ ਮੌਕਾ ਮਿਲਿਆ ਅਤੇ ਧਾਰਮਿਕ ਆਗੂਆਂ ਨੇ ਵੀ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਇਸ ਬੋਲੀ ਵਿੱਚ ਲਿਖੀਆ ਅਤੇ ਇਸ ਤੋਂ ਇਲਾਵਾ ਧਾਰਮਿਕ ਗ੍ਰੰਥ ਅਤੇ ਉਪਦੇਸ਼ਆਤਮਕ ਕਹਾਣੀਆਂ ਵੀ ਲਿਖੀਆਂ ਹਨ। ਇਸ ਤਰਾਂ ਇਕ ਰਾਜ ਸ਼ਕਤੀ ਅਤੇ ਦੂਜਾ ਧਰਮ ਦੀ ਸ਼ਕਤੀ ਨੇ ਇਸ ਨੂੰ ਅੱਗੇ ਵਧਾਇਆ। ਜਿੱਥੇ-ਜਿੱਥੇ ਅਸ਼ੋਕ ਦਾ ਸਾਮਰਾਜ ਰਿਹਾ ਉੱਥੇ ਬੁੱਧ ਧਰਮ ਅਤੇ ਪਾਲੀ ਬੋਲੀ ਵੀ ਗਈ। ਜਿੱਥੋ ਤੱਕ ਅਸ਼ੋਕ ਦਾ ਰਾਜ ਸੀ ਉਸਨੇ ਉੱਥੇ ਆਪਣੇ ਫਰਮਾਨ ਪਾਲੀ ਬੋਲੀ ਵਿੱਚ ਥੰਮਾਂ ਉੱਤੇ ਖੁਦਵਾਏ ਅਤੇ ਨਾਲ ਹੀ ਉਸ ਨੇ ਲੋਕਲ ਬੋਲੀ ਦੇ ਸ਼ਬਦ ਵੀ ਆਪਣੇ ਫਰਮਾਨਾਂ ਵਿੱਚ ਵਰਤੇ, ਕਿਉਂਕਿ ਲੋਕਲ ਵਿਦਵਾਨਾਂ ਨੇ ਵੀ ਆਪਣੇ ਸ਼ਬਦ ਪਾਲੀ ਵਿੱਚ ਵਰਤੇ ਸਨ। ਇਸ ਤੋਂ ਇਹ ਪਤਾ ਲਗਦਾ ਹੈ ਕਿ ਪਾਲੀ ਤੋਂ ਇਲਾਵਾ ਲੋਕ ਹੋਰ ਅਨੇਕਾਂ ਬੋਲੀਆਂ ਬੋਲਦੇ ਸਨ। ਲੋਕਲ ਲੋਕਾਂ ਦੀਆਂ ਬੋਲੀਆਂ ਨੂੰ ਸਰਕਾਰੀ ਸਰਪ੍ਰਸਤੀ ਨਾ ਮਿਲਣ ਕਰਕੇ ਇਹ ਲੋਕਲ ਬੋਲੀਆਂ ਲਿਖਤੀ ਤੌਰ ਤੇ ਲੋਕਾਂ ਸਾਹਮਣੇ ਨਹੀ ਆ ਸਕੀਆਂ। ਸਿੰਧ ਦੇ ਉਪਰਲੇ ਇਲਾਕੇ ਵਿੱਚ ਪਸਾਚੀ ਦਾ ਬੋਲਿਆ ਜਾਣਾ ਮੰਨਿਆਂ ਜਾਂਦਾ ਸੀ, ਇਸ ਦਾ ਜ਼ਿਕਰ ਮਾਰਕੰਡੇ, ਗੁਨਾਡਾ, ਵਰਰੁੱਚੀ ਅਤੇ ਆਚਾਰਿਆ ਹੇਮਚੰਦਰ ਦੀਆਂ ਰਚਨਾਵਾਂ ਵਿੱਚ ਮਿਲਦਾ ਹੈ। ਗੁਨਾਡਾ ਨੇ ਪਸਾਚੀ ਵਿੱਚ ਬਹੁਤ ਵੱਡਾ ਕਹਾਣੀਆਂ ਦਾ ਗ੍ਰੰਥ ਲਿਖਿਆ ਜਿਸ ਨੂੰ 'ਵਡਕਹਾ' ਕਿਹਾ ਜਾਂਦਾ ਹੈ। ਇਹ ਸ਼ਬਦ ਪੰਜਾਬੀ ਵਿੱਚ ਆਮ ਹੀ ਵਰਤਿਆਂ ਜਾਂਦਾ ਹੈ। ਸੰਸਕ੍ਰਿਤ ਵਿਦਵਾਨਾਂ ਨੇ ਪਸਾਚੀ ਨੂੰ ਘਟੀਆ ਦ੍ਰਿਸ਼ਟੀ ਨਾਲ ਦੇਖਿਆ ਅਤੇ ਇਹ ਬੋਲੀ ਬੋਲਣ ਵਾਲਿਆ ਨੂੰ ਘਟੀਆ ਸਮਝਿਆ। ਪਸਾਚੀ ਬੋਲੀ ਭੂਤਾਂ ਦੀ ਬੋਲੀ ਮੰਨੀ ਜਾਂਦੀ ਸੀ। ਮਹਾਂਭਾਰਤ ਵਿੱਚ ਪੰਜਾਬ ਦੇ ਲੋਕਾਂ ਲਈ ਘਟੀਆ ਸ਼ਬਦ ਵਰਤੇ ਜਿਵੇਂ ਵਾਹਿਕ ਆਦਿ। ਸੰਸਕ੍ਰਿਤ ਅਤੇ ਪਾਲੀ ਵਾਲੇ ਲੋਕ ਇਹਨਾਂ ਲੋਕਾਂ ਨੂੰ ਸਤਿਕਾਰ ਨਹੀ ਦਿੰਦੇ ਸਨ। ਜੇ ਇਹ ਸਤਿਕਾਰ ਕਰਦੇ ਹੁੰਦੇ ਤਾਂ ਲੋਕਾਂ ਨੂੰ ਭੂਤ ਜਾਂ ਹੋਰ ਨਾਵਾਂ ਨਾਲ ਨਾ ਪੁਕਾਰਦੇ।

ਅਸ਼ੋਕ ਸਿਰਫ ਸਾਮਰਾਜ ਪੱਖੀ ਹੀ ਸੀ। ਉਸਨੇ ਵੀ ਰਾਜ ਦੀਆਂ ਲੋਕਲ ਬੋਲੀਆਂ ਨੂੰ ਸਰਕਾਰੀ ਸਰਪ੍ਰਸਤੀ ਨਹੀਂ ਦਿੱਤੀ। ਇਸੇ ਤਰ੍ਹਾਂ ਸੰਸਕ੍ਰਿਤ ਵਿਦਵਾਨਾਂ ਦੀ ਲੋਕ ਬੋਲੀ ਨਹੀ ਸੀ ਪਰ ਉਹਨਾਂ ਨੇ ਧਰਮ ਸ਼ਾਸ਼ਤਰ ਸੰਸਕ੍ਰਿਤ ਵਿੱਚ ਹੀ ਲਿਖੇ। ਸੰਸਕ੍ਰਿਤ ਵਿਦਵਾਨ ਲੋਕਲ ਬੋਲੀਆਂ ਨੂੰ ਨੀਚ ਬੋਲੀਆ ਸਮਝਦੇ ਸਨ ਅਤੇ ਇਹਨਾਂ ਬੋਲੀਆਂ ਨੂੰ ਬੋਲਣ ਵਾਲੇ ਲੋਕਾਂ ਨੂੰ ਵੀ ਨੀਚ ਸਮਝਦੇ ਸਨ। ਇੱਥੋਂ ਇਹ ਪਤਾ ਲਗਦਾ ਹੈ ਕਿ ਰਾਜ ਅਤੇ ਧਰਮ ਵਿੱਚ ਕਿੰਨੀ ਸ਼ਕਤੀ ਹੈ ਅਤੇ ਲੋਕਾਂ ਦੇ ਦਿਮਾਗ ਤੇ ਕਿੰਨਾ ਅਸਰ ਛੱਡਦਾ ਹੈ।

ਮਹਿਮੂਦ ਗਜ਼ਨਵੀ ਨੇ ਜਿੱਤ ਮਗਰੋਂ ਲਾਹੌਰ ਦਰਬਾਰ ਵਿੱਚ ਫਾਰਸੀ ਨੂੰ ਸਰਕਾਰੀ ਬੋਲੀ ਬਣਾਇਆ। ਉਸ ਤੋਂ ਪਹਿਲਾ ਲਹੌਰ ਦਰਬਾਰ ਦੇ ਰਾਜਿਆ ਦੀ ਬੋਲੀ ਸੰਸਕ੍ਰਿਤ ਸੀ ਅਤੇ ਲਿੱਪੀ ਟਾਕਰੀ ਵਰਤਦੇ ਸਨ। ਚੰਬੇ ਦੇ ਰਾਜਿਆ ਦੀ ਦਰਬਾਰ ਦੀ ਸਰਕਾਰੀ ਬੋਲੀ ਸੰਸਕ੍ਰਿਤ ਸੀ ਅਤੇ ਲਿੱਪੀ ਟਾਕਰੀ ਸੀ। ਬੋਧੀ ਰਾਜ ਖਤਮ ਹੋਣ ਮਗਰੋਂ ਸੰਸਕ੍ਰਿਤ ਦਾ ਬ੍ਰਾਹਮਣੀਕਲ ਸਿਸਟਮ ਵਿੱਚ ਬੋਲਬਾਲਾ ਹੋ ਗਿਆ। ਉਹਨਾਂ ਨੇ ਪਾਲੀ ਅਤੇ ਪ੍ਰਕ੍ਰਿਤਾਂ ਨੂੰ ਦਬਾਇਆ ਅਤੇ ਲੋਕ ਬੋਲੀਆਂ ਨੂੰ ਵੀ ਦਬਾਇਆ ਤਾਂ ਕਿ ਧਰਮ ਦੇ ਤੌਰ ਤੇ ਅਤੇ ਰਾਜਨਿਤਿਕ ਤੌਰ ਤੇ ਸੰਸਕ੍ਰਿਤਵਾਦੀਆਂ ਦੀ ਭੱਲ ਬਣੀ ਰਹੇ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਬੋਲੀ ਦਾ ਸਬੰਧ ਬੋਲਣ ਨਾਲ ਹੀ ਨਹੀ ਬਲਕਿ ਵਿਆਕਤੀਤਵ, ਧਰਮ, ਰਾਜਨੀਤੀ, ਇਤਿਹਾਸ ਅਤੇ ਭੂਗੋਲ ਆਦਿ ਬਹੁਤ ਸਾਰੀਆਂ ਗੱਲਾਂ ਨਾਲ ਵੀ ਹੈ। ਇੰਝ ਪ੍ਰਕ੍ਰਿਤਾਂ ਦੀ ਥਾਂ ਸੰਸਕ੍ਰਿਤ ਬੋਲੀ ਹੋਣ ਕਰਕੇ ਪ੍ਰਕ੍ਰਿਤਾਂ ਦਾ ਘਾਣ ਹੋ ਗਿਆ।

ਮਹਿਮੂਦ ਗਜ਼ਨਵੀ ਹਾਕਮ ਬਣਨ ਕਰਕੇ ਉਸ ਨੇ ਧਰਮ ਇਸਲਾਮ ਅਤੇ ਬੋਲੀ ਫਾਰਸੀ ਰੱਖੀ ਜਦਕਿ ਉਹ ਆਪ ਤੁਰਕੀ ਨਸਲ ਦਾ ਸੀ। ਇੱਥੋ ਇਹ ਪਤਾ ਲਗਦਾ ਹੈ ਕਿ ਧਰਮ ਲੋਕਾਂ ਤੇ ਆਪਣਾ ਕਿੰਨਾ ਅਸਰ ਛੱਡਦਾ ਹੈ ਅਤੇ ਆਪਣੇ ਧਰਮ ਗ੍ਰੰਥਾਂ ਦੀ ਮੋਹਰ ਵੀ ਲਗਾਉਂਦਾ ਹੈ। ਇਹਦੇ ਕਰਕੇ ਹੀ ਲੋਕ ਜੁੜਦੇ ਹਨ ਅਤੇ ਰਾਜ ਸ਼ਕਤੀ ਵੀ ਪ੍ਰਾਪਤ ਕਰਦੇ ਹਨ। ਮਹਿਮੂਦ ਗਜ਼ਨਵੀ ਦੀ Dominancy ਹੋਣ ਕਰਕੇ ਸੰਸਕ੍ਰਿਤਵਾਦੀਆ ਦੇ ਹੌਸਲੇ ਢਹਿ ਗਏ ਮਹਿਮੂਦ ਗਜ਼ਨਵੀ ਨੇ ਸੋਚਿਆ ਕਿ ਇੱਥੇ ਦੇ ਲੋਕ ਸੰਸਕ੍ਰਿਤ ਤਾਂ ਬੋਲਦੇ ਨਹੀਂ ਅਤੇ ਨਾ ਹੀ ਬੋਧੀਆਂ ਦੀ ਬੋਲੀ ਬੋਲਦੇ ਹਨ। ਉਹਦੇ ਰਾਜ ਵੇਲੇ ਇਕ ਲਾਹੌਰ ਦਰਬਾਰ ਵਿੱਚ ਬ੍ਰਾਹਮਣੀਕਲ ਸਿਸਟਮ ਨੂੰ ਮੰਨਣ ਵਾਲਾ ਇਸਲਾਮ ਵਿੱਚ ਆ ਗਿਆ ਅਤੇ ਉਸਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਅਤੇ ਆਪਣਾ ਨਾਮ ਵੀ ਇਸਲਾਮੀ ਨਾਮ ਅਬਦੁੱਲ ਰਹਿਮਾਨ ਰੱਖਿਆ।

ਡੇਵਿਡ ਰਈਸ ਦੀ ਪਾਲੀ-ਇੰਗਲਿਸ਼ ਡਿਕਸ਼ਨਰੀ ਦੇ ਕਰਤਾ ਦੀ ਗੱਲ ਦੋਹਰਾਉਂਦੇ ਹਾਂ ਕਿ ਉਸ ਨੇ ਮੰਨਿਆਂ ਹੈ ਕਿ ਸਿਧਾਰਥ (ਬੁੱਧ) ਦੀ ਬੋਲੀ ਪਾਲੀ ਸੀ। ਜਿਹੜੀ ਉਸ ਦੇ ਬਜ਼ੁਰਗਾਂ ਦੀ ਬੋਲੀ ਸੀ। ਇਹ ਉਸ ਨੇ ਬੋਲੀ ਨਹੀ ਕਲਪੀ। ਉਸ ਨੇ ਆਪਣੇ ਬਜ਼ੁਰਗਾ ਦੀ ਬੋਲੀ ਰਾਂਹੀ ਗ੍ਰੰਥ ਲਿਖ ਕੇ ਆਪਣੇ ਬਜ਼ੁਰਗਾ ਦੀ ਬੋਲੀ ਨੂੰ ਮਾਨ ਸਨਮਾਨ ਦਿੱਤਾ ਅੱਗੇ ਉਸਦੇ ਚੇਲਿਆਂ ਨੇ ਬੁੱਧ ਧਰਮ ਨੂੰ ਇੰਡੀਆ, ਨੇਪਾਲ ਅਤੇ ਹੋਰ ਦੇਸ਼ਾ ਵਿੱਚ ਫੈਲਾਇਆ। ਇਸ ਤਰਾਂ ਪਾਲੀ ਬੋਲੀ ਦੀ ਜੈ-ਜੈ ਹੋ ਗਈ। ਇਸ ਤਰਾਂ ਅਬਦੁੱਲ ਰਹਿਮਾਨ ਵੱਲ ਆਉਂਦੇ ਹਾਂ ਜਿਹੜਾ ਕਿ 11ਵੀ ਸਦੀ ਦਾ ਲਿਖਾਰੀ ਮੰਨਿਆ ਜਾਂਦਾ ਹੈ ਉਸਨੇ ਪੰਜਾਬੀ ਬੋਲੀ ਕਲਪੀ ਨਹੀ ਸਗੋਂ ਉਸਨੇ ਵੀ ਸਿਧਾਰਥ (ਬੁੱਧ) ਵਾਂਗੂ ਆਪਣੇ ਵਡਾਰੂਆਂ ਦੀ ਬੋਲੀ ਹੀ ਵਰਤੀ ਇਸ ਤੋਂ ਸਿੱਧ ਹੁੰਦਾ ਹੈ ਕਿ ਉਸ ਵੇਲੇ ਰਾਜ ਬੋਲੀ ਹੋਰ ਸੀ ਅਤੇ ਲੋਕ ਬੋਲੀ ਹੋਰ ਰਹੀ ਹੈ। ਇਸੇ ਤਰਾਂ ਮਹਾਂਵੀਰ ਜੈਨ 24ਵਾਂ ਤੀਰਥੰਕਰ ਨੇ ਵੀ ਆਪਣੀ ਰਚਨਾ ਆਪਣੀ ਮਾਂ ਬੋਲੀ ਅਰਧ-ਮਾਗਧੀ ਵਿੱਚ ਹੀ ਲਿਖੀ ਹੈ। ਉਸਨੇ ਸਿਧਾਰਥ (ਬੁੱਧ) ਵਾਂਗ ਹੀ ਆਪਣੇ ਵਡਾਰੂਆਂ ਦੀ ਬੋਲੀ ਵਰਤੀ ਅਤੇ ਇਸ ਵਿੱਚ ਆਪਣੀ ਬਾਣੀ ਦੀ ਰਚਨਾ ਕੀਤੀ, ਜਿਸ ਵਿੱਚ ਜੈਨ ਧਰਮ ਨੂੰ ਕਾਫੀ ਪ੍ਰਸਿੱਧੀ ਮਿਲੀ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਦੇਵ ਜੀ ਦੀ ਬਾਣੀ : ਸਮਾਜਿਕ ਸੰਘਰਸ਼ ਦੀ ਸਾਖੀ

**ਸਵਰਾਜਬੀਰ**

ਗੁਰੂ ਨਾਨਕ ਦੇਵ ਜੀ ਸਾਡੇ ਮਹਾਨ ਗੁਰੂ, ਪੀਰ, ਪੈਗੰਬਰ ਤੇ ਰਹਿਬਰ ਹਨ। ਉਹ ਮਹਾਨ ਬਾਣੀਕਾਰ ਤੇ ਕਵੀ ਹਨ। ਉਨ੍ਹਾਂ ਨੇ ਰਾਗ ਧਨਾਸਰੀ ਵਿਚ ਆਪਣੇ ਆਪ ਨੂੰ 'ਨਾਨਕ ਸਾਇਰ' ਕਿਹਾ ਹੈ ("ਨਾਨਕੁ ਸਾਇਰੁ ਏਵ ਕਹਤੁ ਹੈ")। ਨਾਨਕ-ਬਾਣੀ ਨੂੰ ਬਹੁਤ ਪੱਖਾਂ ਤੋਂ ਪੜ੍ਹਿਆ ਤੇ ਸਮਝਿਆ ਜਾਂਦਾ ਹੈ, ਜਿਵੇਂ ਅਧਿਆਤਮਕ, ਰਹੱਸਵਾਦੀ, ਸਮਾਜਿਕ ਆਦਿ। ਮੈਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸਮਾਜਿਕ ਸੰਘਰਸ਼ ਦੀ ਵਾਣੀ ਵਜੋਂ ਪੜ੍ਹਨ ਤੇ ਸਮਝਣ ਦਾ ਯਤਨ ਕੀਤਾ ਹੈ।

ਸਿੱਖ ਧਰਮ, ਹਿੰਦੋਸਤਾਨੀ ਬਰੇ-ਸਗੀਰ ਵਿਚ, ਵਰਣ-ਆਸ਼ਰਮ ਤੇ ਜਾਤ-ਪਾਤ ਦੇ ਨਾਂ 'ਤੇ ਹੋਣ ਵਾਲੇ ਭਿੰਨ-ਭਾਵ ਅਤੇ ਵਿਤਕਰੇ ਦੇ ਵਿਰੁੱਧ ਖੜ੍ਹੇ ਹੋਣ ਵਾਲੇ ਅਤੇ ਸਮਾਜਿਕ ਏਕਤਾ ਦੀ ਸਮੱਸਿਆ ਨਾਲ ਜੂਝਣ ਵਾਲੇ ਧਰਮਾਂ ਅਤੇ ਪੰਥਾਂ ਵਿਚੋਂ ਪ੍ਰਮੁੱਖ ਹੈ। ਇਸ ਦਾ ਸਭ ਤੋਂ ਪ੍ਰਥਮ ਅਤੇ ਪ੍ਰਮੁੱਖ ਸੰਕੇਤ ਗੁਰੂ ਨਾਨਕ ਦੇਵ ਜੀ ਸ਼ਾਹਕਾਰ ਰਚਨਾ ਜਪੁਜੀ ਸਾਹਿਬ ਦੇ ਮੂਲ ਮੰਤਰ ਵਿਚ ਮਿਲਦਾ ਹੈ ਜਿੱਥੇ ਕਰਤਾ ਪੁਰਖ ਦੀ ਹਸਤੀ ਦਾ ਬਿਆਨ ਕੀਤਾ ਗਿਆ ਹੈ ਅਤੇ ਉਸ ਦੀ ਨਿਰਗੁਣਤਾ ਦੇ ਗੁਣ ਦੱਸੇ ਗਏ ਹਨ। ਕਰਤਾ ਪੁਰਖ ਦੀ ਜੋ ਵਿਚਾਰਧਾਰਕ ਬਣਤਰ ਮੂਲ ਮੰਤਰ ਰਾਹੀਂ ਸਾਹਮਣੇ ਆਉਂਦੀ ਹੈ, ਉਸ ਅਨੁਸਾਰ ਉਹ ਕੇਵਲ ਇਕ ਹੈ, ਉਹ ਸਦੀਵੀ ਹੈ ਅਤੇ ਉਸ ਦਾ ਨਾਮ ਸਦੀਵੀ ਹੈ, ਉਹ ਸਭ ਚੀਜ਼ਾਂ ਦੀ ਰਚਨਾ ਕਰਨ ਵਾਲਾ ਪੁਰਖ ਭਾਵ ਸਿਰਜਣਹਾਰ ਹੈ, ਉਹ ਕਿਸੇ ਤੋਂ ਭੈਅ ਨਹੀਂ ਮੰਨਦਾ, ਉਸ ਦਾ ਕਿਸੇ ਨਾਲ ਵੈਰ ਨਹੀਂ, ਉਹਦੀ ਹਸਤੀ ਅਮਰ ਹੈ, ਉਹ ਕਿਸੇ ਜੂਨ ਵਿਚ ਜਨਮ ਨਹੀਂ ਲੈਂਦਾ, ਭਾਵ ਜਨਮ-ਮਰਨ ਤੋਂ ਪਰ੍ਹੇ ਜਾਂ ਅਜਨਮਾ ਹੈ, ਉਹ ਸ੍ਵੈ-ਪ੍ਰਕਾਸ਼ਮਾਨ ਹੈ ਅਤੇ ਗੁਰੂ ਦੀ ਦਇਆ ਅਤੇ ਕਿਰਪਾ ਰਾਹੀਂ ਪ੍ਰਾਪਤ ਹੁੰਦਾ ਹੈ।

ਇਹ ਜਪੁਜੀ ਸਾਹਿਬ ਦਾ ਮੂਲ ਮੰਤਰ ਵੀ ਹੈ ਅਤੇ ਸਿੱਖ ਧਰਮ ਦਾ ਮੂਲ ਮੰਤਰ ਵੀ। ਇਹ ਉਹ ਬੁਨਿਆਦੀ ਸੂਤਰ ਹੈ ਜਿਸ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਿਚਾਰਧਾਰਕ ਉਸਾਰ ਉਸਰਿਆ ਹੋਇਆ ਹੈ। ਇਹ ਮੂਲ ਮੰਤਰ ਉਸ ਸਮੇਂ ਦੇ ਸਮਾਜ ਵਿਚਲੀਆਂ ਮੁੱਖ ਸਮੱਸਿਆਵਾਂ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਉਸ ਸਮੇਂ ਦਾ ਸਮਾਜ ਵੇਦਾਂ, ਉਪਨਿਸ਼ਦਾਂ, ਵੇਦਾਂਤ ਆਦਿ ਤੋਂ ਬ੍ਰਹਮ, ਪਾਰਬ੍ਰਹਮ, ਆਤਮਾ, ਪਰਮਾਤਮਾ, ਭਗਵਾਨ ਅਤੇ ਈਸ਼ਵਰ ਜਿਹੇ ਸੰਕਲਪ ਪ੍ਰਾਪਤ ਕਰਨ ਦੇ ਬਾਵਜੂਦ ਸਮਾਜਿਕ ਏਕਤਾ ਬਣਾਉਣ ਵਿਚ ਅਸਫ਼ਲ ਰਿਹਾ; ਵਰਣ-ਆਸ਼ਰਮ ਅਤੇ ਜਾਤ-ਪਾਤ ਨੇ ਸਮਾਜ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ। ਇਸ ਦਾ ਮਤਲਬ ਇਹ ਨਹੀਂ ਕਿ ਹਿੰਦੋਸਤਾਨ ਦੇ ਵੱਖ-ਵੱਖ ਖਿੱਤਿਆਂ ਵਿਚ ਇਸ ਸਮਾਜਿਕ ਸਮੱਸਿਆ ਬਾਰੇ ਸੰਘਰਸ਼ ਨਹੀਂ ਹੋਇਆ। ਭਿੰਨ ਭਿੰਨ ਪਰੰਪਰਾਵਾਂ, ਦਰਸ਼ਨ, ਸੋਚ-ਪ੍ਰਣਾਲੀਆਂ ਅਤੇ ਸਮਾਜਿਕ ਤੇ ਧਾਰਮਿਕ ਲਹਿਰਾਂ ਇਸ ਸਮੱਸਿਆ ਨਾਲ ਜੂਝਦੀਆਂ ਰਹੀਆਂ ਹਨ। ਬੁੱਧ ਅਤੇ ਜੈਨ ਧਰਮ, ਸਾਂਖ ਦਰਸ਼ਨ, ਅਜੀਵਕ, ਚਾਰਵਾਕ, ਵੇਦਾਂਤ, ਸ਼ੈਵ ਅਤੇ ਵੈਸ਼ਨਵ ਧਰਮਾਂ/ਪੰਥਾਂ ਨੇ ਇਸ ਸਮੱਸਿਆ ਦਾ ਵੱਖ ਵੱਖ ਤਰ੍ਹਾਂ ਸਾਹਮਣਾ ਕਰਨ ਦਾ ਯਤਨ ਕੀਤਾ, ਪਰ ਉਹ ਇਕ-ਈਸ਼ਵਰਵਾਦ ਦਾ ਏਨਾ ਨਿਸ਼ਚਤ ਅਤੇ ਪੱਕਾ ਸੰਕਲਪ ਨਹੀਂ ਬਣਾ ਪਾਉਂਦੇ ਜਿਸ ਦਾ ਮੂਲ ਰੂਪ ਮੂਲ ਮੰਤਰ ਵਿਚ ਚਿਤਰਿਆ ਗਿਆ ਹੈ। ਇਸ ਤਰ੍ਹਾਂ ਬਹੁਤ ਸਾਰੇ ਪੰਥ ਇਕ- ਈਸ਼ਵਰਵਾਦ ਤੋਂ ਪੈਦਾ ਹੋਣ ਵਾਲੇ ਸਮਾਜਿਕ ਸਰੋਕਾਰਾਂ ਬਾਰੇ ਪਰਪੱਕ ਵਿਚਾਰਧਾਰਾ ਸਿਰਜਣ ਤੋਂ ਵਾਂਝੇ ਰਹਿ ਜਾਂਦੇ ਹਨ। ਕਿਸ ਤਰ੍ਹਾਂ ਦੀ ਵਿਚਾਰਧਾਰਾ? ਉਸ ਤਰ੍ਹਾਂ ਦੀ ਵਿਚਾਰਧਾਰਾ ਜੋ ਮੂਲ ਮੰਤਰ ਤੋਂ ਬਾਅਦ ਜਪੁਜੀ ਸਾਹਿਬ ਵਿਚ ਬਣਦੀ ਹੈ ਅਤੇ ਬਾਅਦ ਵਿਚ ਆਦਿ-ਗ੍ਰੰਥ ਵਿਚ ਦ੍ਰਿੜ੍ਹ ਹੁੰਦੀ ਹੈ। ਇਹ ਵਿਚਾਰ ਕਰਨਾ ਜ਼ਰੂਰੀ ਹੈ ਇਕ-ਈਸ਼ਵਰਵਾਦ ਦੇ ਸਮਾਜਿਕ ਸਰੋਕਾਰ ਕੀ ਹਨ?

ਪੁਰਾਣੇ ਸਮਿਆਂ ਵਿਚ ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਵਿਚ, ਸਮਾਜਿਕ ਏਕਤਾ ਅਤੇ ਸਮਾਜਿਕ ਬਰਾਬਰੀ ਕਾਇਮ ਕਰਨ ਦੇ ਹੋਏ ਯਤਨ ਇਕ-ਈਸ਼ਵਰਵਾਦ ਦੇ ਸੰਕਲਪ ਦੁਆਰਾ ਹੀ ਹੋਏ ਹਨ। ਇਕ-ਈਸ਼ਵਰਵਾਦ ਦੀ ਪ੍ਰਮੁੱਖ ਸਮਾਜਿਕ ਸਾਰਥਿਕਤਾ ਏਸ ਗੱਲ ਵਿਚ ਹੈ ਕਿ ਜੇ ਈਸ਼ਵਰ ਇਕ ਹੈ ਤਾਂ ਉਸ ਦੀ ਬਣਾਈ ਹੋਈ ਲੋਕਾਈ ਵੀ ਇਕ ਹੈ, ਇਕ ਸਮਾਨ ਹੈ, ਬਰਾਬਰ ਹੈ। ਨਿਰਗੁਣਵਾਦ ਦਾ ਗੁਣ ਇਕ-ਈਸ਼ਵਰਵਾਦ ਦੇ ਸਮਾਜਿਕ ਏਕਤਾ ਅਤੇ ਸਮਾਜਿਕ ਬਰਾਬਰੀ ਦੇ ਸਰੋਕਾਰ ਨੂੰ ਹੋਰ ਸ਼ਕਤੀ ਦਿੰਦਾ ਹੈ ਤੇ ਦ੍ਰਿੜ੍ਹ ਕਰਦਾ ਹੈ।

ਇਕ-ਈਸ਼ਵਰਵਾਦ ਦੇ ਨਾਲ ਨਾਲ ਈਸ਼ਵਰ ਦੇ ਉਹ ਗੁਣ ਜੋ ਲੋਕਾਂ ਨੂੰ ਸਮਾਜਿਕ ਏਕਤਾ ਅਤੇ ਬਰਾਬਰੀ ਵੱਲ ਖਿੱਚਦੇ ਹਨ, ਉਹ ਹਨ, ਈਸ਼ਵਰ ਦੀ ਦਿਆਲਤਾ ਤੇ ਉਸ ਦਾ ਸਰਵ-ਸ਼ਕਤੀਮਾਨ ਹੋਣਾ। ਦਿਆਲਤਾ ਤੇ ਕਿਰਪਾ ਰਾਹੀਂ ਈਸ਼ਵਰ ਦਾ ਆਪਣੀ ਲੋਕਾਈ ਨਾਲ ਸਿੱਧਾ ਰਿਸ਼ਤਾ ਦ੍ਰਿੜ੍ਹ ਹੁੰਦਾ ਹੈ। ਸਰਵ-ਸ਼ਕਤੀਮਾਨਤਾ ਇਹ ਦੱਸਦੀ ਹੈ ਕਿ ਸਿਰਫ਼ ਪ੍ਰਭੂ ਹੀ ਸਰਵ-ਸ਼ਕਤੀਮਾਨ ਹੈ ਅਤੇ ਦੁਨੀਆਂ ਵਿਚ, ਆਪਣੇ ਆਪ ਨੂੰ ਪ੍ਰਭੂ ਅਖਵਾਉਣ ਵਾਲੇ ਬੰਦੇ, ਝੂਠੇ ਹਨ। ਇਸ ਤਰ੍ਹਾਂ ਦਿਆਲੂ, ਸਰਵ-ਸ਼ਕਤੀਮਾਨ ਤੇ ਨਿਰਗੁਣ ਇਕ-ਈਸ਼ਵਰਵਾਦ ਸਮਾਜਿਕ




ਬਰਾਬਰੀ ਦਾ ਸੁਨੇਹਾ ਅਧਿਆਤਮਕ ਰੂਪ ਵਿਚ ਦਿੰਦਾ ਹੈ। ਇਕ-ਈਸ਼ਵਰਵਾਦ ਨੇ ਸਮਾਜਿਕ ਏਕਤਾ ਅਤੇ ਸਾਂਝੀਵਾਲਤਾ ਲਈ ਹੋਏ ਯਤਨਾਂ ਵਿਚ ਵੱਡੀ ਭੂਮਿਕਾ ਨਿਭਾਈ ਹੈ। ਈਸਾਈ ਧਰਮ ਅਤੇ ਇਸਲਾਮ ਇਸ ਦੀਆਂ ਜੀਉਂਦੀਆਂ-ਜਾਗਦੀਆਂ ਮਿਸਾਲਾਂ ਹਨ। ਇਹ ਦੋਵੇਂ ਧਰਮ ਦੱਬੇ-ਕੁਚਲੇ ਅਤੇ ਦਮਿਤ ਲੋਕਾਂ ਦੇ ਧਰਮ ਵਜੋਂ ਉਦੈ ਹੋਏ। ਦੋਵਾਂ ਧਰਮਾਂ ਨੇ ਈਸ਼ਵਰ ਦੇ ਇਕ ਹੋਣ ਅਤੇ ਈਸ਼ਵਰ ਦੀ ਕਿਰਪਾਲਤਾ, ਬਖਸ਼ਿੰਦਗੀ ਅਤੇ ਉਸ ਦੇ ਗਰੀਬਨਿਵਾਜ਼ ਹੋਣ ਦਾ ਭਰਪੂਰ ਵਰਣਨ ਕੀਤਾ, ਸਮਾਜਿਕ ਏਕਤਾ ਤੇ ਬਰਾਬਰੀ 'ਤੇ ਜ਼ੋਰ ਦਿੱਤਾ।

ਹਿੰਦੋਸਤਾਨੀ ਬਰੇ-ਸਗੀਰ ਦੀਆਂ ਵੱਖ ਵੱਖ ਪਰੰਪਰਾਵਾਂ ਅਤੇ ਗ੍ਰੰਥਾਂ ਵਿਚ ਨਿਰਗੁਣ ਇਕ-ਈਸ਼ਵਰਵਾਦ ਬਾਰੇ ਸੰਘਰਸ਼ ਤਾਂ ਹੁੰਦਾ ਹੈ ਪਰ ਉਹ ਸੰਕਲਪ ਅੰਦਰੂਨੀ ਇਕਸਾਰਤਾ ਪ੍ਰਾਪਤ ਨਹੀਂ ਕਰ ਪਾਉਂਦਾ। ਉਦਾਹਰਣ ਵਜੋਂ ਇਕ ਪੁਰਾਤਨ ਗ੍ਰੰਥ ਵਿਚ ਬ੍ਰਹਮ ਜਾਂ ਪਾਰਬ੍ਰਹਮ ਦੀ ਕਲਪਨਾ ਅਸ਼ਬਦਮ, ਅਸਪਰਸ਼ਮ, ਅਰੂਪਮ, ਅਸਰੀਰਮ, ਅਰਸਮ, ਨਿਤਯਮ (ਸਦੀਵੀ), ਅਨਾਦਿ ਅਤੇ ਪਰਮ ਰੂਪ ਵਿਚ ਕੀਤੀ ਗਈ ਹੈ ਪਰ ਨਾਲ ਹੀ ਉਹੀ ਗ੍ਰੰਥ ਬ੍ਰਾਹਮਣਾਂ ਅਤੇ ਕਸ਼ਤਰੀਆਂ ਦੀ ਪ੍ਰਮੁੱਖਤਾ ਦੀ ਗੱਲ ਕਰਦਾ ਹੈ। ਜਦ ਇਕ ਨਿਰਗੁਣ ਅਤੇ ਅਰੂਪਮ ਪਰਮਾਤਮਾ ਦੀ ਵਿਚਾਰਧਾਰਕ ਬਣਤਰ ਘੜੀ ਜਾਂਦੀ ਹੈ ਤਾਂ ਉਸ ਪਰਮਾਤਮਾ ਤੋਂ ਆਸ ਬੱਝਦੀ ਹੈ ਕਿ ਉਸ ਸਾਰੇ ਸਮਾਜ ਨੂੰ ਇਕ ਅੱਖ ਨਾਲ ਵੇਖੇ, ਉਹਦੇ ਸਾਹਮਣੇ ਸਾਰੇ ਲੋਕ ਸਮਾਨ ਹੋਣ। ਪਰ ਸਾਡੇ ਪੁਰਾਣੇ ਗ੍ਰੰਥਕਾਰ ਬ੍ਰਹਮ ਦੇ ਸੰਕਲਪ ਨੂੰ ਇਹ ਸਮਾਜਿਕ ਸਾਰਥਿਕਤਾ ਨਹੀਂ ਦੇ ਪਾਉਂਦੇ। ਇਸ ਦੇ ਨਾਲ ਪਾਰਬ੍ਰਹਮ ਨੂੰ ਕਿਤੇ ਵੀ ਬਖ਼ਸ਼ਣਹਾਰ ਜਾਂ ਗਰੀਬ-ਨਿਵਾਜ਼ ਨਹੀਂ ਦਿਖਾਇਆ ਗਿਆ।

ਇਕ-ਈਸ਼ਵਰਵਾਦ ਗੁਰੂ ਨਾਨਕ-ਬਾਣੀ ਵਿਚ ਵਾਰ ਵਾਰ ਦ੍ਰਿੜ੍ਹ ਕੀਤਾ ਜਾਂਦਾ ਹੈ। ਉਸ ਦੀ ਪ੍ਰਾਥਮਿਕਤਾ ਨੂੰ ਦੁਹਰਾਇਆ ਜਾਂਦਾ ਹੈ। ਉਦਾਹਰਣ ਵਜੋਂ, ਜਪੁਜੀ ਸਾਹਿਬ ਵਿਚ ਗੁਰੂ ਜੀ ਕਹਿੰਦੇ ਹਨ, "ਥਾਪਿਆ ਨਾ ਜਾਇ, ਕੀਤਾ ਨਾ ਹੋਇ, ਆਪੇ ਆਪਿ ਨਿਰੰਜਨੁ ਸੋਇ॥" ਜਪੁਜੀ ਸਾਹਿਬ ਵਿਚ ਇਕ ਹੋਰ ਥਾਂ 'ਤੇ "ਹੈ ਭੀ ਹੋਸੀ ਜਾਇ ਨ ਜਾਸੀ॥" ਏਸ ਤਰ੍ਹਾਂ ਈਸ਼ਵਰ ਨੂੰ "ਆਦਿ ਅਨੀਲੁ ਅਨਾਦਿ ਅਨਾਹਤਿ" ਦੱਸਿਆ ਗਿਆ ਹੈ। ਨਾਨਕ ਬਾਣੀ ਵਿਚ ਇਹੋ ਜਿਹੇ ਵਰਣਨ ਮਿਲਦੇ ਹਨ, ਜਿਵੇਂ "ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥" ਅਤੇ "ਤੂ ਅਲਖ ਅਗੋਚਰੁ ਅਗਮੁ ਹੈ॥"

ਗੁਰੂ ਨਾਨਕ ਦੇਵ ਜੀ ਜਦ ਇਕ ਈਸ਼ਵਰ ਦੀ ਹਸਤੀ ਦਾ ਵਰਣਨ ਕਰਦੇ ਹਨ ਤਾਂ ਉਸ ਨੂੰ ਕਿਰਪਾਲੂ, ਦਿਆਲੂ, ਦਾਤਾ, ਗ਼ਰੀਬਾਂ 'ਤੇ ਨਜ਼ਰ ਕਰਨ ਵਾਲਾ, ਬਖ਼ਸ਼ਣਹਾਰ ਤੇ ਗਰੀਬਨਿਵਾਜ਼ ਕਹਿ ਕੇ ਬਿਆਨ ਕਰਦੇ ਹਨ। ਜਿਵੇਂ ਜਪੁਜੀ ਸਾਹਿਬ ਵਿਚ ਕਹਿੰਦੇ ਹਨ:

ਬਹੁਤਾ ਕਰਮੁ ਲਿਖਿਆ ਨਾ ਜਾਇ॥
ਵਡਾ ਦਾਤਾ ਤਿਲੁ ਨ ਤਮਾਇ॥

ਜਪੁਜੀ ਸਾਹਿਬ ਵਿਚ ਨਜ਼ਰ, ਨਦਰਿ ਜਾਂ ਮਿਹਰ ਵਾਲੀ ਦ੍ਰਿਸ਼ਟੀ ਦਾ ਬਿਆਨ ਕੀਤਾ ਗਿਆ ਹੈ :

ਨਾਨਕ ਨਦਰੀ ਕਰਮੀ ਦਾਤਿ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਨਦਰੀ ਨਦਰਿ ਨਿਹਾਲ॥

ਇਸ ਤਰ੍ਹਾਂ ਦੀਆਂ ਸੈਂਕੜੇ ਮਿਸਾਲਾਂ ਗੁਰੂ ਨਾਨਕ ਦੇਵ ਜੀ ਦੀਆਂ ਬਾਕੀ ਬਾਣੀਆਂ ਵਿਚੋਂ ਮਿਲਦੀਆਂ ਹਨ। ਜਿਵੇਂ ਰਾਗ ਆਸਾ ਵਿਚ ਕਹਿੰਦੇ ਹਨ "ਆਪੇ ਵੇਖੈ ਆਪੈ ਵਿਗਸੈ ਆਪੇ ਨਦਰਿ ਕਰੇ॥" ਰਾਗ ਵਡਹੰਸ ਵਿਚ ਕਿਹਾ ਹੈ "ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ॥" ਇਹ ਪ੍ਰਕਿਰਿਆ ਅਗਲੇ ਸਾਰੇ ਗੁਰੂ ਸਾਹਿਬਾਨ ਦੀ ਲਿਖਤ ਵਿਚ ਨਿਰੰਤਰ ਚਲਦੀ ਰਹਿੰਦੀ ਹੈ। ਇਸ ਦਾ ਸਿਖਰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਮਿਲਦਾ ਹੈ, ਜਿੱਥੇ ਜਾਪ ਸਾਹਿਬ ਤੇ ਅਕਾਲ ਉਸਤਤਿ, ਨਿਰਗੁਣ ਤੇ ਨਾ ਬਿਆਨ ਕੀਤੇ ਜਾਣ ਵਾਲੇ ਕਰਤਾ ਪੁਰਖ ਦੀ ਵਡਿਆਈ ਦੇ ਮਹਾਂਕਾਵਿਕ ਗੀਤ ਬਣ ਜਾਂਦੇ ਹਨ। ਜਾਪ ਸਾਹਿਬ ਵਿਚ ਕਰਤਾ ਪੁਰਖ ਨੂੰ ਬਿਨਾਂ ਕਿਸੇ ਚਕ੍ਰ, ਚਿਹਨ, ਵਰਣ, ਜਾਤੀ ਤੋਂ ਉਪਰ, ਅਲੇਖ, ਅਚਲ, ਅਟਲ, ਅਕਾਲ, ਅਰੂਪ, ਅਭੇਖ, ਅਕਾਏ (ਕਾਇਆ ਰਹਿਤ), ਅਗੰਜ (ਅਜਿੱਤ), ਅਭੇਜ (ਮਾਸ ਰਹਿਤ), ਅਨਾਮ, ਅਠਾਮ (ਥਾਂ ਰਹਿਤ), ਅਕਰਮੰ, ਅਧਰਮੰ, ਅਨਾਮੰ, ਅਮਿਤੋਜ, ਅਜੀਤ, ਅਭੀਤ, ਅਬਾਹ, ਅਢਾਹ ਆਦਿ ਦਰਸਾਇਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦ੍ਰਿੜ੍ਹ ਕਰਵਾਉਂਦੇ ਹਨ ਕਿ ਅਕਾਲ ਪੁਰਖ ਦੀ ਕੋਈ ਜਾਤ ਜਾਂ ਵਰਣ ਨਹੀਂ ਹੈ:

ਚਕ੍ਰ ਚਿਹਨ ਅਰੁ ਬਰਨ ਜਾਤਿ, ਅਰੁ ਪਾਤਿ, ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥
(ਜਾਪੁ ਸਾਹਿਬ)

ਇਸ ਤਰ੍ਹਾਂ ਇਕ-ਈਸ਼ਵਰਵਾਦ ਤੇ ਉਸ ਦੀ ਦਿਆਲਤਾ ਦਾ ਸੰਕਲਪ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵਿਚ ਹਜ਼ਾਰਾਂ ਵਾਰ ਦੁਹਰਾਇਆ ਜਾਂਦਾ ਹੈ। ਏਥੇ ਪ੍ਰਸ਼ਨ ਇਹ ਉੱਠਦਾ ਹੈ ਕਿ ਕੀ ਇਹ ਗੱਲ ਇਕ ਵਾਰ ਹੀ ਕਹੀ ਜਾਣੀ ਕਾਫ਼ੀ ਨਹੀਂ? ਏਨੇ ਦੁਹਰਾਓ ਦੀ ਕੀ ਜ਼ਰੂਰਤ ਹੈ? ਇਸ ਦਾ ਉੱਤਰ ਇਹ ਹੈ ਕਿ ਇਸ ਦੁਹਰਾਉ ਦੀ ਬਹੁਤ ਜ਼ਰੂਰਤ ਹੈ। ਕਿਉਂ? ਉਹ ਇਸ ਲਈ ਕਿ ਦੇਵਤਾਵਾਦ, ਅਵਤਾਰਵਾਦ, ਕਰਮਕਾਂਡ, ਵਰਣ-ਆਸ਼ਰਮ ਤੇ ਜਾਤ-ਪਾਤ ਦੀਆਂ ਧਾਰਨਾਵਾਂ ਹਿੰਦੋਸਤਾਨੀ ਬਰੇ-ਸਗੀਰ ਦੇ ਲੋਕਾਂ ਦੇ ਮਨਾਂ ਵਿਚ ਏਨਾ ਡੂੰਘਾ ਘਰ ਕਰ ਚੁੱਕੀਆਂ ਹਨ ਕਿ ਉਨ੍ਹਾਂ ਨਾਲ ਲੜਨ, ਉਨ੍ਹਾਂ ਨਾਲ ਸੰਘਰਸ਼ ਕਰਨ ਲਈ ਏਸ ਦੁਹਰਾਓ ਦੀ ਬਹੁਤ ਜ਼ਰੂਰਤ ਪੈਂਦੀ ਹੈ।

ਸਮਾਜਿਕ ਸਾਰਥਿਕਤਾ ਦੀ ਗੱਲ ਕਰਦਿਆਂ ਨਾਨਕ-ਬਾਣੀ ਵਿਚ ਇਹ ਸਾਰਥਿਕਤਾ ਨਵੀਂ ਤਰ੍ਹਾਂ ਨਾਲ ਸਾਹਮਣੇ ਆਉਂਦੀ ਹੈ। ਪਰੰਪਰਕ ਹਿੰਦੋਸਤਾਨੀ ਧਰਮਾਂ ਅਨੁਸਾਰ ਪਰਮਾਤਮਾ ਨੂੰ ਗਿਆਨ ਮਾਰਗ, ਇਕੱਲੇ ਬਹਿ ਕੇ ਭਗਤੀ ਕਰਨ, ਧਿਆਨ ਲਾਉਣ, ਯੋਗ ਤੇ ਹੋਰ ਅਜਿਹੀਆਂ ਵਿਧੀਆਂ ਰਾਹੀਂ ਪਾਇਆ ਜਾ ਸਕਦਾ ਹੈ। ਪਰ ਗੁਰੂ ਸਾਹਿਬ ਕਹਿੰਦੇ ਹਨ ਕਿ ਉਸ ਪਰਮਾਤਮਾ ਦੀ ਕਹਾਣੀ ਜਾਂ ਕਹਾਣੀਆਂ ਕਿਵੇਂ ਕਹੀਆਂ ਜਾ ਸਕਦੀਆਂ ਹਨ? ਸਿਰੀ ਰਾਗ ਵਿਚ ਗੁਰੂ ਸਾਹਿਬ ਕਹਿੰਦੇ ਹਨ:

ਆਵਹੁ ਭੈਣੇ ਗਲਿ ਮਿਲਹੁ ਅੰਕਿ ਸਹਿਲੇੜੀਆਹ॥
ਮਿਲ ਕੈ ਕਰਹਿ ਕਹਾਣੀਆ ਸੰਮ੍ਰਥ ਕੰਤ ਕੀਆਹ॥

ਕਿ ਆਓ ਅਸੀਂ ਇਕੱਠੇ ਹੋ ਕੇ ਸਮਰਥ ਕੰਤ ਭਾਵ ਕਰਤਾ ਪੁਰਖ ਦੀਆਂ ਬਾਤਾਂ ਪਾਈਏ।

ਇਸ ਤੋਂ ਭਾਵ ਇਹ ਨਿਕਲਦਾ ਹੈ ਕਿ ਸਤਿਸੰਗ ਕਰਕੇ, ਸਮਾਜ ਵਿਚ ਮਿਲ ਕੇ ਹੀ ਪ੍ਰਭੂ ਦੀ ਬਾਤ ਪਾਈ ਜਾ ਸਕਦੀ ਹੈ। ਸਿਰੀ ਰਾਗ ਵਿਚ ਫਿਰ ਦੱਸਦੇ ਹਨ "ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥" ਤੇ ਫਿਰ ਸਿਰੀ ਰਾਗ ਵਿਚ ਹੀ ਕਹਿੰਦੇ ਹਨ "ਮਿਲਿ ਸਤ ਸੰਗਤਿ ਹਰਿ ਪਾਈਐ॥" ਇਸ ਤਰ੍ਹਾਂ ਸੰਗਤ ਵਿਚ ਬਹਿ ਕੇ ਪਰਮਾਤਮਾ ਦਾ ਨਾਮ ਲੈਣ ਨੂੰ ਸਰਾਹਿਆ ਗਿਆ ਹੈ। ਏਹ ਸੰਕਲਪ ਹੀ ਕੀਰਤਨ ਕਰਨ ਤੇ ਇਕੱਠੇ ਬਹਿ ਕੇ ਲੰਗਰ ਛਕਣ ਦੀਆਂ ਪਰੰਪਰਾਵਾਂ ਦਾ ਆਧਾਰ ਹੈ। ਗੁਰੂ ਸਾਹਿਬ ਨੇ ਇਕ ਹੋਰ ਸਿਧਾਂਤ ਵੀ ਦ੍ਰਿੜ੍ਹ ਕਰਵਾਇਆ ਹੈ। ਉਹ ਹੈ ਗੋਸ਼ਟਿ ਕਰਨ ਦਾ ਸਿਧਾਂਤ; ਆਪਸ ਵਿਚ ਗੱਲਬਾਤ ਕਰਨ ਤੇ ਫਿਰ ਠੀਕ ਨਤੀਜਿਆਂ 'ਤੇ ਪਹੁੰਚਣ ਦਾ ਅਮਲ।

ਸਮਾਜਿਕ ਸੰਘਰਸ਼ ਨੂੰ ਓਥੇ ਵੱਡੇ ਤੇ ਬਹੁਮੁੱਲੇ ਬੋਲ ਮਿਲਦੇ ਹਨ ਜਦ ਗੁਰੂ ਸਾਹਿਬ ਦਮਿਤ ਤੇ ਦਲਿਤ ਲੋਕਾਂ ਨਾਲ ਖਲੋਂਦੇ ਹਨ,

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸੁ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਜਪੁਜੀ ਸਾਹਿਬ ਵਿਚ ਆਪ ਕਹਿੰਦੇ ਹਨ :

ਆਈ ਪੰਥੀ ਸਗਲ ਜਮਾਤੀ

ਏਸੇ ਤਰ੍ਹਾਂ ਰਾਗ ਆਸਾ ਦੇ ਸਲੋਕਾਂ ਵਿਚ ਕਹਿੰਦੇ ਹਨ :

ਹਉ ਢਾਢੀ ਕਾ ਨੀਚਿ ਜਾਤਿ
ਹੋਰਿ ਉਤਮ ਜਾਤਿ ਸਦਾਇਦੇ॥

ਭਾਵ ਮੈਂ ਨੀਚੀ ਜਾਤ ਦਾ ਢਾਡੀ ਹਾਂ, ਬਾਕੀ ਆਪਣੇ ਆਪ ਨੂੰ ਉੱਚੀਆਂ ਜਾਤਾਂ ਵਾਲੇ ਕਹਾਉਂਦੇ ਹਨ। ਇਨ੍ਹਾਂ ਸ਼ਬਦਾਂ ਤੋਂ ਪ੍ਰਤੱਖ ਹੈ ਕਿ ਸਮਾਜਿਕ ਸੰਘਰਸ਼ ਵਿਚ ਗੁਰੂ ਜੀ ਕਿਹੜੇ ਲੋਕਾਂ ਨਾਲ ਖਲੋਤੇ ਹਨ।

ਗੁਰੂ ਜੀ ਨੇ ਆਪਣਾ ਸੰਦੇਸ਼ ਦੇਣ ਲਈ ਜੋ ਪ੍ਰਤੀਕ, ਰੂਪਕ, ਬਿੰਬ ਤੇ ਅਲੰਕਾਰ ਵਰਤੇ ਹਨ ਉਹ ਸਮਾਜ ਤੇ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਨਾਲ ਸੰਬੰਧਿਤ ਹਨ। ਗੁਰੂ ਸਾਹਿਬ ਪੰਡਤਾਈ ਜਾਂ ਤਥਾਕਥਿਤ ਉੱਚੀਆਂ ਸ਼੍ਰੇਣੀਆਂ ਦੀ ਬੋਲੀ ਵਿਚ ਸਾਡੇ ਨਾਲ ਗੱਲ ਨਹੀਂ ਕਰਦੇ। ਉਹ ਸਾਡੇ ਨਾਲ ਪੰਜਾਬੀ ਵਿਚ ਗੱਲ ਕਰਦੇ ਹਨ। ਉਨ੍ਹਾਂ ਦੀ ਬਾਣੀ ਪੰਜਾਬ ਤੋਂ ਬਾਹਰ ਵੀ ਸਮਝੀ ਜਾਵੇ ਇਸ ਲਈ ਉਹ ਨਜ਼ਦੀਕ ਦੀਆਂ ਭਾਸ਼ਾਵਾਂ ਦੇ ਸ਼ਬਦ ਵੀ ਵਰਤਦੇ ਹਨ। ਉਹ ਲੋਕ-ਕਾਵਿ ਰੂਪਾਂ ਨੂੰ ਵਰਤਦੇ ਹਨ। ਜਿਵੇਂ ਸੀਹਰਫ਼ੀ ਤੇ ਬਾਵਨ-ਅੱਖਰੀ ਲਿਖੀ ਜਾਂਦੀ ਸੀ ਉਵੇਂ ਪੱਟੀ ਲਿਖੀ ਜਾਂਦੀ ਹੈ। ਰਾਗ ਤੁਖਾਰੀ ਵਿਚ ਬਾਰਹਮਾਹ ਲਿਖਿਆ ਜਾਂਦਾ ਹੈ। ਗੁਰੂ ਸਾਹਿਬ ਵਾਰਾਂ ਤੇ ਅਲਾਹੁਣੀਆਂ ਲਿਖਦੇ ਹਨ। ਲੋਕ-ਸੰਗੀਤ ਵਰਤਦੇ ਹਨ। ਰਾਗ ਮਾਝ ਮਾਝੇ ਦੀਆਂ ਲੋਕ-ਧੁਨਾਂ 'ਤੇ ਆਧਾਰਿਤ ਹੈ।

ਗੁਰੂ ਸਾਹਿਬ ਸਮਾਜਿਕ ਤੇ ਘਰੋਗੀ ਜੀਵਨ ਨਾਲ ਜੁੜੇ ਪ੍ਰਤੀਕ ਵਰਤਦੇ ਹਨ। ਜਿਵੇਂ "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥" ਦਇਆ ਦੀ ਕਪਾਹ ਹੋਵੇ, ਸੰਤੋਖ ਦਾ ਸੂਤ ਹੋਵੇ, ਪ੍ਰਹੇਜ਼ਗਾਰੀ ਦੀ ਗੰਢ ਤੇ ਸੱਚ ਦਾ ਮਰੋੜਾ ਹੋਵੇ, ਹੇ ਬ੍ਰਾਹਮਣ ਇਹ ਹਨ ਤਾਂ ਮੈਨੂੰ ਇਨ੍ਹਾਂ ਦਾ ਬਣਿਆ ਜਨੇਊ ਪਾ। ਰਾਗ ਆਸਾ ਵਿਚ ਦੀਵੇ ਦਾ ਪ੍ਰਤੀਕ ਵਰਤਦੇ ਹਨ "ਦੀਵਾ ਮੇਰਾ ਏਕ ਨਾਮੁ ਦੁਖੁ ਵਿਚ ਪਾਇਆ ਤੇਲੁ॥" ਕੱਲਰ ਦਾ ਬਿੰਬ ਵਰਤਿਆ ਹੈ। ਰਾਗ ਆਸਾ ਵਿਚ ਕਿਹਾ ਹੈ "ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥" ਦੁਨੀਆ ਨੂੰ ਕੱਲਰੀ ਕੰਧ ਵੀ ਕਿਹਾ ਗਿਆ ਹੈ। ਮਨ ਤੇ ਸੰਸਾਰ ਦਾ ਸੰਬੰਧ ਢੋਲਕੀ ਦੇ ਬਿੰਬ ਰਾਹੀਂ ਬਿਆਨ ਕੀਤਾ ਗਿਆ ਹੈ "ਤਾਲ ਮਦੀਰੇ ਘਟ ਕੇ ਘਾਟ॥ ਦੋਲਕ ਦੁਨੀਆ ਵਾਜਹਿ ਵਾਜ॥" ਮਨ ਦੀਆਂ ਖਾਹਿਸ਼ਾਂ ਛੈਣੇ ਤੇ ਘੁੰਗਰੂਆਂ ਵਾਂਗ ਹਨ। ਉਨ੍ਹਾਂ ਨਾਲ ਸੰਸਾਰ ਦਾ ਢੋਲ ਵੱਜ ਰਿਹਾ ਹੈ।

ਸਮਾਜਿਕ ਜੀਵਨ ਨਾਲ ਜੁੜੇ ਬਿੰਬ ਤੇ ਪ੍ਰਤੀਕ ਕਿਉਂ ਵਰਤੇ ਗਏ ਹਨ? ਕਿਉਂਕਿ ਗੁਰੂ ਸਾਹਿਬ ਸਮਾਜ ਨੂੰ ਬਦਲਣਾ ਚਾਹੁੰਦੇ ਸਨ, ਸਮਾਜਿਕ ਏਕਤਾ, ਸਮਾਜਿਕ ਬਰਾਬਰੀ ਅਤੇ ਆਪਣੇ ਲੋਕਾਂ ਨਾਲ ਖਲੋਣਾ ਚਾਹੁੰਦੇ ਸਨ ਤੇ ਖਲੋਤੇ ਵੀ। ਏਸੇ ਰਵਾਇਤ ਵਿਚ ਲੋਕਾਂ ਨਾਲ, ਲੋਕ-ਮਾਨਸ ਨਾਲ ਜੁੜਣ ਅਤੇ ਲੋਕ-ਧਾਰਾ ਨਾਲ ਖਲੋਣ ਦੀ ਵੱਡੀ ਗਵਾਹੀ ਸਾਨੂੰ ਫਿਰ ਓਥੇ ਮਿਲਦੀ ਹੈ ਜਦ ਆਦਿ-ਗ੍ਰੰਥ ਦੀ ਸੰਪਾਦਨਾ ਹੁੰਦੀ ਹੈ ਤੇ ਦੱਸਿਆ ਜਾਂਦਾ ਹੈ ਕਿ ਆਸਾ ਦੀ ਵਾਰ ਟੁੰਡੇ ਅਸਰਾਜੇ ਦੀ ਧੁਨੀ ਪਰ ਗਾਉਣੀ ਹੈ। ਹੋਰ ਵਾਰਾਂ ਲਈ ਲੋਕ-ਧੁਨੀਆਂ ਦੱਸੀਆਂ ਜਾਂਦੀਆਂ ਹਨ। ਇਹ ਲੋਕਾਂ ਨਾਲ ਖਲੋਣ ਦੇ ਵੱਡੇ ਤੇ ਮਹਾਨ ਉਪਰਾਲੇ ਹਨ। ਸਥਾਪਤੀ ਦੇ ਵਿਰੁੱਧ ਸੰਘਰਸ਼ ਦੇ ਲਖਾਇਕ ਹਨ। ਸਥਾਪਤੀ ਵਿਰੁੱਧ ਸੰਘਰਸ਼ ਕੇਵਲ ਨਾਹਰੇ ਮਾਰ ਕੇ ਨਹੀਂ ਹੁੰਦਾ, ਸਥਾਪਤੀ ਦੀ ਬੋਲੀ, ਸਥਾਪਤੀ ਦੇ ਗੀਤ-ਸੰਗੀਤ, ਸਥਾਪਤੀ ਦੀ ਸ਼ੈਲੀ, ਸਥਾਪਤੀ ਦੀ ਭਾਸ਼ਾ, ਸਥਾਪਤੀ ਕਿਹੋ ਜੇਹੇ ਰੂਪਾਂ ਰਾਹੀਂ ਪ੍ਰਗਟ ਹੁੰਦੀ ਹੈ, ਉਸ ਸਭ ਨਾਲੋਂ ਟੁੱਟਣਾ ਪੈਂਦਾ ਹੈ। ਪ੍ਰਤਿ-ਭਾਸ਼ਾ ਸਿਰਜਣੀ ਪੈਂਦੀ ਹੈ। ਪ੍ਰਤਿ-ਸ਼ੈਲੀ ਸਿਰਜਣੀ ਪੈਂਦੀ ਹੈ। ਇਹ ਮਹਾਨ ਕਾਰਜ ਗੁਰੂ ਨਾਨਕ ਦੇਵ ਜੀ ਤੇ ਸਾਡੇ ਹੋਰ ਗੁਰੂਆਂ ਨੇ ਕੀਤਾ ਹੈ।

ਗੁਰੂ ਨਾਨਕ-ਬਾਣੀ ਦਾ ਇਕ ਹੋਰ ਸਮਾਜਿਕ ਤੇ ਸਾਡੀ ਹੋਂਦ ਦੇ ਪ੍ਰਸ਼ਨ ਨਾਲ ਜੁੜਿਆ ਪੱਖ ਇਹ ਹੈ ਕਿ ਇਹ ਬਾਣੀ ਪ੍ਰਸ਼ਨ ਪੁੱਛਦੀ ਹੋਈ ਵਾਣੀ ਹੈ। ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਮਨੁੱਖੀ ਹਸਤੀ ਤੇ ਹੋਂਦ ਬਾਰੇ ਬਹੁਤ ਵੱਡਾ ਪ੍ਰਸ਼ਨ ਪੁੱਛਿਆ ਗਿਆ ਹੈ: "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥" ਸਿਰੀ ਰਾਗ ਵਿਚ ਗੁਰੂ ਸਾਹਿਬ ਪ੍ਰਸ਼ਨ ਪੁੱਛਦੇ ਹਨ: "ਮੁਖ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥" ਰਾਗ ਗਉੜੀ ਵਿਚ ਪੁੱਛਦੇ ਹਨ: "ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ॥" ਇਸ ਤਰ੍ਹਾਂ ਗੁਰੂ ਸਾਹਿਬ ਆਪਣੇ ਆਪ ਨੂੰ ਪ੍ਰਸ਼ਨ ਪੁੱਛ ਰਹੇ ਹਨ, ਆਪਣੇ ਸਾਥੀਆਂ ਤੇ ਸੰਸਾਰ ਦੇ ਜੀਵਾਂ ਤੋਂ ਪ੍ਰਸ਼ਨ ਪੁੱਛ ਰਹੇ ਹਨ। ਵੱਖ ਵੱਖ ਸਮਿਆਂ ਵਿਚ, ਮਨੁੱਖ ਸਾਹਮਣੇ ਵੱਖ ਵੱਖ ਪ੍ਰਸ਼ਨ ਪੇਸ਼ ਹੁੰਦੇ ਹਨ ਤੇ ਮਨੁੱਖਾਂ ਤੇ ਮਨੁੱਖਤਾ ਨੂੰ ਉਨ੍ਹਾਂ ਪ੍ਰਸ਼ਨਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਸ਼ਨ ਪੁੱਛਣ ਦਾ ਮਤਲਬ ਹੈ ਉਸ ਵੇਲੇ ਦੀ ਸਮਾਜਕ ਬਣਤਰ ਬਾਰੇ ਸੰਦੇਹ ਪ੍ਰਗਟ ਕਰਨਾ ਤੇ ਉਨ੍ਹਾਂ ਹਾਲਾਤ ਨਾਲ ਸੰਘਰਸ਼ ਕਰਨਾ ਹੈ ਜੋ ਲੋਕਾਈ ਵਾਸਤੇ ਚੰਗੇ ਨਹੀਂ।

ਸਮਾਜਿਕ ਸੰਘਰਸ਼ ਕਿਰਤ ਤੇ ਕਿਰਤ ਤੋਂ ਪੈਦਾ ਹੋਣ ਵਾਲੀਆਂ ਵਸਤੂਆਂ ਦੀ ਸਮਾਜ ਵਿਚ ਨਿਆਂਪੂਰਕ ਵੰਡ ਨਾਲ ਜੁੜਿਆ ਹੋਇਆ ਹੈ। ਇਸ ਸੰਬੰਧ ਵਿਚ ਰਾਗ ਸਾਰੰਗ ਵਿਚ ਗੁਰੂ ਸਾਹਿਬ ਨੇ ਕਿਹਾ ਹੈ, "ਘਾਲ ਖਾਇ ਕਿਛੁ ਹਥਹੁ ਦੇਹਿ॥ ਨਾਨਕ ਰਾਹੁ ਪਛਾਣਹਿ ਸੇਇ॥" ਕਿਰਤ ਕਰੋ ਤੇ ਵੰਡ ਛਕੋ ਦਾ ਸਿਧਾਂਤ ਇਸ ਤਰ੍ਹਾਂ ਦੇ ਗੁਰੂ-ਵਾਕਾਂ ਦੀ ਦੇਣ ਹੈ। ਇਸ ਤਰਜ਼ 'ਤੇ ਗੁਰੂ-ਵਾਕਾਂ ਦੀ ਸਮਾਜਿਕ ਦੇਣ ਅਦੁੱਤੀ ਹੈ। ਉਸ ਵੇਲੇ ਦੀ ਸਮਾਜਿਕ

**ਬਾਕੀ ਸਫ਼ਾ 36 'ਤੇ**

# ਗੁਰੂ ਨਾਨਕ ਦੇ ਰਾਹ ਤੇ ਕੰਡੇ ਨਾ ਵਿਛਾਉ !

**ਸ. ਦਲਵਿੰਦਰ ਸਿੰਘ ਘੁੰਮਣ**
0033630073111
dal.ghuman@gmail.com




ਪੰਜ ਸਦੀਆਂ ਪਹਿਲਾਂ ਇਤਿਹਾਸਕ ਘਟਨਾ ਵਾਪਰੀ ਜਦ ਵਿਉਪਾਰ ਲਈ ਇਕੱਠੀ ਕੀਤੀ ਸਾਰੀ ਮਾਇਆ ਨੂੰ ਭੁੱਖੇ ਸਾਧੂਆਂ ਦੀ ਭੁੱਖ ਮਿਟਾਉਣ ਲਈ ਖਰਚ ਦਿੱਤੀ। ਇਹ ਉਹ ਮਹਾਨ ਪ੍ਰਥਾ ਬਣੀ ਕਿ ਕਿਸੇ ਵੀ ਮਨੁੱਖ ਦੀ ਭੁੱਖ ਮਿਟਾਈ ਜਾ ਸਕਦੀ ਹੈ ਬਿਨਾਂ ਭੇਦ ਭਾਵ ਦੇ। ਗੁਰੂ ਨਾਨਕ ਦੇਵ ਜੀ ਦੇ ਵੀਹ ਰੁਪਏ ਦਾ ਲੰਗਰ ਅਜ ਸਾਰੀ ਦੁਨੀਆਂ ਵਿੱਚ ਵਰਤ ਰਿਹਾ ਹੈ। ਪਿਛਲੇ ਤਕਰੀਬਨ ਸੱਤਰ ਸਾਲਾਂ ਦੀ ਦੋ ਵਕਤੀ ਅਰਦਾਸ ਵਿੱਚ ਵਿੱਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰਿਆਂ ਦੀ ਵਾਹਿਗੁਰੂ ਅਗੇ ਫਰਿਆਦ ਕੀਤੀ ਜਾਂਦੀ ਰਹੀ ਹੈ। ਪਿਛਲੇ ਸਾਲ ਵਿੱਚ ਸਿਆਸੀ ਘਟਨਾ ਕ੍ਰਮ ਵਿੱਚ ਧਾਰਮਿਕ ਅਸਥਾਨਾਂ ਦੇ ਲਾਂਘੇ ਦੀ ਗੱਲ ਨੂੰ ਬੂਰ ਪਿਆ ਕਿ ਹੁਣ ਤਕਰੀਬਨ ਸਾਰੀਆਂ ਤਿਆਰੀਆਂ ਨੇਪੜੇ ਚੜੀਆਂ ਹਨ। ਪਰ ਸਰਕਾਰਾਂ ਵਲੋਂ ਨਾ ਮਿਲਵਰਤਣ ਦੇ ਸਹਿਯੋਗ ਕਾਰਨ ਕਈ ਅੜਿੱਕੇ ਬਣਦੇ ਜਾ ਰਹੇ ਹਨ। ਲਾਂਘੇ ਲਈ ਫੀਸ ਦੇ ਵੀਹ ਡਾਲਰਾਂ ਨੇ ਸਰਕਾਰਾਂ ਦੀ ਸਿਆਸੀ ਬਿਆਨੀ ਜੰਗ ਨੇ ਨਿਰਾਸ਼ਾ ਪੈਦਾ ਕੀਤੀ। ਵੀਜਾ, ਪਾਸਪੋਰਟ ਦੀ ਘੁੰਮਣ ਘੇਰੀ, ਹੋਰ ਅਨੇਕਾਂ ਗੁੰਝਲਾਂ ਬਣੀਆਂ ਹਨ। ਚਾਹੀਦਾ ਤਾਂ ਇਹ ਸੀ ਕਿ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਆਪਸੀ ਤਾਲਮੇਲ ਵਿੱਚ ਰਹਿੰਦਿਆਂ ਤੇ ਗੁਰੂ ਪਾਤਸ਼ਾਹ ਦੇ ਪੰਜ ਸੌ ਪੰਜਾਹ ਸਾਲਾ ਸਮਾਗਮ ਧੂਮ-ਧਾਮ ਨਾਲ ਮਨਾਏ ਜਾਂਦੇ। ਪਰ ਸਦੀਵੀ ਰਹਿਣ ਵਾਲੀ ਖਿੱਚੋਤਾਨ ਇਥੇ ਵੀ ਨਜ਼ਰ ਆ ਰਹੀ ਹੈ। ਪਾਕਿਸਤਾਨ ਦੇ ਭਰਪੂਰ ਸਹਿਯੋਗ ਤੋ ਇਨਕਾਰੀ ਨਹੀਂ ਹੋਇਆ ਜਾ ਸਕਦਾ ਹੈ। ਅੱਜ ਸਿੱਖਾ ਦੀ ਸਿਰਮੌਰ ਸੰਸਥਾ ਗੁਰਦਆਰਾ ਪ੍ਰਬੰਧਕ ਕਮੇਟੀ ਆਪਣੇ ਫਰਜ਼ਾਂ ਤੋ ਭੱਜੀ ਲਗਦੀ ਹੈ। ਪੰਜਾਬ ਵਿੱਚ ਸਿੱਖਾਂ ਦੀ, ਪੰਥ ਦੀ ਪਾਰਟੀ ਅਖਵਾਉਣ ਵਾਲੀ ਪਾਰਟੀ ਨੇ ਆਪਣੀ ਖੁਰ ਰਹੀ ਸਾਖ਼ ਨੂੰ ਬਚਾਉਣ ਦੇ ਮੌਕੇ ਗੁਆਕੇ ਸਿਆਸੀ ਬਿਆਨਬਾਜ਼ੀ ਤੋਂ ਵੱਧ ਕੁੱਝ ਨਹੀਂ ਕੀਤਾ। ਜਦੋਂ ਹਰ ਸਿੱਖ ਦੀ ਤਮੰਨਾ ਦਰਸ਼ਨਾ ਦੀ ਹੈ ਜੋ ਵੀਹ ਡਾਲਰ ਖਰਚ ਕੇ ਵੀ ਜਾਣਾ ਚਾਹੁੰਦਾ ਹੈ। ਪਰ ਸਿਆਸੀ ਪਿੱੜ ਵਿੱਚ ਫੋਕੀ ਰਾਜਨੀਤੀ ਤੋ ਸਿਵਾਏ ਕੁਝ ਨਹੀਂ। ਸਧਾਰਨ ਸਰਧਾਲੂਆਂ ਨੂੰ ਸਿਆਸਤ ਤੋ ਵੱਖੀ ਕਰਨੀ ਚਾਹੀਦੀ ਹੈ। ਸਿੱਖਾ ਨੂੰ ਆਪਣੀ ਅਰਦਾਸ ਕਰਨ ਅਤੇ ਸੋਧਣ ਦਾ ਮੌਕਾ ਮਿਲਿਆ ਹੈ। ਗੁਰੂ ਆਸ਼ੇ ਨੂੰ ਸਮਰਪਿਤ ਹੋ ਕੇ ਇਹ ਯਾਤਰਾਵਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ। ਇਹ ਨਹੀ ਭੁੱਲਣਾ ਚਾਹੀਦਾ ਕਿ ਪਾਕਿਸਤਾਨ ਸਰਕਾਰ ਨੇ ਆਪਣੇ ਕੱਟੜ ਜਮਾਤਾਂ ਦੇ ਵਿਰੋਧ ਦੇ ਬਾਵਜੂਦ ਅਰਬਾਂ ਰੁਪਏ ਕੋਲੋਂ ਲਾ ਕੇ ਜਮੀਨਾਂ ਖਰੀਦੀਆਂ, ਗੁਰੂਦਆਰੇ ਦੀਆਂ ਇਮਾਰਤਾਂ ਅਤੇ ਲਾਂਘੇ ਲਈ ਸ਼ਾਨਦਾਰ ਮਾਰਗ ਬਣਾਏ ਹਨ। ਸਾਡੇ ਸਹਿਯੋਗ ਦੀ ਵੱਡੀ ਉਮੀਦ ਹੋਣੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਦਾ ਜੀਵਨ ਅਸਾਧਾਰਨ ਸੀ ਜਿਨ੍ਹਾਂ ਨਾਲ ਦੁਨੀਆਂ ਵਿੱਚ ਵੱਖ ਵੱਖ ਫਿਲਾਸਫੀਆਂ ਦਾ ਉਤਾਰਾ ਹੋਇਆ।

ਕਿਸੇ ਨੇ ਕਿਹਾ " ਗੁਰੂ ਨਾਨਕ, ਬਾਬਾ ਨਾਨਕ, ਨਾਨਕ ਪੀਰ, ਨਾਨਕ ਚਾਰੀਆ, ਨਾਨਕ ਲਾਮਾ, ਨਾਨਕ ਕਦਾਮਦਰ ਅਤੇ ਕਿਸੇ ਨੇ ਨਾਨਕ ਵਲੀ, ਇਹ ਨਾਮ ਸਨ ਸ਼ਰਧਾ ਦੇ, ਪਿਆਰ ਦੇ, ਮੁਹੱਬਤ ਦੇ ਜਿਨ੍ਹਾਂ ਨੂੰ ਲੋਕਾਂ ਨੇ ਆਪੋ ਆਪਣੀ ਭਾਵਨਾ ਨਾਲ ਪੁਕਾਰਿਆ। ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਉਪਕਾਰੀ ਪੰਧ ਦੀ ਵਿਲੱਖਣਤਾ ਕਿਸੇ ਹੋਰ ਵਿੱਚ ਨਹੀਂ ਸੀ। ਇਸ ਸੋਚ ਦੀ, ਪੰਧ ਦੀ, ਨਿਰਵੈਰਤਾ ਦੀ, ਨਿਡਰਤਾ ਦੀ ਕਿਤੇ ਕੋਈ ਮਿਸਾਲ ਭਾਲਿਆਂ ਨਹੀ ਮਿਲਦੀ।

"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ ।।
ਜਿਉ ਕਰ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ ।।"

ਸਿੱਖ ਧਰਮ ਦੇ ਬਾਨੀ ਦੇ ਜਨਮ ਨਾਲ ਦੁਨੀਆਂ ਤੇ ਪਸਰੇ ਘੋਰ ਜ਼ੁਲਮ, ਅਨਿਆਂ, ਕੂੜ ਦੇ ਪਸਾਰੇ ਨੂੰ ਖਤਮ ਕਰਨ ਦੀ ਸਿਧਾਂਤਕ ਸੋਚ ਦਾ ਨਾਓ ਗੁਰੂ ਨਾਨਕ ਦੇਵ ਸੀ। ਜਿਸ ਸਦਕਾ ਦੁਨੀਆਂ ਵਿੱਚੋ ਗੈਰ ਇਕਲਾਖੀ ਧੁੰਦ ਖਤਮ ਹੋ ਕੇ ਸੱਚ, ਨਿਰਭਉ ਤੇ ਨਿਰਵੈਰ ਦੇ ਚਾਨਣ ਦਾ ਪਸਾਰਾ ਹੋਇਆ। ਜਿਸ ਦਾ ਕੋਈ ਖੇਤਰੀ ਜਾਂ ਭਾਸ਼ਾਈ ਜਾਂ ਧਾਰਮਿਕ ਚਲ ਰਹੀਆਂ ਰਵਾਇਤਾਂ ਵਿੱਚ ਬੱਝਣਾ ਉਦੇਸ਼ ਨਹੀਂ ਸੀ। ਸਗੋਂ ਵਕਤੀ ਸਮਾਜਿਕ ਬੁਰਾਈਆਂ ਨੂੰ ਖਤਮ ਕਰਕੇ ਦੁਨੀਆਂ ਨੂੰ ਗਿਆਨ, ਵਿਗਿਆਨ ਰਾਹੀਂ ਲੋਕਾਈ ਦਾ ਪਾਰ ਉਤਾਰਾ ਕਰਨਾ ਸੀ।

ਪਰਿਵਾਰਕ ਧਾਰਮਿਕ ਪਰੰਪਰਾ ਦਾ ਵਿਰੋਧੀ ਬਣਕੇ ਜਨੇਊ ਦੀ ਮੁਖਾਲਫਤ ਕੀਤੀ ਕਿ ਇਹ ਧਾਗਾ ਜਦੋ ਵੀ ਟੁੱਟੇਗਾ, ਨਵਾਂ ਪਹਿਨਣਾ ਪਵੇਗਾ ! ਗੰਦੇ ਹੋਣ ਦੀ ਸੁਰਤ ਵਿੱਚ ਧੋਣਾ ਪਵੇਗਾ ! ਪਰ ਮੈ ਗਿਆਨ ਰੂਪੀ ਜਨੇਊ ਪਾਉਣਾ ਚਾਹੁੰਦਾ ਹਾਂ ਜੋ ਨਾ ਟੁੱਟੇ, ਨਾ ਗੰਦਾ ਹੋਵੇ, ਨਾ ਹੀ ਸੜੇਗਾ।

"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥"

ਗੁਰੂ ਨਾਨਕ ਦੇਵ ਜੀ ਨੇ ਨਨਕਾਣੇ ਤੋ ਨਿਕਲ ਕੇ ਦੁਨੀਆਂ ਦੇ ਕੋਨੇ ਕੋਨੇ ਵਿੱਚ ਜਾ ਕੇ ਸੁਧਾਰ ਲਹਿਰ ਰੂਪੀ ਯਾਤਰਾਵਾਂ ਕੀਤੀਆਂ। ਹਰ ਧਰਮ ਨੂੰ ਸਮਝਣ ਲਈ ਉਨ੍ਹਾਂ ਦੇ ਕੇਂਦਰੀ ਅਸਥਾਨਾ ਬਨਾਰਸ, ਮੱਕਾ, ਯੂਰੋਸਲਮ, ਵੈਟੀਕਨ ਸਮੇਤ ਹੋਰ ਥਾਵਾਂ ਤੇ ਗਏ। ਸਾਰੇ ਭਾਰਤ ਵਿੱਚ ਘੁੰਮਦਿਆਂ ਹਿੰਦੂ ਤੀਰਥ ਅਸਥਾਨ ਬਨਾਰਸ ਜਾ ਕੇ ਪਖੰਡ, ਵਹਿਮ ਭਰਮ, ਅੰਧਵਿਸ਼ਵਾਸ ਨੂੰ ਖਤਮ ਕਰਨ ਲਈ ਲੋਕਾਂ ਨੂੰ ਦਲੀਲੀ ਸੋਚ ਨਾਲ ਸਮਝਾਇਆ। ਪਾਣੀ, ਅੱਗ, ਸੂਰਜ ਮਨੁੱਖੀ ਜਰੂਰਤਾ ਦੇ ਸਾਧਨ ਹਨ ਪਰਮਾਤਮਾ ਨਹੀ। ਵਿਦੇਸ਼ੀ ਯਾਤਰਾਵਾਂ ਦੌਰਾਨ ਤਿੱਬਤ, ਨਿਪਾਲ, ਇਰਾਨ, ਇਰਾਕ ਅਤੇ ਇਸਲਾਮ ਧਰਮ ਦੇ ਕੇਂਦਰੀ ਅਸਥਾਨ ਮੱਕਾ ਮਦੀਨਾ ਤੱਕ ਗਏ। ਧਾਰਮਿਕ ਕੱਟੜਤਾ ਤੇ ਸਖਤ ਕਟਾਸ ਕੀਤੀ। ਰਬ ਸਭ ਥਾਂ ਹੈ। ਕੋਈ ਦਿਸ਼ਾ ਖਾਸ ਨਹੀ। ਇਲਾਕਾ, ਕਬੀਲਾ, ਦੇਸ਼ ਕਿਸੇ ਧਰਮ ਦੀ ਹੱਦ ਨਹੀਂ ਬੰਨ ਸਕਦਾ। ਰੱਬ ਸਰਬ ਵਿਆਪਕ ਹੈ। ਇਹਨਾਂ ਸਭ ਯਾਤਰਾਵਾਂ ਦਾ ਮਕਸਦ ਨਿਵੇਕਲੇ, ਨਿਆਰੇ ਸਿੱਖ ਧਰਮ ਦੀ ਸਥਾਪਨਾ ਕਰਨਾ ਸੀ ਤਾਂ ਕਰਕੇ ਦੁਨੀਆਂ ਵਿੱਚ ਵਸਦੇ ਬਾਕੀ ਧਰਮ, ਜਾਤਾਂ, ਪਰੰਪਰਾਵਾਂ ਨੂੰ ਸਮਝਿਆ ਜਾ ਸਕੇ। ਆਪਣੇ ਜੀਵਨ ਜਾਂ ਆਪਣੀਆਂ ਯਾਤਰਾਵਾਂ ਦੌਰਾਨ ਹਮੇਸ਼ਾ ਭਗਤੀ ਲਹਿਰ ਵਿੱਚ ਰਹੇ। ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣ ਤੋ ਲੇ ਕੇ ਹਰ ਥਾਂ ਭਗਤਾਂ, ਸਾਧੂਆਂ, ਸੰਤ, ਫਕੀਰਾਂ, ਸਾਂਈ, ਵਲੀਆਂ ਦੀ ਸੰਗਤ ਕੀਤੀ ਉਥੇ ਨਾਲ ਨਾਲ ਬਾਣੀ ਉਚਾਰੀ ਅਤੇ ਹੋਰ ਸੂਫੀਆਂ, ਸੰਤਾਂ ਦੀ ਬਾਣੀ ਇਕੱਠੀ ਕੀਤੀ।

ਦੋ ਵਕਤ ਹਰ ਸਿੱਖ "ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ" ਦੀ ਅਰਦਾਸ ਕਰਦਾ ਹੈ। ਦੀਨ ਦੁਨੀਆਂ ਵਿੱਚ ਸਭ ਦਾ ਜੀਵਨ ਸੁਖਾਵਾਂ ਹੋਵੇ। ਸਭ ਲਈ ਅਮਨ ਚੈਨ, ਭਰਾਤਰੀ ਭਾਈਚਾਰਾ ਹੋਵੇ। ਇਕ ਦੂਜੇ ਨਾਲ ਵਿਰੋਧ ਖਤਮ ਹੋਵੇ।

"ਨਾ ਕੋਈ ਹਿੰਦੂ, ਨਾ ਮੁਸਲਮਾਨ।" ਗੁਰੂ ਜੀ ਨੇ ਸਮਝਾਇਆ ਕਿ ਹਿੰਦੂ ਮੁਸਲਮਾਨ ਵਾਲੇ ਵਿਤਕਰੇ ਛੱਡ ਦਿਉ। ਪ੍ਰਮਾਤਮਾ ਨੂੰ ਸਾਰੀ ਲੋਕਾਈ ਵਿਚ ਦੇਖੋ। ਇਕ ਅਕਾਲਪੁਰਖ ਨੂੰ ਹੀ ਯਾਦ ਕਰੋ ਜੋ ਸਭ ਅੰਦਰ ਵਸ ਰਿਹਾ ਹੈ ਗੁਰੂ ਨਾਨਕ ਦੇਵ ਜੀ ਦੀ ਨਿਡਰਤਾ ਇਸ ਕਦਰ ਰਹੀ, ਜਦੋ ਬਾਬਰ ਜ਼ੁਲਮ ਕਰ ਰਿਹਾ ਸੀ ਤਾਂ ਉਸ ਨੂੰ "ਬਾਬਰ ਜ਼ਾਬਰ" ਕਿਹਾ। ਹਕੂਮਤੀ ਡਰ ਭਉ ਨੂੰ ਵੰਗਾਰਿਆ ਕਿ ਤੂੰ ਜ਼ੁਲਮ ਕਰ ਰਿਹਾ ਹੈ ਜੋ ਮਨੁੱਖਤਾ ਵਿਰੋਧੀ ਹੈ। ਰੱਬ ਦੇ ਭੈਅ ਵਿੱਚ ਰਹਿ। ਭਾਵੇਂ ਕਿ ਗੁਰੂ ਸਾਹਿਬ ਨੂੰ ਵੀ ਜੇਲ੍ਹ ਵਿੱਚ ਡਕ ਦਿੱਤਾ ਗਿਆ। ਪਰ ਉਥੇ ਵੀ ਮਨੁੱਖਤਾ ਦੇ ਸੱਚੇ ਮਾਰਗ ਦੀ ਗਲ ਕੀਤੀ।

ਗੁਰੂ ਜੀ ਨੇ ਕਿਰਤ ਕਰੋ, ਨਾਮ ਜੱਪੋ, ਵੰਡ ਛਕੋ ਦਾ ਵੱਡਾ ਹੋਕਾ ਦਿੱਤਾ। ਜਿਸ ਵਿੱਚ ਇਨਸਾਨ ਗ੍ਰਹਿਸਥੀ ਜੀਵਨ ਵਿੱਚ ਕਿਰਤ ਕਰਦਿਆਂ ਵਾਹਿਗੁਰੂ ਦਾ ਨਾਮ ਜੱਪ ਸਕਦਾ ਹੈ। ਕਮਾਈ ਹੋਈ ਦਸਾਂ ਨਹੁੰਆਂ ਦੀ ਕਿਰਤ ਵਿੱਚੋ ਜਰੂਰਮੰਦਾਂ ਵਿੱਚ ਵੰਡਕੇ ਛਕਣ ਦੀ ਪ੍ਰੇਰਨਾ ਕੀਤੀ। ਗੁਰੂ ਨਾਨਕ ਦੇਵ ਜੀ ਆਪ ਖੁਦ ਸਾਰੀ ਉਮਰ ਕਿਰਤ ਕੀਤੀ। ਰੱਬ ਦੀ ਮਹਿਮਾਂ, ਉਸਤਤਿ ਕੀਤੀ ਅਤੇ ਵੰਡ ਛਕਣ ਦੀ ਰੀਤ ਚਲਾਈ। ਆਪ ਖੁਦ ਕਰਤਾਰਪੁਰ ਵਿੱਚ ਆਖਰੀ ਸਮੇਂ ਖੇਤੀਬਾੜੀ ਕਰਕੇ ਜੀਵਨ ਨਿਰਬਾਹ ਕੀਤਾ। ਇਸੇ ਅਸਥਾਨ ਦੇ ਲਾਂਘੇ ਨਾਲ ਸਿੱਖਾਂ ਅਤੇ ਨਾਨਕ ਲੇਵਾ ਸੰਗਤਾਂ ਲਈ ਦਰਸ਼ਨਾ ਦਾ ਰਾਹ ਖੁੱਲੇਗਾ। ਜਿਸ ਨਾਲ ਦੋਹਾਂ ਦੇਸ਼ਾਂ ਵਿਚਕਾਰ ਭਾਈਚਾਰਕ ਸਾਂਝ ਵਧੇਗੀ।

---

# ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਦਾ ਮੰਤਵ ਸਮਾਜਿਕ ਸਾਂਝਪੁਣਾ ਅਤੇ ਵਿਸ਼ਵ ਭਾਈਚਾਰਾ ਬਣਾਉਣਾ

**ਪ੍ਰਮਿੰਦਰ ਸਿੰਘ ਪ੍ਰਵਾਨਾ**, ਸੰਪਰਕ : 510-415-9377



ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਭਾਰਤ ਵਰਸ਼ ਵਹਿਮਾਂ ਭਰਮਾਂ, ਤੁਅੱਸਬ, ਵੈਰ ਵਿਰੋਧ ਦਾ ਸ਼ਿਕਾਰ ਸੀ। ਲੋਕ ਢਹਿੰਦੀ ਕਲਾ ਵੱਲ ਜਾ ਰਹੇ ਸਨ। ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਖੇਤਰਾਂ ਵਿਚ ਨਿਘਾਰ ਆ ਚੁੱਕਾ ਸੀ। ਲੋਕ ਜ਼ੁਲਮ ਅਤੇ ਪਾਪ ਵਿਚ ਪਿਸ ਰਹੇ ਸਨ। ਉਨ੍ਹਾਂ ਦਾ ਕੋਈ ਰਹਿਬਰ ਨਾ ਰਿਹਾ। ਧਾਰਮਿਕ ਆਗੂ ਲੋਕਾਂ ਨੂੰ ਵਹਿਮਾਂ ਭਰਮਾਂ ਵਿਚ ਪਾ ਕੇ ਲੁੱਟ ਰਹੇ ਸਨ। ਰਾਜਨੀਤਕ ਲੋਟੂ ਟੋਲਾ ਹਾਵੀ ਸੀ। ਅਜਿਹੇ ਸਮੇਂ ਵਿਚ ਪੰਦਰਵੀਂ ਸਦੀ ਵਿਚ ਕਤਕ ਦੀ ਪੂਰਨਮਾਸੀ 1469 ਵਿਚ ਗੁਰੂ ਨਾਨਕ ਸਾਹਿਬ ਦਾ ਆਗਮਨ ਹੋਇਆ। ਪਿੰਡ ਰਾਇ ਭੋਇ ਦੀ ਤਲਵੰਡੀ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਜਿਸ ਨੂੰ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ ਆਪ ਜੀ ਦੇ ਪਿਤਾ ਜੀ ਦਾ ਨਾਉਂ ਮਹਿਤਾ ਕਾਲੂ ਜੀ ਅਤੇ ਮਾਤਾ ਦਾ ਨਾਉਂ ਤ੍ਰਿਪਤਾ ਸੀ। ਆਪ ਤੋਂ ਪੰਜ ਸਾਲ ਵੱਡੀ ਭੈਣ ਬੇਬੇ ਨਾਨਕੀ ਜੀ ਸੀ। ਗੁਰੂ ਨਾਨਕ ਸਾਹਿਬ ਬਚਪਨ ਤੋਂ ਹੀ ਅਧਿਆਤਮਕ ਵਿਚਾਰਾਂ ਦੇ ਸਨ। ਦੁਨਿਆਵੀ ਤੌਰ 'ਤੇ ਪਾਂਧੇ ਕੋਲ ਪੜ੍ਹਨ ਭੇਜਿਆ ਗਿਆ। ਉਨ੍ਹਾਂ ਨੇ ਮੁਢਲੀ ਵਿਦਿਆ ਛੇਤੀ ਹੀ ਸਿੱਖ ਲਈ। ਪ੍ਰਚਲਤ ਖੇਤਰੀ ਬੋਲੀਆਂ ਤਰੋਕੀ ਫਾਰਸੀ ਵਿਚ ਮੁਹਾਰਤ ਹਾਸਲ ਕੀਤੀ। ਦਫਤਰੀ ਕੰਮ ਵੀ ਸਿੱਖ ਲਿਆ। ਗੁਰੂ ਜੀ ਸੁਲਤਾਨਪੁਰ ਲੋਧੀ ਦੇ ਨਵਾਬ ਜਿਸ ਕੋਲ ਸਰਕਾਰੀ ਰਾਸ਼ਨ ਦਾ ਮੋਦੀਖਾਨਾ ਸੀ, ਕੋਲ ਮੋਦੀ ਬਣ ਗਏ। ਉੱਨੀ ਵਰ੍ਹੇ ਦੀ ਉਮਰ ਵਿਚ ਆਪ ਜੀ ਦਾ ਵਿਆਹ ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਸ੍ਰੀ ਚੰਦ ਜੀ ਅਤੇ ਲਖਮੀ ਚੰਦ ਜੀ ਹੋਏ। ਉਨ੍ਹਾਂ ਨੇ ਵੇਈਂ ਦੇ ਕੰਡੇ ਤੋਂ 1497 ਵਿਚ ਪ੍ਰਚਾਰ ਕਰਨ ਦੀ ਬਕਾਇਦਾ ਵਿਊਂਤ ਬਣਾਈ।

1497-1521 ਤੱਕ ਚਾਰ ਉਦਾਸੀਆਂ ਜਿਸ ਵਿਚ ਦੂਰ ਦਰਾਡ ਦੇ ਖਿੱਤਿਆਂ ਦਾ ਭ੍ਰਮਣ ਕੀਤਾ। ਗੋਸ਼ਟੀਆਂ ਦਾ ਆਰੰਭ ਕੀਤਾ। ਉਦਾਸੀਆਂ ਵਿਚ ਧਰਮ ਸ਼ਾਸਤਰੀ ਵਿਦਵਾਨਾਂ, ਪੰਡਤਾਂ, ਮੁੱਲਾਂ, ਸਿੱਧਾਂ, ਨਾਥ ਯੋਗੀਆਂ, ਸ਼ੈਵ ਅਤੇ ਜੈਨਮੁਨੀਆਂ ਨਾਲ ਚਰਚਾ ਕੀਤੀ। ਪਹਿਲੀ ਉਦਾਸੀ ਪੂਰਬ, ਦੂਜੀ ਦੱਖਣ, ਤੀਜੀ ਉਤਰ ਅਤੇ ਚੌਥੀ ਪੱਛਮ ਵੱਲ। ਉਨ੍ਹਾਂ ਦੇ ਨਾਲ ਰਬਾਬੀ ਮਰਦਾਨਾ ਅਤੇ ਬਾਲਾ ਜੀ ਵੀ ਸਨ। ਗੁਰੂ ਨਾਨਕ ਸਾਹਿਬ ਦਾ ਪਹਿਲਾ ਦੈਵੀ ਉਪਦੇਸ਼ ਕਿ ਨਾ ਕੋਈ ਹਿੰਦੂ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ। ਉਨ੍ਹਾਂ ਅਨੁਸਾਰ ਲੋਕਾਂ ਵਿਚ ਧਰਮ ਉੱਡ ਚੁੱਕਾ ਹੈ ਨਾ ਕੋਈ ਪੂਰਾ ਹਿੰਦੂ ਹੈ ਅਤੇ ਨਾ ਹੀ ਕੋਈ ਪੂਰਾ ਮੁਸਲਮਾਨ। ਨਿਖੇੜਿਆਂ ਕਰਕੇ ਦੋਨੋਂ ਦੁਬਿਧਾ ਵਿਚ ਹਨ। ਉਨ੍ਹਾਂ ਨੇ ਵਿਸ਼ਵ ਭਾਈਚਾਰੇ ਦਾ ਸੰਦੇਸ਼ ਦਿੱਤਾ। ਲੋਕਾਂ ਵਿਚੋਂ ਦੂਰੀਆਂ ਖਤਮ ਹੋਈਆਂ ਤੇ ਗੁਰੂ ਦੇ ਦੱਸੇ ਸਰਬ ਸਾਂਝੇ ਰਾਹ ਤੇ ਤੁਰਨ ਲਈ ਬਹੁਤ ਗਿਣਤੀ ਵਿਚ ਹਿੰਦੂ ਅਤੇ ਮੁਸਲਮਾਨ ਵੀ ਗੁਰੂ ਜੀ ਨਾਲ ਆਣ ਜੁੜਨ ਲੱਗੇ। ਉਨ੍ਹਾਂ ਆਖਿਆ ਹਰ ਇਨਸਾਲ ਪਹਿਲਾਂ ਇਨਸਾਨ ਹੈ, ਫਿਰ ਹਿੰਦੂ ਜਾਂ ਮੁਸਲਮਾਨ। ਜਾਤ-ਪਾਤ, ਛੂਤ-ਛਾਤ ਨੂੰ ਖਤਮ ਕਰਨ ਲਈ ਉਨ੍ਹਾਂ ਨੇ ਸਾਂਝੇ ਲੰਗਰਾਂ ਦੀ ਪ੍ਰਥਾ ਚਲਾਈ। ਜਿੱਥੇ ਹਰ ਫਿਰਕੇ ਦੇ ਲੋਕ ਬਿਨਾਂ ਭੇਦਭਾਵ ਇਕੋ ਪੰਗਤ ਵਿਚ ਰਲ ਬੈਠ ਕੇ ਲੰਗਰ ਛਕਦੇ। ਉਨ੍ਹਾਂ ਉਦੇਸ਼ ਦਿੱਤਾ ਕਿ ਜਾਤ ਪਾਤ ਦਾ ਵਿਤਕਰਾ ਇਕ ਸਮਾਜਿਕ ਬੁਰਾਈ ਹੈ ਜੋ ਸਮਾਜ ਨੂੰ ਕਮਜ਼ੋਰ ਕਰਦੀ ਹੈ। ਉਨ੍ਹਾਂ ਸ਼ਾਹ ਸਰੂਪ ਨੂੰ ਦੱਸਿਆ ਕਿ ਜੋ ਹਰ ਇਨਸਾਨ ਨੂੰ ਪਿਆਰ ਕਰਦੇ ਹਨ, ਉਹੀ ਸੰਸਾਰ ਵਿਚ ਸਫ਼ਲ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਨੇ ਗ੍ਰਹਿਸਥ ਨੂੰ ਵੱਡੀ ਪਹਿਲ ਦਿੱਤਾ। ਗ੍ਰਹਿਸਥ ਨੂੰ ਜੀਵਨ ਦਾ ਧੁਰਾ ਦੱਸਿਆ। ਉਨ੍ਹਾਂ ਜੋਗੀਆਂ ਨੂੰ ਕਿਹਾ ਕਿ ਤਪ ਤਿਆਗ ਤੋਂ ਨਿਕਲ ਕੇ ਲੋਕ ਭਲਾਈ ਦਾ ਕੰਮ ਕਰਨ। ਲੋਕਾਂ ਵਿਚ ਰਹਿਣ, ਦਸਾਂ ਨਹੁੰਆਂ ਦੀ ਕਿਰਤ ਕਰਨ। ਇਨਸਾਨ ਦੀ ਭਲਾਈ ਅਤੇ ਸਮਾਜਿਕ ਮਜ਼ਬੂਤੀ ਲਈ ਨਾਮ ਜਪੋ, ਕ੍ਰਿਤ ਕਰੋ, ਵੰਡ ਛਕੋ। ਸੇਵਾ ਸਿੱਖ ਧਰਮ ਦਾ ਅਨਿਖੜਵਾਂ ਅੰਗ ਹੈ। ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਪਵਿੱਤਰ ਜੀਵਨ ਲਈ ਸੁਆਰਥ ਨੂੰ ਛੱਡੋ। ਭਾਣੇ ਵਿਚ ਰਹੋ। ਦਯਾਬਾਨ ਬਣੋ। ਦਾਨ ਕਰੋ। ਸੱਚ ਤੇ ਪਹਿਰਾ ਦਿਓ। ਰੱਬ ਇਕ ਹੈ, ਉਸ ਦੀ ਰਜ਼ਾ ਵਿਚ ਰਹੋ। ਰੱਬ ਨਾਲ ਸਿੱਧਾ ਰਸਤਾ ਬਣਾਓ। ਕਿਸੇ ਝੂਠੇ ਕਰਮ ਕਾਂਡ ਦੀ ਲੋੜ ਨਹੀਂ ਹੈ।

ਵਹਿਮਾਂ ਭਰਮਾਂ ਦਾ ਖੰਡਨ ਕਰਕੇ ਗੁਰੂ ਜੀ ਨੇ ਪ੍ਰਮਾਤਮਾ ਨਾਲ ਜੁੜਨ ਦਾ ਰਾਹ ਦੱਸਿਆ। ਕੂੜ ਦੀ ਕੰਧ ਢਾਹੁਣ ਲਈ ਕੇਵਲ ਉਸ ਅਕਾਲ ਪੁਰਖ ਨੂੰ ਪ੍ਰਣਾਮ ਕਰੋ। ਇਸਤਰੀ ਨੂੰ ਮਾਣ ਦੇਂਦੇ ਹੋਏ ਉਪਦੇਸ਼ ਦਿੱਤਾ ਕਿ ਇਸਤਰੀ ਹੀ ਹੈ ਜਿਸ ਨਾਲ ਜਗਤ ਦੀ ਉਤਪਤੀ ਹੁੰਦੀ ਹੇ। ਜਿਸ ਤੋਂ ਰਾਜੇ ਵੀ ਜਨਮ ਲੈਂਦੇ ਹਨ। ਉਸ ਨੂੰ ਮੰਦਾ ਆਖਣਾ ਠੀਕ ਨਹੀਂ 'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। ਗੁਰੂ ਨਾਨਕ ਸਾਹਿਬ ਦੀ ਸਾਰੀ ਸਿੱਖਿਆ ਦਾ ਮੰਤਵ ਸਮਾਜਿਕ ਸਾਂਝਾਪਣ, ਵਿਸ਼ਵ ਭਾਈਚਾਰਾ ਬਣਾਉਣਾ, ਫਿਰਕਾਪ੍ਰਸਤੀ ਨੂੰ ਤੋੜਨਾ, ਵਹਿਮਾਂ ਭਰਮਾਂ ਨੂੰ ਦੂਰ ਕਰ ਮਨ ਸਾਫ਼ ਰੱਖਣਾ ਹੈ। ਉਨ੍ਹਾਂ ਦੇ ਉਪਦੇਸ਼ ਵਿਚ ਰੀਤ ਰਸਮ ਦੀ ਕੋਈ ਥਾਂ ਨਹੀਂ। ਉਨ੍ਹਾਂ ਦੇ ਸੰਕਲਪ ਧਰਮ ਵਿਚ ਲੋਕਾਂ ਦਾ ਰੱਬ ਵਿਚ ਵਿਸ਼ਵਾਸ਼ ਜਗਾਉਣਾ। ਉਨ੍ਹਾਂ ਨੇ ਡੂੰਘੀ ਰੂਹਾਨੀਅਤ ਨਾਲ ਮਨੁੱਖਤਾ ਨੂੰ ਸੱਚ ਧਰਮ ਦਾ ਗਿਆਨ ਕਰਵਾਇਆ। ਆਤਮ ਨਿਰਭਰ ਤੇ ਸਵੈ ਮਾਣ ਦਾ ਜੀਵਨ ਜਿਊਣ ਦੇ ਯੋਗ ਬਣਾਇਆ।

ਉਨ੍ਹਾਂ ਦਾ ਉਪਦੇਸ਼ ਮਨੁੱਖਤਾ ਲਈ ਸਾਂਝਾ ਹੈ। ਅੰਤਲੇ ਜੀਵਨ ਵਿਚ ਜਦੋਂ ਉਹ ਕਰਤਾਰਪੁਰ ਜਾ ਵਸੇ ਤਾਂ ਹਿੰਦੂ ਮੁਸਲਮਾਨ ਵੀ ਉਨ੍ਹਾਂ ਦੇ ਦਰਸ਼ਨਾਂ ਲਈ ਆਉਣ ਲੱਗੇ। ਭਾਈ ਗੁਰਦਾਸ ਜੀ ਨੇ ਕਿਹਾ ਕਿ 'ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।' ਗੁਰੂ ਨਾਨਕ ਦੇਵ ਸਾਹਿਬ ਦੇ ਉਪਦੇਸ਼ ਹੇਠ ਹਿੰਦੂ ਅਤੇ ਮੁਸਲਮਾਨਾਂ ਨੇ ਆਪਣੀ ਤੰਗ ਦਿਨੀ ਛੱਡ ਦਿੱਤੀ ਸੀ। ਹਿੰਦੂ ਅਤੇ ਮੁਸਲਮਾਨ ਹੱਕ ਜਤਾਉਂਦੇ ਸਨ। ਆਮ ਲੋਕਾਂ ਵਿਚ ਚਰਚਿਤ ਸੀ ਕਿ ਨਾਨਕ ਸ਼ਾਹ ਫਕੀਰ ਹਿੰਦੂਆਂ ਦਾ ਗੁਰੂ, ਮੋਮਨਾ ਦਾ ਪੀਰ। ਉਨ੍ਹਾਂ ਦੀ ਸ਼ਖਸੀਅਤ ਦੇ ਗੁਣ ਗਾਏ ਨਹੀਂ ਜਾ ਸਕਦੇ। ਅਨੰਤ ਕਲਾ ਸੰਪੂਰਨ ਫਲਿਆ॥

# ਗੁਰੂ ਜੋਤ ਦਾ ਕਰਤਾਰਪੁਰ ਤੋਂ ਖਡੂਰ ਸਾਹਿਬ ਵੱਲ ਸਫਰ

**ਜਸਵੀਰ ਸਿੰਘ**

**ਕਰਤਾਰਪੁਰ ਵਿਚ ਗੁਰੂ ਨਾਨਕ ਦੇਵ ਜੀ ਵਿਰੋਧੀਆਂ/ਜਗਿਆਸੂਆਂ ਦੇ ਸਵਾਲਾਂ ਦੇ ਜਵਾਬ ਦਿੰਦੇ। ਸਨਿਆਸੀ,ਵੈਰਾਗੀ,ਜੋਗੀ,ਅਤੇ ਸ਼ਰਧਾਲੂ ਸਦਾ ਹੀ ਆਪ ਦੇ ਪਾਸ ਤੁਰੇ ਰਹਿੰਦੇ ਸਨ। ਕਈਆਂ ਦੇ ਸ਼ੰਕੇ ਨਵਿਰਤ ਹੁੰਦੇ, ਕਈਆਂ ਦੇ ਸੁਆਲਾਂ ਦੇ ਜਵਾਬ ਮਿਲਦੇ ਅਤੇ ਕਈਆਂ ਨਾਲ ਵਿਚਾਰ ਚਰਚਾ ਹੁੰਦੀ ਅਤੇ ਬਹੁਤੇ ਅਜਿਹੇ ਹੁੰਦੇ ਜਿਹੜੇ ਗੁਰੂ ਦੇ ਦਰਸ਼ਨਾਂ ਨਾਲ ਹੀ ਨਿਹਾਲ ਹੋ ਜਾਂਦੇ। ਸੰਗਤ ਅਤੇ ਜਗਿਆਸੂ ਰਮਣੀਕ ਕੁਦਰਤੀ ਆਲੇ ਦੇਆਲੇ ਦਾ ਅਨੰਦ ਮਾਣਦੇ।**

9 ਨਵੰਬਰ ਨੂੰ ਕਰਤਾਰਪੁਰ ਲਾਂਘਾ ਖੁੱਲ੍ਹਣ ਨਾਲ ਗੁਰਦੁਆਰਾ ਕਰਤਾਰਪੁਰ ਸਾਹਿਬ ਅਤਿੰਅਤ ਚਰਚਾ ਦਾ ਵਿਸ਼ਾ ਬਣ ਗਿਆ ਹੈ।ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਜ਼ਿਲ੍ਹਾ ਨਾਰੋਵਾਲ ਦੀ ਤਹਿਸੀਲ ਸ਼ਕਰਗੜ੍ਹ ਵਿਚ ਰਾਵੀ ਦਰਿਆ ਦੇ ਪੱਛਮੀ ਕੰਢੇ ਤੇ ਵੱਸਿਆ ਕਸਬਾ ਹੈ। ਇਹ ਅਸਥਾਨ ਭਾਰਤ ਵਾਲੇ ਪਾਸੇ ਡੇਰਾ ਬਾਬਾ ਨਾਨਕ ਤੋਂ 4.5 ਕਿਲੋਮੀਟਰ ਪੱਛਮ ਵੱਲ ਰਾਵੀ ਦਰਿਆ ਦੇ ਪਾਰ ਅਤੇ ਲਾਹੌਰ ਤੋਂ ਉਤਰ ਪੱਛਮ ਵੱਲ 120 ਕਿਲੋਮੀਟਰ ਦੂਰੀ ਤੇ ਪਾਕਿਸਤਾਨ ਵਿਚ ਸਥਿਤ ਹੈ। 1947 ਦੀ ਵੰਡ ਤੋਂ ਬਾਅਦ ਗੁਰੂ ਨਾਨਕ ਸਾਹਿਬ ਦਾ ਇਹ ਵਿਚਰਣ ਖੇਤਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡਿਆ ਗਿਆ। ਰਾਵੀ ਦਰਿਆ ਦੇ ਸੱਜੇ ਪਾਸੇ ਸ਼ਕਰਗੜ੍ਹ ਤਹਿਸੀਲ ਪਾਕਿਸਤਾਨ ਦੇ ਹਿੱਸੇ ਆਈ ਅਤੇ ਡੇਰਾ ਬਾਬਾ ਨਾਨਕ ਸਮੇਤ ਗੁਰਦਾਸਪੁਰ ਤਹਿਸੀਲ ਭਾਰਤ ਦੇ ਹਿੱਸੇ ਆ ਗਈ। ਕਰਤਾਰਪੁਰ ਦੀ ਭਾਰੂ ਅਬਾਦੀ ਮੁਸਲਮਾਨ ਗੁੱਜਰਾਂ ਅਤੇ ਜੱਟਾਂ ਦੀ ਹੈ। 1947 ਤੋਂ ਬਾਅਦ ਇਥੇ ਵੱਸਦੇ ਹਿੰਦੂ ਸਿੱਖ ਭਾਰਤ ਆ ਗਏ ਅਤੇ ਉਨ੍ਹਾਂ ਦੀ ਥਾਂ ਇਧਰੋਂ ਗਏ ਮਸਲਮਾਨ ਜਾ ਵੱਸੇ।

ਕਰਤਾਰਪੁਰ ਕਰਤਾ ਵਸੈ:

ਕਰਤਾਰਪੁਰ ਦਾ ਮਤਲਬ ਹੈ ਰੱਬ ਦਾ ਘਰ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਕਰਤਾਰ ਪੁਰ ਬਾਰੇ ਬਾਣੀ ਵਿਚ ਉਚਾਰੀ;

ਕਰਤਾਰਪੁਰ ਕਰਤਾ ਵਸੈ ਸੰਤਨ ਕੈ ਪਾਸਿ॥ (ਅੰਗ 816)

ਸਿੱਖ ਇਤਿਹਾਸਕਾਰਾਂ ਅਨੁਸਾਰ ਕਰਤਾਰ ਪੁਰ ਕਸਬੇ ਨੂੰ 1516 ਈਸਵੀ ਵਿਚ ਰਾਵੀ ਨਦੀ ਦੇ ਸੱਜੇ ਕੰਢੇ ਤੇ ਭਾਈ ਦੋਦਾ ਰੰਧਾਵਾ ਪਿੰਡ ਦੇ ਚੌਧਰੀ ਦੋਦਾ, ਪਿੰਡ ਪੱਖੋਕੇ ਰੰਧਾਵੇ ਦੇ ਅਜਿੱਤਾ ਰੰਧਾਵਾ ਅਤੇ ਸਥਾਨਕ ਹਾਕਮ ਦੁਨੀ ਚੰਦ (ਕਰੋੜੀ ਮੱਲ) ਆਦਿ ਵੱਲੋਂ ਦਿੱਤੀ ਗਈ ਜ਼ਮੀਨ ਸਦਕਾ ਗੁਰੂ ਨਾਨਕ ਦੇਵ ਜੀ ਨੇ ਵਸਾਇਆ। ਗੁਰੂ ਜੀ ਨੇ ਇਸ ਸਮੇਂ ਦੌਰਾਨ ਕਰਤਾਰਪੁਰ ਵਿਚ ਧਰਮਸਾਲ ਅਤੇ ਰਿਹਾਇਸ਼ੀ ਕੋਠਿਆਂ ਦੀ ਉਸਾਰੀ ਕਰਨੀ ਸ਼ੁਰੂ ਕੀਤੀ ਜਿਹੜੀ ਉਨ੍ਹਾਂ ਵਲੋਂ ਤੀਜੀ ਉਦਾਸੀ ਤੇ ਜਾਣ ਤੋਂ ਬਾਅਦ ਵੀ ਚਲਦੀ ਰਹੀ।ਇਸ ਤੋਂ ਇਲਾਵਾ ਲੋਕ ਜ਼ਮੀਨ ਵੀ ਦਾਨ ਕਰਦੇ ਰਹੇ। ਸਿੱਖ ਵਿਦਵਾਨ ਪ੍ਰੋਫੈਸਰ ਸਾਹਿਬ ਸਿੰਘ ਆਖਦੇ ਹਨ ਕਿ ਜਨਮ ਸਾਖੀਆਂ ਅਨੁਸਾਰ ਪਹਿਲੀ ਜ਼ਮੀਨ 100 ਘੁਮਾ ਸੀ। 1922-25 ਦੀ ਜਮ੍ਹਾਂਬੰਦੀ ਵਿਚ ਕਰਤਾਰਪੁਰ ਦੇ ਨਾਂ 171 ਕਿੱਲੇ ਜ਼ਮੀਨ ਦੱਸੀ ਗਈ ਸੀ। ਗੁਰੂ ਨਾਨਕ ਦੇਵ ਜੀ ਨੇ 1521-22 ਤੋਂ ਬਾਅਦ ਇਥੇ ਪੱਕੀ ਰਿਹਾਇਸ਼ ਕੀਤੀ।ਇਸ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ;

ਫਿਰ ਆਇਆ ਬਾਬਾ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ।ਪਹਿਰ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।

1521-22 ਵਿਚ ਮੁਲਤਾਨ ਵਲੋਂ ਵਾਪਸ ਆਣ ਕੇ ਇਥੇ ਆਪਣਾ ਪੱਕਾ ਠਿਕਾਣਾ ਕੀਤਾ। ਉਸ ਸਮੇਂ ਬਾਬਾ ਜੀ ਦੀ ਉਮਰ 52 ਸਾਲ ਸੀ। ਗੁਰੂ ਨਾਨਕ ਦੇਵ ਜੀ ਆਪਣੇ ਪ੍ਰਿਵਾਰ ਨੂੰ ਪਹਿਲਾਂ ਹੀ ਕਰਤਾਰਪੁਰ ਵਿਚ ਛੱਡ ਗਏ ਸਨ। ਇਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਖੇਤੀ ਕੀਤੀ ਅਤੇ ਕਈ ਬਾਣੀਆਂ ਦੀ ਰਚਨਾ ਕੀਤੀ।ਪ੍ਰਿੰਸੀਪਲ ਸਤਬੀਰ ਸਿੰਘ ਅਨੁਸਾਰ ਭਾਈ ਗੁਰਦਾਸ ਜੀ ਨੇ ਕਰਤਾਰਪੁਰ ਦਾ ਨਿੱਤ ਦਾ ਪ੍ਰੋਗਰਾਮ ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਸਵੇਰੇ ਕੀਰਤਨ ਵਿਚ ਜੁੜਦੇ, ਸ਼ਾਮ ਨੂ ਸੋਦਰ ਦੇ ਕੀਰਤਨ ਵਿਚ ਜੁੜ ਰਾਤ ਨੂੰ ਸੋਹਿਲਾ ਪੜ੍ਹ ਆਰਾਮ ਕਰਦੇ। ਦਿਨ ਵੇਲੇ ਉਹ ਆਪਣੀ ਕਿਰਤ ਕਾਰ ਵਿਚ ਲੱਗੇ ਰਹਿੰਦੇ। ਉਨ੍ਹਾਂ ਦਾ ਇਹ ਜੀਣ ਥੀਣ ਦਾ ਪ੍ਰੋਗਰਾਮ ਕਿਰਤ ਅਤੇ ਰੱਬ ਦੀ ਕੀਰਤੀ ਦੋਨਾ ਨੂੰ ਮਹੱਤਵ ਦੇਣ ਵਾਲਾ ਸੀ।

ਕਰਤਾਰਪੁਰ ਵਿਚ ਗੁਰੂ ਨਾਨਕ ਦੇਵ ਜੀ ਵਿਰੋਧੀਆਂ/ਜਗਿਆਸੂਆਂ ਦੇ ਸਵਾਲਾਂ ਦੇ ਜਵਾਬ ਦਿੰਦੇ। ਸਨਿਆਸੀ,ਵੈਰਾਗੀ,ਜੋਗੀ,ਅਤੇ ਸ਼ਰਧਾਲੂ ਸਦਾ ਹੀ ਆਪ ਦੇ ਪਾਸ ਤੁਰੇ ਰਹਿੰਦੇ ਸਨ। ਕਈਆਂ ਦੇ ਸ਼ੰਕੇ ਨਵਿਰਤ ਹੁੰਦੇ, ਕਈਆਂ ਦੇ ਸੁਆਲਾਂ ਦੇ ਜਵਾਬ ਮਿਲਦੇ ਅਤੇ ਕਈਆਂ ਨਾਲ ਵਿਚਾਰ ਚਰਚਾ ਹੁੰਦੀ ਅਤੇ ਬਹੁਤੇ ਅਜਿਹੇ ਹੁੰਦੇ ਜਿਹੜੇ ਗੁਰੂ ਦੇ ਦਰਸ਼ਨਾਂ ਨਾਲ ਹੀ ਨਿਹਾਲ ਹੋ ਜਾਂਦੇ। ਸੰਗਤ ਅਤੇ ਜਗਿਆਸੂ ਰਮਣੀਕ ਕੁਦਰਤੀ ਆਲੇ ਦੇਆਲੇ ਦਾ ਅਨੰਦ ਮਾਣਦੇ।

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥-ਸ੍ਰੀ ਗੁਰੂ ਗਰੰਥ ਸਾਹਿਬ (ਅੰਗ 967);

ਭਾਈ ਲਹਿਣਾ ਜੀ ਸੰਗ ਸਮੇਤ ਦੇਵੀ ਦੀ ਯਾਤਰਾ ਨੂੰ ਜਾਂਦਿਆਂ ਗੁਰੂ ਨਾਨਕ ਦੇਵ ਜੀ ਨੂੰ 1532 ਵਿਚ (ਪ੍ਰਿੰਸੀਪਲ ਸਤਬੀਰ ਸਿੰਘ) ਮਿਲੇ। ਇਸ ਨਗਰ ਵਿਚ ਗੁਰੂ ਨਾਨਕ ਦੇਵ ਜੀ ਨੇ 18 ਵਰ੍ਹੇ ਨਿਵਾਸ ਕੀਤਾ ਅਤੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਬਖਸ਼ਣ ਪਿੱਛੋਂ 7 ਸਤੰਬਰ 1539 ਨੂੰ ਜੋਤੀ-ਜੋਤ ਸਮਾ ਗਏ। ਭਾਈ ਲਹਿਣਾ ਜੀ ਨੂੰ ਗੁਰ ਗੱਦੀ ਬਖਸ਼ ਕੇ ਉਨ੍ਹਾਂ ਨੂੰ ਖਡੂਰ ਸਾਹਿਬ ਵੱਸਣ ਦਾ ਹੁਕਮ ਕੀਤਾ ਅਤੇ ਆਪ ਕਈ ਵਾਰ ਉਨ੍ਹਾਂ ਨੂੰ ਮਿਲਣ ਲਈ ਇਥੇ ਆਏ। ਗੁਰ ਗੱਦੀ ਭਾਈ ਲਹਿਣਾ ਨੂੰ ਦੇਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਔਲਾਦ ਦੀ ਹਾਜਰੀ ਵਿਚ ਉਨ੍ਹਾਂ ਦੀ ਕਰੜੀ ਪ੍ਰੀਖਿਆ ਲਈ। ਉਨ੍ਹਾਂ ਨੂੰ ਚਿੱਕੜ ਵਿਚੋਂ ਕੌਲਾ ਕੱਢਣ, ਮੁਰਦੇ ਨੂੰ ਖਾਣ ਵਰਗੇ ਪ੍ਰੀਖਿਆਮਈ ਆਦੇਸ਼ ਦਿੱਤੇ ਗਏ, ਪਰ ਭਾਈ ਲਹਿਣਾ ਜੀ ਨੇ ਇਹ ਸਾਰੇ ਗੁਰੂ ਹੁਕਮ ਖਿੜੇ ਮੱਥੇ ਪ੍ਰਵਾਨ ਕੀਤੇ ਅਤੇ ਪ੍ਰੀਖਿਆ ਵਿਚ ਪੂਰੇ ਉਤਰੇ ਜਦਕਿ ਉਨ੍ਹਾਂ ਦੇ ਪੁੱਤਰ ਇਹ ਸਾਰਾ ਕੁਝ ਕਰਨ ਤੋਂ ਨਾਂਹ ਨੁੱਕਰ ਕਰਦੇ ਰਹੇ।ਇਸ ਸਾਰੀ ਪ੍ਰੀਖਿਆ ਤੋਂ ਬਾਅਦ ਹੀ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਕੀਤੀ ਅਤੇ ਉਨ੍ਹਾਂ ਨੂੰ ਖਡੂਰ ਸਾਹਿਬ ਵਿਚ ਵੱਸਣ ਦਾ ਆਦੇਸ਼ ਕਰ ਦਿੱਤਾ। ਕੁਝ ਇਤਿਹਾਸਕਾਰ ਦਾ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੁੱਤਰਾਂ ਦੇ ਵਿਰੋਧ ਨੂੰ ਵੇਖਦਿਆਂ ਗੁਰ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਭੇਜਿਆ ਗਿਆ।ਕਿਹਾ ਜਾਂਦਾ ਹੈ ਕਿ ਗੁਰੂ ਗੱਦੀ ਭਾਈ ਲਹਿਣਾ ਨੂੰ ਦੇਣ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਸੰਗਤ ਸਮੇਤ ਆਪ ਉਨ੍ਹਾਂ ਨੂੰ ਮੱਥਾ ਟੇਕਿਆ ਪਰ ਗੁਰੂ ਜੀ ਦੇ ਬੇਟਿਆਂ ਨੇ ਗੁਰੂ ਅੰਗਦ ਦੇਵ ਜੀ ਨੂੰ ਨਮਸਕਾਰ ਨਹੀਂ ਕੀਤੀ।



ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ, ਆਪਣੀ ਅਜ਼ਮਤ ਅਤੇ ਸ਼ਬਦ ਸੁਰਤ ਸੌਂਪੀਆਂ। ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ਪਿੱਛੋਂ ਹਿੰਦੂਆਂ ਅਤੇ ਮੁਸਲਮਾਨਾਂ ਨੇ ਉਨ੍ਹਾਂ ਨੂੰ ਆਪੋ ਆਪਣਾ ਗੁਰੂ ਅਤੇ ਪੀਰ ਦੱਸਿਆ। ਸੰਸਾਰ ਭਰ ਵਿਚ ਇਹ ਇਕੋ ਇਕ ਮਿਸਾਲ ਹੈ ਜਿੱਥੇ ਕਿਸੇ ਵਿਅਕਤੀ ਦਾ ਦੋ ਰੀਤੀਆਂ ਅਨੁਸਾਰ ਅੰਤਮ ਸੰਸਕਾਰ ਹੋਇਆ ਹੋਵੇ। ਹਿੰਦੂ ਸ਼ਰਧਾਲੂਆਂ ਵਲੋਂ ਬਣਾਈ ਗਈ ਸਮਾਧ ਅਤੇ ਮੁਸਲਮਾਨਾਂ ਵਲੋਂ ਬਣਾਏ ਗਏ ਮਕਬਰੇ ਦੀ ਦੀਵਾਰ ਸਾਂਝੀ ਹੈ। ਗੁਰੂ ਨਾਨਕ ਦੇਵ ਜੀ ਨੇ 70 ਸਾਲ ਉਮਰ ਭੋਗ ਕੇ ਇਸ ਸੰਸਾਰ ਤੋਂ ਕੂਚ ਕੀਤਾ ਅਤੇ ਉਨ੍ਹਾਂ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੂਜੇ ਨਾਨਕ ਦੇ ਰੂਪ ਵਿਚ ਗੱਦੀ ਤੇ ਬਿਰਾਜਮਾਨ ਹੋਏ।ਇਸ ਤਰ੍ਹਾਂ ਗੁਰੂ ਜੋਤ ਕਰਤਾਰਪੁਰ ਤੋਂ ਖਡੂਰ ਸਾਹਿਬ ਵੱਲ ਸਫਰ ਕਰਦੀ ਹੈ। ਜਨਮ ਸਾਖੀਆਂ ਵਿਚ ਕਥਨ ਹੈ; ਬਾਬਾ ਮੜ੍ਹੀ ਨਾ ਗੋਰੁ, ਗੁਰੂ ਅੰਗਦ ਕੈ ਹੀਐ ਮਾਹਿ ।

ਖਡੂਰ ਸਾਹਿਬ ਆਣ ਕੇ ਗੁਰੂ ਅੰਗਦ ਦੇਵ ਜੀ ਕਈ ਦੇਰ ਤੱਕ ਮਾਤਾ ਭਰਾਈ ਜੀ ਦੇ ਘਰ ਭਗਤੀ ਵਿਚ ਲੀਨ ਰਹੇ। ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਵੀ ਕਈ ਦੇਰ ਤੱਕ ਜਦੋਂ ਉਹ ਪਰਗਟ ਨਹੀਂ ਹੋਏ ਤਾਂ ਬਾਬਾ ਬੁਢਾ ਜੀ ਦੇ ਕਹਿਣ ਤੇ ਉਨ੍ਹਾਂ ਸੰਗਤ ਨੂੰ ਦਰਸ਼ਨ ਦੇਣੇ ਸ਼ੁਰੂ ਕੀਤੇ।

ਇੰਝ ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨੂੰ ਸਿੱਖ ਪ੍ਰਚਾਰ ਦਾ ਕੇਂਦਰ ਬਣਾਇਆ। ਕਰਤਾਰਪੁਰ ਤੋਂ ਬਾਅਦ ਖਡੂਰ ਸਾਹਿਬ ਸਿੱਖੀ ਦਾ ਪ੍ਰਮੁੱਖ ਕੇਂਦਰ ਬਣ ਕੇ ਉਭਰਿਆ। ਇਥੇ ਹੀ ਸ਼ੇਰ ਸ਼ਾਹ ਸੂਰੀ ਤੋਂ ਹਾਰ ਕੇ ਸਿੰਧ ਵੱਲ ਜਾਂਦਿਆਂ ਹਿਮਾਯੂ ਬਾਦਸ਼ਾਹ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਆਇਆ। ਇਸ ਦੌਰਾਨ ਗੁਰੂ ਜੀ ਨੇ ਹਿਮਾਯੂ ਦੀ ਹੰਕਾਰੀ ਬੋਲ-ਬਾਣੀ ਨੂੰ ਦਰਸੁਤ ਕਰਦਿਆਂ ਉਸ ਨੂੰ ਆਪਾ ਚੀਨਣ ਲਈ ਮਜ਼ਬੂਰ ਕੀਤਾ। ਗੁਰੂ ਅੰਗਦ ਦੇਵ ਜੀ ਦੇ ਸਮੇਂ ਵਿਚ ਨਵਾਂ ਉਭਰਿਆ ਸਿੱਖ ਧਰਮ ਹਾਲੇ ਆਪਣੀ ਬਾਲ ਅਵਸਥਾ ਵਿਚ ਸੀ।ਦੂਜੇ ਪਾਤਸ਼ਾਹ ਨੇ ਜਿੱਥੇ ਗੁਰੂ ਨਾਨਕ ਦੇਵ ਜੀ ਵਲੋਂ ਸ਼ੁਰੂ ਕੀਤੀਆਂ ਗਈਆਂ ਸੰਸਥਾਵਾਂ ਨੂੰ ਮਜ਼ਬੂਤੀ ਬਖਸ਼ੀ ਉਥੇ ਇਸ ਦੇ ਨਾਲ ਹੀ ਗੁਰਮੁਖੀ ਲਿੱਪੀ ਦਾ ਵਿਕਾਸ ਕਰਨ, ਇਤਿਹਾਸ ਅਤੇ ਗੁਰਬਾਣੀ ਦੀ ਸਾਂਭ ਸੰਭਾਲ ਅਤੇ ਸਿੱਖਾਂ ਦੀ ਸਰੀਰਕ ਤੰਦਰੁਸਤੀ ਲਈ ਮੱਲ ਅਖਾੜੇ ਦੀ ਸਿਰਜਣਾ ਕੀਤੀ।ਇਥੇ ਸਿੱਖ ਗੱਭਰੂ ਆਪਣੀ ਸਰੀਰਕ ਤੰਦਰੁਸਤੀ ਲਈ ਕਸਰਤ ਕਰਿਆ ਕਰਦੇ ਸਨ।ਗੁਰੂ ਅੰਗਦ ਦੇਵ ਜੀ ਨੇ ਬਾਣੀ ਦੀ ਰਚਨਾ ਕਰਨ ਅਤੇ ਸਾਂਭਣ ਤੋਂ ਇਲਾਵਾ ਜਨਮ ਸਾਖੀ ਰਾਹੀਂ ਇਤਿਹਾਸ ਨੂੰ ਸਾਂਭਣ ਦਾ ਵੀ ਯਤਨ ਅਰੰਭਿਆ। ਇਵੇਂ ਪੰਜਾਬੀ ਭਾਸ਼ਾ ਲਈ ਗੁਰਮੁਖੀ ਲਿੱਪੀ ਨੂੰ ਸਾਂਭਣ ਅਤੇ ਇਸ ਦੇ ਵਿਕਾਸ ਦਾ ਕਰਜ ਵੀ ਅਗੇ ਤੋਰਿਆ।ਉਨ੍ਹਾਂ ਗੁਰਮੁਖੀ ਲਿੱਪੀ ਦੇ ਅੱਖਰਾਂ ਨੂੰ ਸੋਧਿਆ ਸਵਾਰਿਆ ਅਤੇ ਬਾਲ ਬੋਧ ਲਿਖਵਾ ਕੇ ਬੱਚਿਆਂ ਵਿਚ ਵੰਡੇ। ਲੰਗਰ ਦੀ ਸੰਸਥਾ ਨੂੰ ਮਜ਼ਬੂਤ ਕੀਤਾ ਜਿਸ ਵਿਚ ਮਾਤਾ ਖੀਵੀ ਜੀ ਨੇ ਉੱਘਾ ਯੋਗਦਾਨ ਪਾਇਆ। ਗੁਰੂ ਅਮਰਦਾਸ ਜੀ ਗੁਰਗੱਦੀ ਮਿਲਣ ਤੋਂ ਪਹਿਲਾਂ ਬਾਰਾਂ ਸਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਹਿੱਤ ਖਡੂਰ ਸਾਹਿਬ ਵਿਚ ਰਹੇ। ਗੁਰੂ ਅਮਰ ਦਾਸ ਜੀ ਗੁਰੂ ਅਗੰਦ ਦੇਵ ਜੀ ਦੀ ਬੇਟੀ ਬੀਬੀ ਅਮਰੋ ਦੇ ਸਹੁਰਿਆਂ ਵਲੋਂ ਰਿਸ਼ਤੇਦਾਰੀ ਵਿਚੋਂ ਸਨ।ਬਾਣੀ ਦਾ ਪ੍ਰਭਾਵ ਕਬੂਲ ਕਰਨ ਤੋਂ ਬਾਅਦ ਬੀਬੀ ਅਮਰੋ ਜੀ ਬਾਬਾ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਕੋਲ ਖਡੂਰ ਸਾਹਿਬ ਲੈ ਕੇ ਆਏ। ਗੁਰੂ ਅੰਗਦ ਦੇਵ ਜੀ ਨੂੰ ਮਿਲਣ ਤੋਂ ਬਾਅਦ ਉਹ ਵਾਪਸ ਆਪਣੇ ਪਿੰਡ ਬਾਸਰਕੇ ਨਹੀਂ ਗਏ ਅਤੇ ਸਾਰਾ ਸਮਾਂ ਗੁਰੂ ਜੀ ਦੀ ਸੇਵਾ ਵਿਚ ਰਹੇ। ਉਨ੍ਹਾਂ ਦੀ ਸ਼ਰਧਾ ਅਤੇ ਸੇਵਾ ਨੂੰ ਵੇਖਦਿਆਂ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਗੁਰ ਗੱਦੀ ਦਾ ਵਾਰਸ ਬਣਾਇਆ। ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਸੌਂਪ ਕੇ 1522 ਈਸਵੀ ਵਿਚ ਜੋਤੀ-ਜੋਤ ਸਮਾ ਗਏ।

ਗੁਰੂ ਅਮਰ ਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਨੂੰ ਬਣਾਇਆ। ਉਹ 22 ਸਾਲ ਗੁਰਗੱਦੀ ਤੇ ਬਿਰਾਜਮਾਨ ਰਹੇ। ਇਸ ਦੌਰਾਨ ਉਹ ਖਡੂਰ ਸਾਹਿਬ ਵਿਚ ਫੇਰੀ ਪਾਉਂਦੇ ਰਹੇ। ਇਸ ਤਰ੍ਹਾਂ ਖਡੂਰ ਸਾਹਿਬ ਦੇ ਚੱਪੇ-ਚੱਪੇ ਗੁਰੂ ਸਾਹਿਬਾਨ ਨੇ ਆਪਣੀ ਚਰਨ ਛੋਹ ਨਾਲ ਨਿਵਾਜਿਆ।ਅਸਲ ਵਿਚ 8 ਗੁਰੂ ਸਾਹਿਬਾਨ ਨੇ ਖਡੂਰ ਸਾਹਿਬ ਵਿਚ ਚਰਨ ਪਾਏ।ਗੁਰੂ ਰਾਮਦਾਸ ਜੀ ਵੇਲੇ ਚੱਕ ਰਾਮਦਾਸ(ਅਮ੍ਰਿਤਸਰ)ਸਿੱਖੀ ਦੇ ਮੁੱਖ ਕੇਂਦਰ ਵਜੋਂ ਉਭਰਿਆ ਪਰ ਚੌਥੇ ਪਾਤਸ਼ਾਹ ਗੋਇੰਦਵਾਲ ਸਾਹਿਬ ਜਾਂਦਿਆਂ ਖਡੂਰ ਸਾਹਿਬ ਵਿਚ ਵੀ ਰੁਕਦੇ ਰਹੇ। ਮਾਤਾ ਖੀਵੀ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਗੁਰੂ ਅਰਜਨ ਦੇਵ ਜੀ ਵੀ ਖਡੂਰ ਸਾਹਿਬ ਆਏ।ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਸ਼ਹਿਰ ਵਸਾਇਆ ਅਤੇ ਇਸ ਦੌਰਾਨ ਵੀ ਉਹ ਖਡੂਰ ਸਾਹਿਬ ਆਉਂਦੇ ਰਹੇ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ,ਗੁਰੂ ਹਰਿ ਰਾਏ ਜੀ ਅਤੇ ਗੁਰੂ ਤੇਗ ਬਹਾਦਰ ਜੀ ਨੇ ਵੀ ਖਡੂਰ ਸਾਹਿਬ ਵਿਚ ਆਪਣੇ ਮੁਬਾਰਕ ਚਰਨ ਪਾਏ।

ਸਿੱਖ ਇਤਿਹਾਸ ਨਾਲ ਸੰਬੰਧਤ ਇਨ੍ਹਾਂ ਸਰਗਰਮੀਆਂ ਦੀਆਂ ਯਾਦਾਂ ਗੁਰਦੁਆਰਿਆਂ ਦੇ ਰੂਪ ਵਿਚ ਅੱਜ ਵੀ ਖਡੂਰ ਸਾਹਿਬ ਵਿਚ ਮੌਜੂਦ ਹਨ। ਗੁਰਦੁਆਰਾ ਤਪਿਆਣਾ ਸਾਹਿਬ, ਗੁਰਦੁਆਰਾ ਦਰਬਾਰ ਸਾਹਿਬ, ਗੁਰਦੁਆਰਾ ਮੱਲ ਅਖਾੜਾ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ,ਗੁਰਦੁਆਰਾ ਸਿੱਲ ਸਾਹਿਬ,ਗੁਰਦੁਆਰਾ ਮਾਤਾ ਭਰਾਈ ਜੀ, ਅਤੇ ਮਾਤਾ ਖੀਵੀ ਜੀ ਲੰਗਰ ਇਨ੍ਹਾਂ ਇਤਿਹਾਸਕ ਸਰਗਰਮੀਆਂ ਦੀਆਂ ਹੀ ਯਾਦਾਂ ਹਨ। ਇਸੇ ਕਰਕੇ ਖਡੂਰ ਸਾਹਿਬ ਅੱਜ ਵੀ ਇਕ ਉਘਾ ਇਤਿਹਾਸਕ ਧਾਰਮਿਕ ਅਸਥਾਨ ਹੈ।

1947 ਤੋਂ ਬਾਅਦ ਖਡੂਰ ਸਾਹਿਬ ਦੇ ਗੁਰਧਾਮਾਂ ਦੀ ਸੇਵਾ ਸੰਭਾਲ, ਕਾਰਸੇਵਾ ਵਾਲੇ ਬਾਬਾ ਗੁਰਮੁਖ ਸਿੰਘ, ਬਾਬਾ ਬਾਬਾ ਸਾਧੂ ਸਿੰਘ,ਬਾਬਾ ਝੰਡਾ ਸਿੰਘ ਅਤੇ ਬਾਬਾ ਉਤਮ ਸਿੰਘ ਅਤੇ ਅਤੇ ਹੁਣ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਕਾਰਸੇਵਾ ਖਡੂਰ ਸਾਹਿਬ ਵਲੋਂ ਹੁੰਦੀ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਗੁਰਦੁਆਰਾ ਦਰਬਾਰ ਸਾਹਿਬ, ਥੜਾ ਸਾਹਿਬ ਅਤੇ ਗੁਰਦੁਆਰਾ ਮੱਲ ਅਖਾੜਾ ਸਾਹਿਬ ਦੀ ਸੇਵਾ ਅਤੇ ਪ੍ਰਬੰਧ ਇਸ ਨਾਲ ਜੁੜਿਆ ਡਿਜੀਟਲ ਮਿਊਜ਼ੀਅਮ ਦੀ ਸੇਵਾ ਅਤੇ ਪ੍ਰਬੰਧ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਲ ਹੈ। ਗੁਰਦੁਆਰਾ ਤਪਿਆਣਾ ਸਾਹਿਬ, ਗੁਰਦੁਆਰਾ ਤਪ ਅਸਥਾਨ, ਸਰੋਵਰ ਅਤੇ ਮਾਤਾ ਖੀਵੀ ਲੰਗਰ ਦਾ ਪ੍ਰਬੰਧ ਬਾਬਾ ਸੇਵਾ ਸਿੰਘ ਦੀ ਅਗਵਾਈ ਵਿਚ ਕਾਰਸੇਵਾ ਖਡੂਰ ਸਾਹਿਬ ਕੋਲ ਹੈ। ਕਾਰਸੇਵਾ ਖਡੂਰ ਸਾਹਿਬ ਨੇ ਨਾ ਸਿਰਫ ਗੁਰੂ ਸਾਹਿਬ ਵਲੋਂ ਚਲੀ ਆਉਂਦੀ ਵੱਖ-ਵੱਖ ਖੇਤਰਾਂ ਦੀ ਸੇਵਾ ਨੂੰ ਜਾਰੀ ਰੱਖਿਆ ਸਗੋਂ ਇਸ ਨੂੰ ਹੋਰ ਵਿਕਸਤ ਕੀਤਾ। ਕਾਰ ਸੇਵਾ ਖਡੂਰ ਸਾਹਿਬ ਦੇ ਅਧੀਨ ਅੱਜ ਸ੍ਰੀ ਗੁਰੂ ਅੰਗਦ ਦੇਵ ਡਿਗਰੀ ਕਾਲਜ,ਬੀ ਐਡ ਕਾਲਜ ਅਤੇ ਬਾਬਾ ਗੁਰਮੁਖ ਸਿੰਘ ਉਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਰਤਾਰਪੁਰ ਚਲ ਰਹੇ ਹਨ। ਇਸ ਤੋਂ ਇਲਾਵਾ ਮੱਧ ਪ੍ਰਦੇਸ਼ ਵਿਚ ਦੋ ਹੋਰ ਸਕੂਲ ਕਾਰਸੇਵਾ ਖਡੂਰ ਸਾਹਿਬ ਵਲੋਂ ਚਲਾਏ ਜਾ ਰਹੇ ਹਨ ਜਿਨ੍ਹਾਂ ਵਿਚ 2000 ਤੋਂ ਵੱਧ ਬੱਚੇ ਪੜ੍ਹਦੇ ਹਨ। ਇਸ ਤੋਂ ਇਲਾਵਾ 2004 ਵਿਚ ਕਾਇਮ ਕੀਤੇ ਗਏ ਨਿਸ਼ਾਨ-ਏ-ਸਿੱਖੀ ਟਰਸਟ ਦੇ ਅੰਡਰ ਨਿਸ਼ਾਨ-ਏ-ਸਿਖੀ ਇੰਟਰਨੈਸ਼ਨਲ ਸਕੂਲ ਤੋਂ ਇਲਾਵਾ,ਇੰਸਟੀਚਿਊਟ ਆਫ ਰਿਲੀਜੀਅਸ ਸਟਡੀਜ਼,ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼, ਇੰਸਟੀਚਿਊਟ ਆਫ ਸਾਇੰਸ ਸਟਡੀਜ਼,ਨਿਸ਼ਨ ਏ ਸਿਖੀ ਇੰਸਟੀਚਿਊਟ ਆਫ ਸਾਇੰਸ ਐਂਡ ਟਰੇਨਿੰਗ(ਐਨ ਡੀ ਏ) ਆਦਿ ਚਲਾਏ ਜਾ ਰਹੇ ਹਨ।ਜਿਨ੍ਹਾਂ ਵਿਚ ਕਈ ਕੋਰਸ ਬਿਲਕੁਲ ਫਰੀ ਹਨ।ਸਿੱਖ ਬੱਚਿਆਂ ਨੂੰ ਇਥੇ ਉੱਤਮ ਕਿਸਮ ਦੇ ਕੋਰਸਾਂ ਵਿਚ ਦਾਖਲੇ ਲਈ ਤਿਆਰ ਕੀਤਾ ਜਾ ਰਿਹਾ ਹੈ। ਉਪਰੋਕਤ ਤੋਂ ਇਲਾਵਾ ਗੁਰੂ ਸਾਹਿਬ ਦੀ ਮੱਲ ਅਖਾੜਿਆਂ ਦੀ ਪਰੰਪਰਾ ਨੂੰ ਜਾਰੀ ਰੱਖਣ ਲਈ ਬਾਬਾ ਉਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਚਲਾਈ ਜਾ ਰਹੀ ਜਿਸ ਵਿਚ ਤਿੰਨ ਟੀਮਾਂ ਨੂੰ ਖੇਡ ਦੀ ਪ੍ਰਫੈਸ਼ਨਲ ਟਰੇਨਿੰਗ ਦਿੱਤੀ ਜਾਂਦੀ ਹੈ।ਇਸ ਅਕੈਡਮੀ ਦੀਆਂ ਤਿੰਨ ਟੀਮਾਂ ਨੂੰ ਹਰ ਸਹੂਲਤ ਵਿਦਿਆ ਸਮੇਤ ਮੁਫਤ ਦਿੱਤੀ ਜਾਂਦੀ ਹੈ।ਬਾਬਾ ਉਤਮ ਸਿੰਘ ਅਕੈਡਮੀ ਨੇ ਕਈ ਅੰਤਰਾਸ਼ਟਰੀ ਪੱਧਰ ਦੇ ਖਿਡਾਰੀ ਵੀ ਪੈਦਾ ਕੀਤੇ ਹਨ। ਵਾਤਾਵਰਣ ਦੇ ਖੇਤਰ ਵਿਚ ਕਾਰਸੇਵਾ ਖਡੂਰ ਸਾਹਿਬ ਦਾ ਉਘਾ ਯੋਗਦਾਨ ਹੈ। ਪੰਜਾਬ ਸਮੇਤ,ਮੱਧ ਪ੍ਰਦੇਸ,ਰਾਜਸਥਾਨ ਵਿਚ ਕਾਰਸੇਵਾ ਖਡੂਰ ਸਾਹਿਬ ਵਲੋਂ 450 ਕਿਲੋਮੀਟਰ ਸੜਕਾਂ ਦੇ ਦੁਆਲੇ ਦਰਖਤ ਲਗਾਏ ਗਏ ਹਨ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ 550 ਜੰਗਲ ਲਾਉਣ ਦਾ ਟੀਚਾ ਮਿੱਥਿਆ ਗਿਆ ਹੈ, ਇਸ ਵਿਚੋਂ 40 ਜੰਗਲ ਲੱਗ ਚੁੱਕੇ ਹਨ।ਵਾਤਾਵਰਣ ਦੀ ਮੁਹਿੰਮ ਤਹਿਤ ਤਕਰੀਬਨ 5 ਲੱਖ ਬੂਟੇ ਲਗਾਏ ਜਾ ਚੁੱਕੇ ਹਨ।

ਇਸ ਸਾਰੇ ਉਪਰਾਲੇ ਗੁਰੂ ਸਾਹਿਬ ਵਲੋਂ ਦਰਸਾਈ ਜੀਵਨ ਜਾਚ, ਮਿਸ਼ਨ ਅਤੇ ਸੇਧ ਨੂੰ ਧਿਆਨ ਵਿਚ ਰੱਖ ਕੇ ਹੀ ਕੀਤੇ ਜਾ ਰਹੇ ਹਨ।ਬਾਬਾ ਸੇਵਾ ਸਿੰਘ ਅਤੇ ਕਾਰਸੇਵਾ ਖਡੂਰ ਸਾਹਿਬ ਦੀ ਅਗਵਾਈ ਵਿਚ ਕਾਰਸੇਵਾ ਦੀ ਮੈਨੇਜਮੈਂਟ ਟੀਮ ਇਸ ਸੇਧ ਨੂੰ ਯਕੀਨੀ ਬਣਾਉਂਦੀ ਹੈ। ਇਸ ਤੋਂ ਇਲਾਵਾ ਸ਼੍ਰੋਮਣ ਕਮੇਟੀ ਅਧੀਨ ਗੁਰਦੁਆਰਾ ਦਰਬਾਰ ਸਾਹਿਬ ਨਾਲ ਜੁੜਵੀਂ ਰਿਹਾਇਸ਼ੀ ਸਰਾਂ,ਹੋਮਿਉਪੈਥਿਕ ਡਿਸਪੈਂਸਰੀ ਅਤੇ ਇਕ ਡਾਇਗਨੋਸਟਿਕ ਸੈਂਟਰ ਆਮ ਲੋਕਾਂ ਅਤੇ ਸ਼ਰਧਾਲੂਆਂ ਦੀ ਸੇਵਾ ਵਿਚ ਲਗੇ ਹੋਏ ਹਨ।


Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW




# ਪਾਠਕਾਂ ਦਾ ਨਜ਼ਰੀਆ

## ਭਗਵਿਆਂ ਵਲੋਂ ਕਰਤਾਰਪੁਰ ਸਾਹਿਬ ਦੀ ਬਦਨਾਮੀ

ਹੁਣ ਕਰਤਾਰਪੁਰ ਸਾਹਿਬ ਨੂੰ ਦਹਿਸ਼ਤਗਰਦੀ ਦੇ ਨਵੇਂ ਅੱਡੇ ਵਜੋਂ ਬਦਨਾਮ ਕੀਤਾ ਜਾਵੇਗਾ ਤੇ ਉਥੇ ਸੇਵਾ ਕਰਨ ਵਾਲਿਆਂ ਤੇ ਸ਼ਰਧਾ ਭੇਂਟ ਕਰਨ ਵਾਲ਼ਿਆਂ ਯਾਤਰੂਆਂ ਨੂੰ ਨਿੰਦਣ ਦੀ ਜੋਰਦਾਰ ਲਹਿਰ ਚਲਾਈ ਜਾਵੇਗੀ। ਜਿਵੇਂ ਕਿਸੇ ਵੇਲੇ ਦਰਬਾਰ ਸਾਹਿਬ ਕੰਪਲੈਕਸ ਖਿਲਾਫ ਲੋਕਾਈ ਵਿਚ ਬਦਨਾਮੀ ਕੀਤੀ ਗਈ ਸੀ। ਜਿਹੜੇ ਲੋਕਾਂ ਨੇ ਧਰਮ ਯੁੱਧ ਮੋਰਚੇ ਮੌਕੇ ਦਰਬਾਰ ਸਾਹਿਬ ਕੰਪਲੈਕਸ ਖਿਲਾਫ ਝੂਠੀ,ਬੇਬੁਨਿਆਦ ਬਦਨਾਮੀ ਨੂੰ ਨਹੀਂ ਸੀ ਜਾਣਿਆ,ਸਮਝਿਆ ਤੇ ਵੇਖਿਆ ਉਹ ਹੁਣ ਦੇਖ ਲੈਣਗੇ ਕਿ ਕਿਵੇਂ ਸਿੱਖਾਂ ਨੂੰ ਧੱਕ ਕੇ ਖੂੰਜੇ ਲਾਇਆ ਜਾਂਦਾ ਹੈ। ਕਰਤਾਰਪੁਰ ਨਾਲ ਜੁੜੀ ਸਿੱਖਾਂ ਦੀ ਆਸਥਾ ਤੇ ਸ਼ਰਧਾ ਵੱਲੋਂ ਬੇਪਰਵਾਹ ਹੋਕੇ ਲਗਾਤਾਰ ਕੂੜ-ਪਰਚਾਰ ਕਰਨ-ਕਰਾਉਣ ਵਾਲੀ ਬਿਰਤੀ ਨੂੰ ਇਹ ਪਾਪ ਕਮਾਉਂਦਿਆਂ ਨਾ ਨੌਂਵੇਂ ਪਾਤਸ਼ਾਹ ਦੀ ਸ਼ਹਾਦਤ ਚੇਤੇ ਹੈ ਨਾ ਖਾਲਸੇ ਦਾ ਕੋਈ ਹੋਰ ਅਹਿਸਾਨ। ਖੁਣਸ ਵਿਚ ਪਾਪ ਕਮਾਈ ਜਾ ਰਹੇ ਹਨ।ਖੈਰ ਲੇਖਾ ਤਾਂ ਦੇਣਾ ਹੀ ਪਵੇਗਾ!

**-ਸਰਬਜੀਤ ਸਿੰਘ ਘੁਮਾਣ**

## ਪਾਕਿਸਤਾਨ ਆਪਣੀ ਸੂਝ ਨਾਲ ਭਾਰਤੀ ਸਟੇਟ ਨੂੰ ਠਿੱਬੀ ਮਾਰ ਗਿਆ

ਖੋਲ੍ਹਣ ਵਾਲਾ ਮੇਰੇ ਕੋਲ ਕੋਈ ਭੇਦ ਨਹੀਂ। ਆਪਣੀ ਆਮ ਰਾਜਸੀ ਸੂਝ ਬੂਝ ਅਨੁਸਾਰ ਸੋਚਦਾ ਲਿਖਦਾ ਹਾਂ। ਸੌ ਹੱਥ ਰੱਸਾ, ਸਿਰੇ ਤੇ ਗੰਢ। ਦਹਾਕਿਆਂ ਦੇ ਤਜਰਬਿਆਂ ਤੋਂ ਸਬਕ ਸਿਖ ਕੇ, ਆਪਣੀ ਰਾਜਸੀ ਸੁਰਖਿਆ ਦੇ ਹਿਤਾਂ ਵਿਚ, ਐਂਗਲੋ-ਅਮਰੀਕੀ ਪਰਬੰਧ ਦੀ ਜਕੜ ਤੋਂ ਖਹਿੜਾ ਛੁਡਾ, ਵਡੇ ਗੁਆਂਢੀਆਂ ਨਾਲ ਦੋਸਤੀ, ਧਾਰਮਿਕ ਅੱਤਵਾਦ ਪ੍ਰਤੀ ਨਰਮ ਗੋਸ਼ੇ ਦਾ ਤਿਆਗ, ਅਰਬੀ ਇਸਲਾਮਕ ਸਭਿਆਚਾਰ ਤੋਂ ਮੂੰਹ-ਮੁੜਾਈ, ਘੱਟਗਿਣਤੀਆਂ ਪ੍ਰਤੀ ਵਧਦੀ ਸਹਿਨਸ਼ੀਲਤਾ, ਮਹਿੰਜੋਡਾਰੋ ਦੀ ਸਭਿਅਤਾ, ਪੋਰਸ, ਮਹਾਰਾਜਾ ਰਣਜੀਤ ਸਿੰਘ, ਕੋਹਿਨੂਰ ਨੂੰ ਬਣਦੀ ਗਲਵਕੜੀ, ਗੁਰੂ ਨਾਨਕ ਯੂਨੀਵਰਸਿਟੀ ਦੀ ਸਥਾਪਨਾ ਅਤੇ ਕਰਤਾਰਪੁਰ ਦਾ ਲਾਂਘਾ ਖੋਲਣ ਦਾ ਫੈਸਲਾ-ਇਹ ਹੈ ਪਾਕਿਸਤਾਨ ਦੀ ਕੌਮਾਂਤਰੀ ਤੇ ਘਰੇਲੂ ਰਾਜਨੀਤੀ ਦਾ ਲੰਮਾ, ਤਜਰਬਾਤੀ ਤੇ ਥਕਾਊ ਸਫਰ।

ਇਸ ਰਾਜਨੀਤੀ ਦਾ ਇਕ ਬਹੁਤ ਅਹਿਮ ਪੱਖ ਹੈ ਸਿਖਾਂ ਪ੍ਰਤੀ ਪਹੁੰਚ। ਪਾਕਿਸਤਾਨੀ ਸਟੇਟ ਇਸ ਸਿੱਟੇ ਤੇ ਪੁਜੀ ਵਿਖਾਈ ਦਿੰਦੀ ਹੈ ਕਿ ਸਿਖ , ਖਾਸ ਤੌਰ ਤੇ ਸਿਖ ਫੌਜ, ਉਪ-ਮਹਾਂਦੀਪ ਅੰਦਰ ਸੰਤੁਲਨ ਸਥਾਪਤ ਕਰਨ ਵਾਲਾ ਅਹਿਮ ਫੈਕਟਰ ਹਨ। ਉਨਾਂ ਨਾਲ ਦੋਸਤੀ ਪਾਕਿਸਤਾਨ ਦੀ ਵੱਡੀ ਕੌਮਾਂਤਰੀ , ਸੁਰਖਿਆ ਲੋੜ ਹੈ।

ਇਸ ਪਿਛੋਕੜ ਵਿਚ ਕਰਤਾਰਪੁਰ ਪਰੌਜੈਕਟ ਬੁਨਿਆਦੀ ਤੌਰ ਤੇ ਪਾਕਿਸਤਾਨੀ ਸਟੇਟ ਦੀ ਯੁੱਧਨੀਤੀ ਦਾ ਮਹਤਵਪੂਰਨ ਅੰਗ ਹੈ। ਇਹ ਵੀ ਨਹੀਂ ਕਿ ਪਾਕਿਸਤਾਨ ਦੀ ਇਸ ਸੋਚ ਬਾਰੇ ਭਾਰਤੀ ਏਜੰਸੀਆਂ ਸੁੱਤੀਆਂ ਪਈਆਂ ਹਨ। ਉਹ ਪੂਰੀ ਤਰ੍ਹਾਂ ਜਾਗ੍ਰਤ ਹਨ। ਉਹ ਕਰਤਾਰਪੁਰ ਨੂੰ ਸ਼ਤਰੰਜ ਦੀ ਪਾਕਿਸਤਾਨੀ ਚਾਲ ਵਜੋਂ ਵੇਖਦੀਆਂ ਹਨ।

ਪਾਕਿਸਤਾਨ ਨੇ ਇਹ ਚਾਲ ਬਹੁਤ ਸੂਝਪੂਰਨ ਅਤੇ ਸੂਰਮਗਤੀ ਨਾਲ ਚੱਲੀ ਹੈ। ਇਸ ਰਸਤੇ ਨੂੰ ਇਕ ਪਾਸੜ ਤੌਰ ਤੇ ਖੋਲ੍ਹਣਾ ਇਸ ਦਾ ਪੱਕਾ ਸਬੂਤ ਹੈ। ਉਹ ਭਾਰਤੀ ਸਟੇਟ ਨੂੰ ਲਾਂਭੇ ਕਰ, ਸਿੱਖਾਂ ਨੂੰ ਸਿਧੇ ਤੌਰ ਤੇ ਸੰਬੋਧਤ ਹੋਈ ਹੈ। ਦੋਵੇਂ ਸਟੇਟਾਂ ਇਕ ਦੂਜੇ ਦੀ ਭਾਸ਼ਾ ਸਮਝਦੀਆਂ ਹਨ। ਇਸ ਵਾਰ ਪਾਕਿਸਤਾਨ ਆਪਣੀ ਸੂਝ ਅਤੇ ਦੂਰਦ੍ਰਿਸ਼ਟੀ ਵਾਲੀ ਚਾਲ ਨਾਲ ਭਾਰਤੀ ਸਟੇਟ ਨੂੰ ਠਿੱਬੀ ਮਾਰ ਗਿਆ ਹੈ। ਹੁਣ ਵੇਖੋ ਭਾਰਤੀ ਸਟੇਟ ਇਸ ਠਿੱਬੀ ਨੂੰ ਨਕਾਰਾ ਕਿਵੇਂ ਕਰਦੀ ਹੈ। ਜਿਸ ਵੰਨਗੀ ਦੇ ਡੈਲੀਗੇਸ਼ਨ ਕਰਤਾਰਪੁਰ ਭੇਜੇ ਜਾ ਰਹੇ ਹਨ, ਉਹ ਇਸ ਉਘੜਦੀ ਫੌਜੀ ਖੇਡ ਦੇ ਸ਼ੁਰੂਆਤੀ ਸੰਕੇਤ ਭੇਜ ਰਹੇ ਹਨ।

**-ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

## ਕਰਤਾਰਪੁਰ ਲਾਂਘਾ: ਪੰਥ ਦੀ ਅਰਦਾਸ ਸੁਣੀ ਗਈ

ਮੈਂ 2004 ਵਿਚ ਐੱਮਪੀ ਬਣਿਆ ਤਾਂ ਪਹਿਲੀ ਵਾਰ ਡੇਰਾ ਬਾਬਾ ਨਾਨਕ ਗਿਆ ਜੋ ਸਾਡੇ ਵਾਲੇ ਪਾਸੇ ਜ਼ਿਲ੍ਹਾ ਗੁਰਦਾਸਪੁਰ ਵਿਚ ਹੈ। ਮੈਂ ਦੇਖ ਕੇ ਹੈਰਾਨ ਰਹਿ ਗਿਆ ਕਿ ਲੋਕ ਉਥੇ ਆਉਂਦੇ ਤੇ ਮਿੱਟੀ-ਘੱਟੇ ਵਿਚ ਹੀ ਮੱਥਾ ਟੇਕਦੇ, ਰੋਂਦੇ ਅਤੇ ਪਰਤ ਜਾਂਦੇ ਸਨ। ਪੰਜਾਬ ਸਰਕਾਰ ਵਿਚ ਮੇਰੇ ਵਰਗੇ ਅਫ਼ਸਰਾਂ ਅਤੇ ਸਾਰੇ ਮੰਤਰੀਆਂ ਜਿਵੇਂ ਸਵਰਨ ਸਿੰਘ, ਗੁਰਦਿਆਲ ਸਿੰਘ ਢਿੱਲੋਂ ਤੇ ਹੋਰਨਾਂ ਨੇ ਡੇਰਾ ਬਾਬਾ ਨਾਨਕ ਨੂੰ ਬਿਲਕੁਲ ਨਜ਼ਰਅੰਦਾਜ਼ ਕਰੀ ਰੱਖਿਆ। ਸਾਰੇ ਸਿਰਫ਼ ਚੰਡੀਗੜ੍ਹ - ਲੁਧਿਆਣਾ - ਅੰਮ੍ਰਿਤਸਰ ਦੇ ਦੌਰੇ ਕਰ ਕੇ ਪਰਤ ਜਾਂਦੇ। ਸਾਡੀ ਹਾਕਮ ਜਮਾਤ ਨੇ ਬਾਬਾ ਨਾਨਕ ਨੂੰ ਅਣਡਿੱਠ ਕੀਤਾ ਹੈ। ਜਦੋਂ ਮੈਨੂੰ ਇਸ ਦਾ ਅਹਿਸਾਸ ਹੋਇਆ ਤਾਂ ਮੈਂ ਇਸ ਲਈ ਸਾਰੀਆਂ ਭਾਸ਼ਾਵਾਂ ਦੇ ਅਖ਼ਬਾਰਾਂ ਵਿਚ ਤੇ ਹੋਰ ਢੰਗਾਂ ਨਾਲ ਲਗਾਤਾਰ ਪ੍ਰਚਾਰ ਮੁਹਿੰਮ ਚਲਾਈ। ਮੈਂ ਮੰਗ ਕੀਤੀ ਕਿ ਇਹ ਚਾਰ ਕਿਲੋਮੀਟਰ ਦਾ ਰਾਹ ਖੋਲ੍ਹ ਦਿੱਤਾ ਜਾਵੇ। ਦੋਹੀਂ ਪਾਸੀਂ ਸੁਰੱਖਿਆ ਵਾੜ ਲਾ ਦਿੱਤੀ ਜਾਵੇ ਤੇ ਨਾਲ ਹੀ ਪੁਲੀਸ ਸੁਰੱਖਿਆ ਹੋਵੇ। ਸਿੱਖਾਂ ਨੂੰ ਬਿਨਾਂ ਪਾਸਪੋਰਟ ਤੋਂ ਸਰਹੱਦ ਪਾਰ ਜਾ ਕੇ ਅਰਦਾਸ ਕਰਨ ਤੇ ਪਰਤ ਆਉਣ ਦੀ ਇਜਾਜ਼ਤ ਦਿੱਤੀ ਜਾਵੇ। ਇਸ 'ਤੇ ਦੋਹੀਂ ਪਾਸੀਂ ਬੇਰੁਖ਼ੀ ਵਾਲੀ ਖ਼ਾਮੋਸ਼ੀ ਧਾਰ ਲਈ ਗਈ। ਜਦੋਂ ਮੈਂ ਪਾਕਿਸਤਾਨ ਗਿਆ ਤਾਂ ਮੇਰੀਆਂ ਭਾਰਤ ਦਾ ਸਾਬਕਾ ਮੁੱਖ ਚੋਣ ਕਮਿਸ਼ਨਰ ਹੋਣ ਦੇ ਨਾਤੇ ਇੰਟਰਵਿਊਜ਼ ਕੀਤੀਆਂ ਗਈਆਂ, ਕਿਉਂਕਿ ਮੁੱਖ ਚੋਣ ਕਮਿਸ਼ਨਰ ਵਜੋਂ ਪਾਕਿਸਤਾਨ ਵਿਚ ਮੇਰੀ ਕਾਫ਼ੀ ਚਰਚਾ ਸੀ। ਉਨ੍ਹਾਂ ਨੂੰ ਹਰਖ਼ ਸੀ ਕਿ ਉਨ੍ਹਾਂ ਕੋਲ ਇਹੋ ਜਿਹਾ ਚੋਣ ਕਮਿਸ਼ਨ ਕਿਉਂ ਨਹੀਂ। ਇੰਟਰਵਿਊ ਕਰਨ ਵਾਲਿਆਂ ਵਿਚ 'ਫ਼ਰਾਈਡੇ ਟਾਈਮਜ਼' ਦਾ ਮਾਲਕ ਨਜਮ ਸੇਠੀ, ਇਕ ਹੋਰ ਮਸ਼ਹੂਰ ਟੀਵੀ ਸ਼ਖ਼ਸੀਅਤ ਵੜੈਚ ਤੇ ਹੋਰ ਕਈ ਸਨ।

ਇਸ ਦੌਰਾਨ ਜਿਥੇ ਮੈਂ ਚੋਣ ਕਮਿਸ਼ਨ ਦੇ ਕੰਮ-ਕਾਜ ਦੀ ਚਰਚਾ ਕੀਤੀ, ਉਥੇ ਮੈਨੂੰ ਹਮੇਸ਼ਾ ਹੀ ਕਰਤਾਰਪੁਰ ਸਾਹਿਬ ਬਾਰੇ ਬੋਲਣ ਲਈ ਵੀ ਆਖਿਆ ਗਿਆ। ਮੈਂ ਕਿਹਾ ਕਿ ਭਾਰਤ ਸਰਕਾਰ ਸਵਾ ਲੱਖ ਮੁਸਲਮਾਨਾਂ ਨੂੰ ਸਰਕਾਰੀ ਖ਼ਰਚੇ 'ਤੇ ਹਜ਼ਾਰਾਂ ਕਰੋੜਾਂ ਰੁਪਏ ਖ਼ਰਚ ਕੇ ਮੱਕਾ ਭੇਜਦੀ ਹੈ। ਮੈਂ ਜ਼ੋਰ ਦੇ ਕੇ ਕਹਿੰਦਾ ਕਿ ਸਾਰੇ ਅਕੀਦਿਆਂ ਦੇ ਲੋਕ ਆਪੋ-ਆਪਣੇ 'ਮੱਕਿਆਂ' ਦੇ ਦਰਸ਼ਨਾਂ ਲਈ ਜਾ ਸਕਦੇ ਹਨ। ਮੈਂ ਯੋਰੋਸ਼ਲਮ ਵਿਚ ਕ੍ਰਾਈਸਟਸ ਚਰਚ, ਅਲ-ਅਕਸਾ ਗਿਆ ਹਾਂ ਤੇ ਯਹੂਦੀਆਂ ਦੀ ਵੇਲਿੰਗ ਵਾਲ (ਪੱਛਮੀ ਦੀਵਾਰ) ਵਿਖੇ ਵੀ। ਮੈਂ ਸਭ ਥਾਈਂ ਅਰਦਾਸਾਂ ਕੀਤੀਆਂ ਹਨ ਤੇ ਮੈਂ ਨਹੀਂ ਜਾਣਦਾ ਕਿ ਹੋਰ ਮੈਂ ਕਿਸ ਨੂੰ ਮਿਲਾਂ। ਇਹ ਬਾਬੇ ਨਾਨਕ ਦਾ ਦਰ ਹੈ। ਮੈਂ ਪੁੱਛਦਾ ਕਿ ਆਖ਼ਰ ਸਿੱਖਾਂ ਨੂੰ ਕਿਉਂ ਉਨ੍ਹਾਂ ਦੇ ਮੱਕੇ, ਭਾਵ ਕਰਤਾਰਪੁਰ ਸਾਹਿਬ ਜਾਣ ਦੀ ਇਜਾਜ਼ਤ ਨਹੀਂ। ਮੈਂ ਮੱਕਾ ਸ਼ਬਦ ਇਸ ਕਾਰਨ ਵਰਤਿਆ ਤਾਂ ਕਿ ਪਾਕਿਸਤਾਨ ਵਾਲੇ ਮੇਰੀ ਭਾਵਨਾ ਨੂੰ ਚੰਗੀ ਤਰ੍ਹਾਂ ਸਮਝ ਸਕਣ।

ਉਦੋਂ ਕਰਤਾਰਪੁਰ ਸਾਹਿਬ ਬਾਰੇ ਬੜੇ ਘੱਟ ਲੋਕ ਜਾਣਦੇ ਸਨ ਤੇ ਉਨ੍ਹਾਂ ਦਾ ਰਵੱਈਆ ਬੇਰੁਖ਼ੀ ਭਰਿਆ ਸੀ। ਸਿੱਖਾਂ ਨੂੰ 70 ਸਾਲਾਂ ਤੱਕ ਆਪਣੇ ਇਸ ਸਥਾਨ ਦੇ ਦਰਸ਼ਨਾਂ ਦਾ ਮੌਕਾ ਨਹੀਂ ਮਿਲ ਸਕਿਆ। ਉਦੋਂ ਮੈਨੂੰ ਮਹਿਸੂਸ ਹੋਇਆ ਕਿ ਇਹ ਸੰਯੁਕਤ ਰਾਸ਼ਟਰ ਲਈ ਵੀ ਇਕ ਮੁੱਦਾ ਹੋ ਸਕਦਾ ਸੀ, ਕਿਉਂਕਿ ਇਹ ਸਜ਼ਾ ਸਾਨੂੰ ਹੀ ਦਿੱਤੀ ਗਈ। ਮੈਂ ਇਹ ਨਹੀਂ ਆਖ ਸਕਦਾ ਕਿ ਮੇਰੇ ਇਸ ਪ੍ਰਚਾਰ ਦਾ ਪਾਕਿਸਤਾਨ ਵਿਚ ਕਿੰਨਾ ਕੁ ਅਸਰ ਪਿਆ। ਮੇਰਾ ਯਕੀਨ ਹੈ ਕਿ ਉਨ੍ਹਾਂ ਦੇ ਹਾਕਮ ਬੋਲ਼ੇ ਨਹੀਂ ਸਨ ਜਿਨ੍ਹਾਂ ਨੂੰ ਪਤਾ ਨਾ ਹੋਵੇ ਕਿ ਟੀਵੀ ਉਤੇ ਕੀ ਆਖਿਆ ਜਾ ਰਿਹਾ ਸੀ।

ਮੈਂ ਇਹ ਜਾਣਕਾਰੀ ਕੋਈ ਦਾਅਵਾ ਜਤਾਉਣ ਲਈ ਨਹੀਂ ਦੇ ਰਿਹਾ। ਮੇਰਾ ਭਰੋਸਾ ਹੈ ਕਿ ਇਹ ਸਾਰਾ ਕੁਝ ਬਾਬਾ ਨਾਨਕ ਹੀ ਸਾਡੇ ਲਈ ਕਰ ਰਿਹਾ ਹੈ। ਹਾਂ, 15 ਅਗਸਤ 1947 ਤੋਂ ਹੀ ਸਾਰੇ ਸਿੱਖ ਰੋਜ਼ਾਨਾ ਕਰਤਾਰਪੁਰ ਸਾਹਿਬ ਦੇ ਦਰਸ਼ਨ-ਦੀਦਾਰੇ ਦੀ ਖੁੱਲ੍ਹ ਮਿਲਣ ਲਈ ਅਰਦਾਸਾਂ ਕਰਦੇ ਸਨ। ਸਾਡੀ ਅਰਦਾਸ ਸੁਣੀ ਗਈ ਹੈ। ਮੈਂ ਸੱਚ ਨਾਲ ਖੜ੍ਹਨ ਲਈ ਪਾਕਿਸਤਾਨ ਵਾਸੀਆਂ ਦਾ ਵੀ ਧੰਨਵਾਦੀ ਹਾਂ। ਸਰਹੱਦ ਦੇ ਦੋਹੀਂ ਪਾਸੀਂ ਹੋਏ ਇਸ ਸ਼ਾਨਦਾਰ ਕੰਮ ਰਾਹੀਂ ਅਸੀਂ ਬਾਬੇ ਨਾਨਕ ਦੀਆਂ ਸਿੱਖਿਆਵਾਂ ਨੂੰ ਹੀ ਅੱਗੇ ਵਧਾ ਰਹੇ ਹਾਂ। ਜਿਵੇਂ ਉਨ੍ਹਾਂ ਆਖਿਆ ਸੀ- 'ਨਾ ਕੋਈ ਹਿੰਦੂ, ਨਾ ਮੁਸਲਮਾਨ' ਤੇ 'ਸਭਨਾ ਜੀਆ ਕਾ ਇਕੁ ਦਾਤਾ'। ਇਸੇ ਤਰ੍ਹਾਂ ਹਰ ਸਵੇਰ ਤੇ ਸ਼ਾਮ ਅਸੀਂ ਆਪਣੀ ਅਰਦਾਸ ਦੇ ਅਖ਼ੀਰ ਵਿਚ ਇਹੋ ਆਖਦੇ ਹਾਂ- 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ'।

**- ਡਾ. ਮਨੋਹਰ ਸਿੰਘ ਗਿੱਲ**

**ਸਾਬਕਾ ਕੇਂਦਰੀ ਮੰਤਰੀ, ਯੁਵਾ ਮਾਮਲੇ ਤੇ ਖੇਡਾਂ ਅਤੇ ਸਾਬਕਾ ਮੁੱਖ ਚੋਣ ਕਮਿਸ਼ਨਰ, ਭਾਰਤ ਸਰਕਾਰ**

## ਬਾਬੇ ਨਾਨਕ ਨੂੰ ਮੌਜੂਦਾ ਸਿਆਸੀ ਤੇ ਪੁਜਾਰੀ ਵਰਗ ਦੇ ਸਾਂਚੇ ਵਿੱਚ ਢਾਲਣ ਦਾ ਯਤਨ

ਬਾਬਾ ਨਾਨਕ ਆਪਣੇ ਜੀਵਨ ਕਾਲ ਦੌਰਾਨ ਆਪਣੀਆਂ ਯਾਤਰਾਵਾਂ ਦੌਰਾਨ ਬਹੁਤਾ ਸਮਾਂ ਉਨ੍ਹਾਂ ਲੋਕਾਂ ਨਾਲ ਸੰਵਾਦ ਰਚਾਉਂਦੇ ਰਹੇ ਜੋ ਬਾਬਾ ਨਾਨਕ ਤੋਂ ਵਿਚਾਰਧਾਰਕ ਤੌਰ 'ਤੇ ਬਿਲਕੁਲ ਵੱਖਰੇ ਸਨ, ਪਰ ਉਨ੍ਹਾਂ ਕਦੇ ਵੀ ਆਪਣੇ ਵਿਚਾਰ ਕਿਸੇ ਉੱਪਰ ਥੋਪੇ ਨਹੀਂ, ਸਗੋਂ ਇੱਕ ਸਿਰਜਣਾਤਮਕ ਸੰਵਾਦ ਨੂੰ ਪਹਿਲ ਦਿੱਤੀ, ਦੂਜੇ ਦੇ ਵਿਚਾਰਾਂ ਦਾ ਆਦਰ ਕੀਤਾ। ਪਰ ਅਸੀਂ ਜਿਸ ਦੌਰ ਵਿੱਚ ਗੁਜ਼ਰ ਰਹੇ ਹਾਂ ਉੱਥੇ ਹਾਕਮ ਧਿਰਾਂ ਨੂੰ ਕੁਝ ਵੀ 'ਵੱਖਰਾਪਣ' ਮਨਜ਼ੂਰ ਨਹੀਂ। ਉਹ 'ਸਹਿਮਤ ਹੋਵੋ ਜਾਂ ਮਾਰੇ ਜਾਓ' ਦੀ ਨੀਤੀ ਤੇ ਚੱਲ ਰਹੀਆਂ ਹਨ। ਗੁਰੂ ਨਾਨਕ ਫ਼ਲਸਫ਼ਾ 'ਸਚੁ ਸੁਣਾਇਸੀ ਸਚ ਕੀ ਬੇਲਾ ਦਾ ਹਾਮੀ ਹੈ, ਪਰ ਭਾਰਤ ਦੇ ਮੌਜੂਦਾ ਹਾਲਾਤ ਅੰਦਰ ਸੱਚ ਕਹਿਣ ਵਾਲੇ ਪੱਤਰਕਾਰ, ਲੇਖਕ, ਕਲਾਕਾਰ, ਬੁੱਧੀਜੀਵੀ, ਰਾਜਨੀਤਿਕ ਕਾਰਕੁੰਨ ਲਗਾਤਾਰ ਹਕੂਮਤ ਦੇ ਜਬਰ ਦਾ ਸ਼ਿਕਾਰ ਹੋ ਰਹੇ ਹਨ। 'ਪਾਬੰਦੀਸ਼ੁਦਾ' ਸਾਹਿਤ ਪੜ੍ਹਨ ਦੇ ਹਵਾਲੇ ਨਾਲ ਲੋਕਾਂ ਨੂੰ 'ਖਾਲਿਸਤਾਨੀ', 'ਵੱਖਵਾਦੀ', 'ਅਰਬਨ ਨਕਸਲ' ਕਹਿ ਕੇ ਜੇਲ੍ਹਾਂ ਵਿੱਚ ਡੱਕ ਦਿੱਤਾ ਜਾਂਦਾ ਹੈ। 'ਵਿਦਿਆ ਵਿਚਾਰੀ ਤਾਂ ਪਰੁ ਉਪਕਾਰੀ' ਦੇ ਫਲਸਫੇ ਨੂੰ ਦਰਕਿਨਾਰ ਕਰਕੇ ਸਿੱਖਿਆ ਨੀਤੀ ਵਿੱਚ ਲਗਾਤਾਰ ਸੁਧਾਰ ਰਾਹੀਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕੀਤੀ ਜਾ ਰਹੀ ਹੈ। ਔਰਤਾਂ ਉਪਰ ਜ਼ੁਲਮ ਪਹਿਲਾਂ ਨਾਲੋਂ ਵੀ ਤੇਜ਼ ਹੋ ਗਏ ਹਨ ਅਤੇ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਨਾਅਰਾ ਦੇਣ ਵਾਲੀਆਂ ਹਾਕਮ ਧਿਰਾਂ ਬਲਾਤਕਾਰੀਆਂ ਨੂੰ ਬਚਾਉਣ ਲਈ 'ਝੰਡਾ ਮਾਰਚ' ਰਾਹੀਂ 'ਸੋ ਕਿਉ ਮੰਦਾ ਆਖਿਐ ਜਿਤੁ ਜੰਮਹਿ ਰਾਜਾਨ' ਦੇ ਵਿਚਾਰ ਨੂੰ ਤਹਿਸ ਨਹਿਸ ਕਰਦੀਆਂ ਹਨ। ਦਲਿਤਾਂ ਉੱਪਰ ਜ਼ੁਲਮ, ਹਜੂਮੀ ਕਤਲ, ਮੁਸਲਿਮ ਭਾਈਚਾਰੇ ਪ੍ਰਤੀ ਨਫਰਤ, ਸਥਾਨਕ ਭਾਸ਼ਾਵਾਂ ਨੂੰ ਦਬਾਉਣਾ, ਘੱਟਗਿਣਤੀਆਂ ਤੇ ਦਬਾਈਆਂ ਗਈਆਂ ਕੌਮਾਂ ਉਪਰ ਜ਼ੁਲਮ, ਕਾਰਪੋਰੇਟ ਘਰਾਣਿਆਂ ਦੇ ਮੁਫਾਦਾਂ ਲਈ ਕੁਦਰਤੀ ਸਾਧਨਾਂ ਦੀ ਲੁੱਟ ਅਤੇ ਵਾਤਾਵਰਨ ਦੀ ਬਰਬਾਦੀ ਆਦਿ ਵਰਤਾਰੇ ਭਾਰਤੀ ਹਾਕਮਾਂ ਨੂੰ ਬਾਬੇ ਨਾਨਕ ਦੇ ਸਾਹਮਣੇ ਕਟਿਹਰੇ ਵਿਚ ਖੜ੍ਹਾ ਕਰਦੇ ਹਨ।

ਸਵਾਲ ਇਹ ਹੈ ਕਿ ਜੇ ਬਾਬੇ ਨਾਨਕ ਦਾ ਫਲਸਫਾ, ਬਾਬੇ ਨਾਨਕ ਨੂੰ 'ਮਨਾਉਣ' ਵਾਲੀਆਂ ਹਾਕਮ ਧਿਰਾਂ ਅਤੇ ਪੁਜਾਰੀ ਵਰਗ ਦੀ ਵਿਹਾਰਕਤਾ ਦੇ ਬਿਲਕੁਲ ਉਲਟ ਹੈ ਤਾਂ ਫਿਰ ਉਨ੍ਹਾਂ ਦੇ ਬਾਬੇ ਪ੍ਰਤੀ 'ਉਲਾਰ' ਨੂੰ ਕਿਸ ਸੰਦਰਭ ਵਿੱਚ ਸਮਝੀਏ? ਇਤਿਹਾਸ ਦੇ ਇੱਕ ਪੜਾਅ 'ਤੇ ਜਿਹੜੀ ਸ਼ਖ਼ਸੀਅਤ ਉਸ ਸਮੇਂ ਦੇ ਲੁੱਟ ਤੇ ਜਬਰ ਦੇ ਖਿਲਾਫ ਖੜ੍ਹਦੀ ਹੈ, ਉਹੀ ਸ਼ਖ਼ਸੀਅਤ ਇੱਕ ਖਾਸ ਸਮੇਂ ਉਸੇ ਤਰ੍ਹਾਂ ਦੇ ਲੁੱਟ ਤੇ ਜਬਰ ਉਪਰ ਟਿੱਕੀ ਹੋਈ ਰਾਜ ਸੱਤਾ ਲਈ 'ਪੂਜਣਯੋਗ' ਜਾਂ 'ਯਾਦ ਰੱਖਣ ਯੋਗ' ਕਿਵੇਂ ਬਣ ਜਾਂਦੀ ਹੈ? ਦਲਿਤਾਂ, ਔਰਤਾਂ, ਧਾਰਮਿਕ ਘੱਟਗਿਣਤੀਆਂ, ਕੌਮਾਂ ਤੇ ਹਾਸ਼ੀਏ ਤੇ ਧੱਕੇ ਹੋਏ ਲੋਕਾਂ ਉੱਪਰ ਜਬਰ ਢਾਹ ਰਹੀ ਹਾਕਮ ਧਿਰ ਕੋਲ ਬਾਬੇ ਨਾਨਕ ਨੂੰ 'ਆਪਣਾ' ਕਹਿਣ ਦਾ ਹੌਸਲਾ ਕਿੱਥੋਂ ਪੈ ਰਿਹਾ ਹੈ?

ਸਾਂਝੀਵਾਲਤਾ ਤੇ ਮਨੁੱਖਤਾ ਦੇ ਇਸ਼ਕ ਨਾਲ ਲਬਰੇਜ਼ ਬਾਬੇ ਨਾਨਕ ਦੇ ਵਿਚਾਰਾਂ ਨੂੰ ਲੋਕ ਮਨਾਂ ਤੋਂ ਮਿਟਾਉਣਾ ਸੌਖਾ ਨਹੀਂ। ਅਜਿਹੇ ਵਿਚਾਰ ਆਪਣੇ ਇਤਿਹਾਸਿਕ ਕਾਲ ਤੋਂ ਪਾਰ ਜਾ ਕੇ ਲੋਕਾਂ ਦੀ ਵਰਤਮਾਨ ਤੇ ਭਵਿਖੀ ਰਹਿਤਲ ਵਿੱਚ ਸਮਾ ਜਾਂਦੇ ਹਨ। ਇਹੀ ਵਿਚਾਰ ਹਰ ਦੌਰ ਵਿੱਚ ਗਾਲਬ ਤਾਕਤਾਂ ਲਈ ਚੁਣੌਤੀ ਬਣਦੇ ਹਨ। ਗਾਲਬ ਧਿਰਾਂ ਲੋਕ ਮਨਾਂ ਵਿਚੋਂ ਇਨ੍ਹਾਂ ਵਿਚਾਰਾਂ ਦੀ ਪੈਰਵਾਈ ਕਰਨ ਵਾਲੇ ਲੋਕ ਨਾਇਕਾਂ ਦੀ ਅਸਲੀ ਭੂਮਿਕਾ ਹਮੇਸ਼ਾ ਮਿਟਾਉਣ ਦੀ ਤਾਕ ਵਿੱਚ ਰਹਿੰਦੀਆਂ ਹਨ ਜਾਂ ਫਿਰ ਇਨ੍ਹਾਂ ਦੁਆਰਾ ਨਿਭਾਈ ਗਈ ਭੂਮਿਕਾ ਨੂੰ ਆਪਣੀ ਅਜਾਰੇਦਾਰੀ ਵਾਲੇ ਪ੍ਰਚਾਰ ਸਾਧਨਾਂ ਨੂੰ ਵਰਤ ਕੇ ਆਪਣੀ ਸਹੂਲਤ ਦੇ ਮੁਤਾਬਕ ਢਾਲ ਲੈਣ ਜਾ ਆਪਣੇ ਗਾਲਬ ਸੱਭਿਆਚਾਰ ਅੰਦਰ ਹੀ ਜਜ਼ਬ ਕਰ ਲੈਣ ਦੀ ਕੋਸਿਸ਼ ਕਰਦੀਆਂ ਹਨ। ਇਨ੍ਹਾਂ ਲੋਕ ਨਾਇਕਾਂ ਦੀ ਉਸਾਰੂ ਭੂਮਿਕਾ ਅਤੇ ਸਥਾਪਤੀ ਵਿਰੋਧੀ ਨਾਬਰੀ ਦੀ ਮਹਿਕ ਹੌਲ਼ੀ ਹੌਲ਼ੀ ਲੋਕ ਮਨਾਂ ਵਿੱਚੋਂ ਮਨਫ਼ੀ ਹੁੰਦੀ ਜਾਂਦੀ ਹੈ ਅਤੇ ਇਸ ਦੀ ਥਾਂ ਸਿਰਫ ਸ਼ਰਧਾ ਲੈ ਲੈਂਦੀ ਹੈ। ਲੋਕਾਂ ਨੂੰ ਭੁੱਲਾ ਦਿੱਤਾ ਜਾਂਦਾ ਹੈ ਕਿ ਇਨ੍ਹਾਂ ਨਾਇਕਾਂ ਨੂੰ ਅਸੀਂ ਇਤਿਹਾਸਕ ਤੌਰ 'ਤੇ ਯਾਦ ਕਿਵੇਂ ਰੱਖਣਾ ਹੈ।

ਕੀ ਇਹ ਵੀ ਬਾਬੇ ਨਾਨਕ ਨੂੰ ਮੌਜੂਦਾ ਸਿਆਸੀ, ਧਾਰਮਿਕ ਅਤੇ ਪੁਜਾਰੀ ਵਰਗ ਦੇ ਸਾਂਚੇ ਵਿੱਚ ਢਾਲਣ ਦਾ ਯਤਨ ਤਾਂ ਨਹੀਂ? ਇਨ੍ਹਾਂ ਸਮਾਰੋਹਾਂ ਵਿੱਚੋਂ ਲੋਕਾਈ ਪ੍ਰਤੀ ਦਰਦ ਅਤੇ ਚਿੰਤਾ ਕਰਨ, ਜਾਬਰ ਨੂੰ ਜਾਬਰ ਕਹਿਣ ਦਾ ਹੀਆ ਕਰਨ ਅਤੇ ਧਾਰਮਿਕ ਅਡੰਬਰਾਂ ਵਿੱਚ ਤਰਕ ਨੂੰ ਸਾਹਮਣੇ ਰੱਖ ਕੇ ਸੰਵਾਦ ਕਰਨ ਦੀ ਜਾਚ ਰੱਖਣ ਵਾਲੇ ਬਾਬੇ ਨਾਨਕ ਨੂੰ ਬਹੁਤ ਚਲਾਕੀ ਨਾਲ ਪਾਸੇ ਕਰਨ ਦੀ ਕੋਸਿਸ਼ ਹੋ ਰਹੀ ਹੈ ਅਤੇ ਕਰਾਮਾਤਾਂ ਕਰਨ ਵਾਲੇ, ਮਖਮਲੀ ਚੋਲੇ ਪਾਈ, ਅੱਖਾਂ ਬੰਦ ਕਰਕੇ ਸ਼ਕਤੀ ਵਰਤਾਉਣ ਵਾਲੇ ਬਾਬੇ ਨਾਨਕ ਨੂੰ ਸਾਡੇ ਸਾਹਮਣੇ ਲਿਆ ਕੇ ਖੜ੍ਹਾ ਕੀਤਾ ਜਾ ਰਿਹਾ ਹੈ। ਇਸ ਲਈ ਬਾਬੇ ਨਾਨਕ ਨੂੰ ਯਾਦ ਕਰਨ ਜਾਂ ਮਨਾਉਣ ਦੇ ਇਨ੍ਹਾਂ ਹਾਕਮੀ ਨੁਕਤਿਆਂ ਪਿਛਲਾ ਸੱਚ ਜਾਨਣਾ ਬਹੁਤ ਜ਼ਰੂਰੀ ਹੈ। ਇਸ ਸਮੇਂ ਸਾਡੇ ਬੁੱਧੀਜੀਵੀ ਤਬਕੇ ਦਾ ਫਰਜ਼ ਹੈ ਕਿ ਉਹ ਇਸ ਦੀ ਪੜਤਾਲ ਕਰੇ ਅਤੇ ਬਾਬੇ ਨਾਨਕ ਵਰਗੇ ਧਾਰਮਿਕ ਅਤੇ ਸਮਾਜਿਕ ਚਿੰਤਕਾਂ ਦੀ ਇਤਿਹਾਸਕ ਭੂਮਿਕਾ ਅਤੇ ਫਲਸਫੇ ਨੂੰ ਲੋਕ ਮਨਾਂ ਤੱਕ ਪਹੁੰਚਾਉਣ ਦਾ ਯਤਨ ਕਰੇ।

**-ਜਸਪ੍ਰੀਤ ਕੌਰ**

## ਕਰਤਾਰਪੁਰ ਲਾਂਘੇ ਬਾਰੇ ਕੀਤੀ ਜਾ ਰਹੀ ਬਿਆਨਬਾਜ਼ੀ ਅਫ਼ੋਸਸਨਾਕ

ਕਰਤਾਰਪੁਰ ਲਾਂਘੇ ਦੀਆਂ ਰਸਮਾਂ ਲਈ ਦੇਸ਼ ਵਿਦੇਸ਼ ਵਿਚ ਵਸਦੇ ਸਿੱਖ ਭਾਈਚਾਰੇ ਦੇ ਮਨ ਵਿਚ ਹਸਰਤ ਸੀ ਕਿ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਅਤੇ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਚ ਵੱਖ ਵੱਖ ਸਿਆਸੀ ਪਾਰਟੀਆਂ ਤੇ ਧਾਰਮਿਕ ਸੰਗਠਨਾਂ ਵੱਲੋਂ ਸਰਬ ਸਾਂਝਾ ਪੰਡਾਲ ਬਣਾ ਕੇ ਸ੍ਰੀ ਗੁਰੂ ਨਾਨਕ ਦੇਵ ਦੇ ਸਿਧਾਂਤ ਅਨੁਸਾਰ ਸੰਸਾਰ ਨੂੰ ਏਕਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਜਾਵੇ। ਆਪਣਾ ਫ਼ਰਜ਼ ਸਮਝ ਕੇ ਪੰਜਾਬ ਸਰਕਾਰ ਨੇ ਸਮੇਂ ਦੀ ਘਾਟ ਮਹਿਸੂਸ ਕਰਕੇ ਦੇਰ ਪਹਿਲਾਂ ਪੰਡਾਲ ਸਜਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ 'ਤੇ ਕਰੋੜਾਂ ਰੁਪੱਈਆ ਵੀ ਖਰਚ ਕਰ ਦਿੱਤਾ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਨੇ ਇੱਕੋ ਪੰਡਾਲ ਵਿਚ ਸਜੇ ਸਾਂਝੇ ਮੰਚ ਉੱਤੇ ਮੁੱਖ ਮੰਤਰੀ ਦੇ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਬਰਾਬਰ ਨਿਵਾਜਣ ਦੀ ਮੰਗ ਦੀ ਮਜਬੂਰੀ ਸਾਫ ਨਜ਼ਰ ਆਉਂਦੀ ਸੀ। ਜੇ ਅਜਿਹਾ ਨਹੀਂ ਸੀ ਤਾਂ ਫਿਰ ਪੰਜਾਬ ਦਾ ਕੋਈ ਵੀ ਹੋਰ ਸਾਬਕਾ ਮੁੱਖ ਮੰਤਰੀ ਵੀ ਸਟੇਜ ਤੇ ਬਹਿਣ ਦਾ ਹੱਕਦਾਰ ਹੋ ਸਕਦਾ ਸੀ! ਇਸੇ ਦੌਰਾਨ ਪੰਜਾਬ ਸਰਕਾਰ ਨੇ ਪੰਡਾਲ ਬਾਰੇ ਅਧਿਕਾਰ ਦੇਣ ਦਾ ਫੈਸਲਾ ਭਾਵੇਂ ਅਕਾਲ ਤਖਤ 'ਤੇ ਛੱਡ ਦਿੱਤਾ ਸੀ ਪਰ ਅਕਾਲ ਤਖਤ ਦਾ ਫੈਸਲਾ ਉਦੋਂ ਤੱਕ ਆਇਆ ਜਦੋਂ ਪੰਡਾਲ ਤਿਆਰ ਕਰਨ ਤੇ ਪੰਡਾਲ ਲਈ ਭਾਰੀ ਖਰਚੇ ਕਰਨ ਦੇ ਕੰਮਾਂ ਵਿਚ ਪੰਜਾਬ ਸਰਕਾਰ ਬਹੁਤ ਅੱਗੇ ਵਧ ਚੁੱਕੀ ਸੀ। ਇਸੇ ਕਰਕੇ ਮੁੱਖ ਮੰਤਰੀ ਨੇ ਅਕਾਲ ਤਖਤ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਵਿਚਾਲੇ ਵਾਲਾ ਰਾਹ ਕੱਢਣ ਦਾ ਸੁਝਾਅ ਦਿੰਦਿਆਂ ਪੇਸ਼ਕਸ਼ ਕੀਤੀ ਕਿ 9 ਅਤੇ 12 ਨਵੰਬਰ ਦੇ ਪ੍ਰੋਗਰਾਮਾਂ ਵਿਚ ਪੰਜਾਬ ਸਰਕਾਰ ਸ਼ਾਮਿਲ ਹੋਵੇਗੀ ਪਰ ਦੋਵਾਂ ਵਿਚੋਂ ਇੱਕ ਸਮਾਗਮ ਸ਼੍ਰੋਮਣੀ ਕਮੇਟੀ ਦੇ ਪੰਡਾਲ ਵਿਚ ਅਤੇ ਇੱਕ ਪੰਜਾਬ ਸਰਕਾਰ ਦੇ ਪੰਡਾਲ ਵਿਚ ਰੱਖ ਲਿਆ ਜਾਵੇ।

ਸ਼੍ਰੋਮਣੀ ਕਮੇਟੀ ਨੂੰ ਇਹ ਸਲਾਹ ਠੀਕ ਨਾ ਲੱਗੀ। ਉਹ ਬਾਦਲਾਂ ਵੱਲੋਂ ਵਾਹੀ ਲਛਮਣ ਰੇਖਾ ਉੱਤੇ ਪੈਰ ਰੱਖ ਕੇ ਕਿਸੇ ਪਾਸੇ ਜਾਣ ਦੇ ਸਮਰੱਥ ਨਹੀਂ ਸੀ। ਅਕਾਲ ਤਖਤ ਵਿਚ ਵੀ ਭਾਵੇਂ ਬਾਦਲਾਂ ਦਾ ਮਜ਼ਬੂਤ ਪ੍ਰਭਾਵ ਹੈ ਪਰ ਅਕਾਲ ਤਖਤ ਦੇ ਜਥੇਦਾਰ ਦੇ ਸ਼ਾਬਾਸ਼ੇ, ਜਿਨ੍ਹਾਂ ਪੰਜਾਬ ਸਰਕਾਰ, ਵੱਖ ਵੱਖ ਸਿਆਸੀ ਪਾਰਟੀਆਂ ਤੇ ਧਾਰਮਿਕ ਸੰਗਠਨਾਂ ਨੂੰ ਆਪੋ ਆਪਣਾ ਮੰਚ ਸਥਾਪਿਤ ਕਰਨ ਤੇ ਕੋਈ ਬੰਧਨ ਨਹੀਂ ਲਾਇਆ।

ਪੰਡਾਲ ਸਥਾਪਿਤ ਕਰਨ ਦੇ ਪ੍ਰਸੰਗ ਵਿਚ ਹੀ ਅਕਾਲੀ ਭਾਜਪਾ ਗਠਜੋੜ ਵੱਲੋਂ ਪੰਜਾਬ ਸਰਕਾਰ ਨੂੰ ਸਭ ਤੋਂ ਵੱਧ ਖ਼ਰਾਬ ਡੇਰਾ ਬਾਬਾ ਨਾਨਕ ਵਿਚ ਪੰਡਾਲ ਦੇ ਸਬੰਧ ਵਿਚ ਕੀਤਾ ਗਿਆ। ਕੇਂਦਰ ਸਰਕਾਰ ਦੀਆਂ ਵੱਖ ਵੱਖ ਏਜੰਸੀਆ ਡੇਰਾ ਬਾਬਾ ਨਾਨਕ ਵਿਚ ਉੱਪ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੀ ਆਮਦ ਲਈ ਪੰਡਾਲ ਮੁਕੰਮਲ ਕਰਨ ਲਈ ਹਫਤਾ ਪਹਿਲਾਂ ਤੱਕ ਪੰਜਾਬ ਸਰਕਾਰ ਨੂੰ ਸਲਾਹ ਮਸ਼ਵਰਾ ਵੀ ਦਿੰਦੀਆਂ ਰਹੀਆਂ, ਪੰਡਾਲ ਅਤੇ ਕੰਮ ਦਾ ਮੌਕਾ ਦੇਖਣ ਵੀ ਆਉਂਦੀਆਂ ਰਹੀਆਂ ਪਰ ਨੇੜੇ ਜਾ ਕੇ ਕੇਂਦਰ ਸਰਕਾਰ ਦੀ ਅਗਵਾਈ ਹੇਠ ਆਪਣਾ ਪੰਡਾਲ ਸਥਾਪਿਤ ਕਰਨ ਦਾ ਐਲਾਨ ਕਰ ਦਿੱਤਾ।

ਪੰਜਾਬ ਸਰਕਾਰ ਵੱਲੋਂ ਪੰਡਾਲ ਲਈ ਕੀਤੇ ਖਰਚੇ ਅਤੇ ਖੇਚਲ ਨੂੰ ਨਜ਼ਰ ਅੰਦਾਜ਼ ਕਰਕੇ ਇਹ ਫੈਸਲਾ ਵੀ ਸੁਣਾ ਦਿੱਤਾ ਗਿਆ ਕਿ ਇਸ ਪੰਡਾਲ ਵਿਚ ਮੁੱਖ ਮਹਿਮਾਨ ਸਮੇਤ ਸੰਗਤ ਦਰੀਆਂ ਉੱਪਰ ਬੈਠੇਗੀ। ਜਾਪਦਾ ਹੈ, ਸ਼੍ਰੋਮਣੀ ਅਕਾਲੀ ਦਲ ਵਲੋਂ ਹੁਣ ਕੇਂਦਰ ਨੂੰ ਸਿਆਸੀ ਪ੍ਰਛਾਵੇਂ ਤੋਂ ਬਚਾਉਣ ਲਈ ਨਵੀਂ ਕਾਢ ਕੱਢਦਿਆਂ ਕੇਂਦਰੀ ਏਜੰਸੀਆਂ ਦਾ ਪੰਡਾਲ ਵੀ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰਵਾ ਕੇ ਕੰਮ ਸਿਰੇ ਚਾੜ੍ਹ ਲਿਆ ਗਿਆ ਹੈ।

ਅਜਿਹੇ ਹਾਲਾਤ ਵਿਚ ਪੰਜਾਬ ਸਰਕਾਰ ਸ਼ਾਇਦ ਸੋਚ ਰਹੀ ਹੈ ਕਿ ਉਹ ਆਪਣੇ ਪੰਡਾਲਾਂ ਵਿਚ ਧਾਰਮਿਕ ਸਮਾਗਮ, ਸੈਮੀਨਾਰ ਅਤੇ ਹੋਰ ਰਸਮਾਂ ਕਰੇਗੀ। ਹੋਰ ਬਹੁਤ ਸਾਰੇ ਲੋਕਾਂ ਸਮੇਤ ਅਸੀਂ ਆਸ ਰੱਖਦੇ ਹਾਂ ਕਿ ਮੁੱਖ ਮੰਤਰੀ, ਉਨ੍ਹਾਂ ਦੀ ਟੀਮ ਅਤੇ ਬਾਕੀ ਸੰਗਠਨਾਂ ਦੇ ਨੇਤਾਵਾਂ ਨੂੰ ਅਕਾਲ ਤਖਤ ਦੇ ਆਦੇਸ਼ ਅਨੁਸਾਰ 12 ਨਵੰਬਰ ਨੂੰ ਸ਼੍ਰੋਮਣੀ ਕਮੇਟੀ ਦੇ ਪੰਡਾਲ ਵਿਚ ਜ਼ਰੂਰ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਜਾਂ ਕਿਸੇ ਹੋਰ ਲਈ ਭਾਵੇਂ ਸਟੇਜ ਤੇ ਕੁਰਸੀ ਰੱਖੀ ਹੋਵੇ ਪਰ ਉਹ ਹੇਠਾਂ ਸਰੋਤਿਆਂ ਵਿਚ ਬੈਠ ਕੇ ਸ਼ਰਧਾ, ਨਿਮਰਤਾ ਅਤੇ ਗਿਲੇ ਦਾ ਪ੍ਰਗਟਾਵਾ ਕਰਨ।

ਪੰਡਾਲਾਂ ਦੀ ਕਸ਼ਮਕਸ਼ ਤੋਂ ਹੁਣ ਦੇਖੀਏ ਕਿ ਸਾਡੇ ਨੇਤਾ ਸਿਆਸੀ ਲਾਹਾ ਲੈਣ ਲਈ ਜਿੱਥੇ ਬਿਨਾ ਸੋਚੇ ਸਮਝੇ ਹੋਛੇ ਬਿਆਨ ਦੇ ਰਹੇ ਹਨ, ਉੱਥੇ ਕਰਤਾਰਪੁਰ ਲਾਂਘੇ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਆਪੋ ਆਪਣੀਆਂ ਪਿੱਠਾਂ ਥਾਪੜ ਰਹੇ ਹਨ। ਮੁੱਖ ਮੰਤਰੀ ਦਾ ਇਹ ਬਿਆਨ ਸੁਣ ਕੇ ਹੈਰਾਨੀ ਹੋਈ ਕਿ 'ਹੋ ਸਕਦਾ ਹੈ, ਕਰਤਾਰਪੁਰ ਦਾ ਲਾਂਘਾ ਖੋਲ੍ਹਣ ਪਿੱਛੇ ਪਾਕਿ ਏਜੰਸੀ ਆਈਐੱਸਆਈ ਦੀ ਕੋਈ ਸਾਜ਼ਿਸ਼ ਹੋਵੇ'। ਅਜਿਹਾ ਬਿਆਨ ਸੁਣ ਕੇ ਲਾਂਘੇ ਦੇ ਮਹਾਨ ਪ੍ਰਾਜੈਕਟ ਨੂੰ ਸੀਮਤ ਸਮੇਂ ਵਿਚ ਸੁਹਿਰਦਤਾ ਨਾਲ ਪ੍ਰਵਾਨ ਚੜ੍ਹਾਉਣ ਵਾਲੀ ਪਾਕਿਸਤਾਨ ਦੀ ਚੁਣੀ ਹੋਈ ਸਰਕਾਰ ਦੇ ਮਨ ਨੂੰ ਕਿੰਨੀ ਸੱਟ ਵੱਜੀ ਹੋਵੇਗੀ? ਭਾਰਤ ਵਿਚੋਂ ਇੱਕ ਹੋਰ ਧਿਰ ਨੇ ਨਵਾਂ ਪ੍ਰਗਟਾਵਾ ਕੀਤਾ ਕਿ 'ਪਾਕਿਸਤਾਨ ਸਿੱਖਾਂ ਦਾ ਵਿਸ਼ਵਾਸ ਜਿੱਤ ਕੇ ਉਨ੍ਹਾਂ ਨੂੰ ਨਾਲ ਜੋੜਨਾ ਚਾਹੁੰਦਾ ਹੈ'। ਜੇ ਭਾਰਤੀ ਸਿਆਸਤਦਾਨ ਵੋਟਾਂ ਖਾਤਰ ਹੋਛੇ ਢੰਗ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਖਰੀਦਣ ਤੋਂ ਕਦੇ ਨਹੀਂ ਖੁੰਝਦੇ ਤਾਂ ਪਾਕਿਸਤਾਨ ਨੂੰ ਸਿੱਖਾਂ ਦਾ ਵਿਸ਼ਵਾਸ ਜਿੱਤਣ ਦਾ ਹੱਕ ਕਿਉਂ ਨਹੀਂ?

**-ਮਹਿੰਦਰ ਸਿੰਘ ਦੋਸਾਂਝ**

# ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਿਆ

### ਟਰਮੀਨਲ ਇਮਾਰਤ ਵਿਚ ਪੰਜਾਬੀ ਨੂੰ ਥਾਂ ਨਾ ਦੇਣ 'ਤੇ ਇਤਰਾਜ਼

ਡੇਰਾ ਬਾਬਾ ਨਾਨਕ ਵਿੱਚ ਬਣੀ ਇਸ ਟਰਮੀਨਲ ਇਮਾਰਤ ਦਾ ਉਦਘਾਟਨ ਬੀਤੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਸੀ। ਸ੍ਰੀ ਬਾਜਵਾ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਸਬੰਧਿਤ ਮਹਿਕਮੇ ਨੂੰ ਚਾਹੀਦਾ ਹੈ ਕਿ ਉਹ ਇਸ ਗਲਤੀ ਨੂੰ ਤੁਰੰਤ ਸੁਧਾਰੇ ਤਾਂ ਕਿ ਇਸ ਟਰਮੀਨਲ ਇਮਾਰਤ ਦੇ ਨੀਂਹ ਪੱਥਰ 'ਤੇ ਬਾਬਾ ਨਾਨਕ ਦੀ ਬੋਲੀ ਨੂੰ ਥਾਂ ਮਿਲ ਸਕੇ। ਉਨ੍ਹਾਂ ਕਿਹਾ ਕਿ ਛੇਤੀ ਪੰਜਾਬ ਵਿਚ ਨਵਾਂ ਕਾਨੂੰਨ ਲਿਆਂਦਾ ਜਾ ਰਿਹਾ ਹੈ, ਜਿਸ ਦੇ ਲਾਗੂ ਹੋਣ ਨਾਲ ਸੂਬੇ ਦੇ ਸਾਰੇ ਸਰਕਾਰੀ ਤੇ ਗੈਰ-ਸਰਕਾਰੀ ਅਦਾਰਿਆਂ, ਦੁਕਾਨਾਂ ਅਤੇ ਸ਼ੋਅ ਰੂਮਾਂ ਦੇ ਸਾਈਨ ਬੋਰਡਾਂ ਅਤੇ ਸੜਕਾਂ ਦੇ ਮੀਲ ਪੱਥਰਾਂ 'ਤੇ ਦਿਸ਼ਾ ਸੂਚਕ ਬੋਰਡਾਂ 'ਤੇ ਸਭ ਤੋਂ ਉਪਰ ਸਾਰੀ ਜਾਣਕਾਰੀ ਗੁਰਮੁਖੀ ਲਿਪੀ ਲਿਖੀ ਜਾਣੀ ਲਾਜ਼ਮੀ ਹੋ ਜਾਵੇਗੀ।

### ਮੋਦੀ ਨੇ ਪਲੇਠੇ ਜਥੇ ਨੂੰ ਰਵਾਨਾ ਕੀਤਾ

ਡੇਰਾ ਬਾਬਾ ਨਾਨਕ ਵਿਖੇ ਚੈੱਕ ਪੋਸਟ ਤੇ ਲਾਂਘੇ ਦਾ ਉਦਘਾਟਨ ਕਰਨ ਮਗਰੋਂ ਪ੍ਰਧਾਨ ਮੰਤਰੀ ਨੇ ਨਿਸ਼ਾਨ ਸਾਹਿਬ ਫਹਿਰਾ ਕੇ 562 ਸਿੱਖ ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਬਿਨਾਂ ਵੀਜ਼ਾ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਰਵਾਨਾ ਕੀਤਾ। ਸਿੱਖ ਸ਼ਰਧਾਲੂਆਂ ਦੇ ਇਸ ਉੱਚ ਪੱਧਰੀ ਵਫ਼ਦ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਉਨ੍ਹਾਂ ਦੀ ਪਤਨੀ ਗੁਰਸ਼ਰਨ ਕੌਰ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਹਰਸਿਮਰਤ ਕੌਰ ਬਾਦਲ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ, ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਭਾਜਪਾ ਦੇ ਸੰਸਦ ਮੈਂਬਰ ਸਨੀ ਦਿਓਲ ਅਤੇ ਸੋਮ ਪ੍ਰਕਾਸ਼, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਬਾਬਾ ਸਰਬਜੋਤ ਸਿੰਘ ਬੇਦੀ ਸਮੇਤ ਵੱਡੀ ਗਿਣਤੀ ਵਿਚ ਹੋਰ ਪਤਵੰਤੇ ਸ਼ਾਮਲ ਸਨ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਦੀਦਾਰ ਕਰਨ ਮਗਰੋਂ ਦੋਵਾਂ ਸਰਕਾਰਾਂ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

### ਸੰਯੁਕਤ ਰਾਸ਼ਟਰ ਅਤੇ ਅਮਰੀਕਾ ਵੱਲੋਂ ਸਵਾਗਤ

ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹੇ ਜਾਣ ਦਾ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਅਤੇ ਅਮਰੀਕਾ ਦੇ ਵਿਦੇਸ਼ ਮੰਤਰਾਲੇ ਨੇ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਲਾਂਘੇ ਰਾਹੀਂ ਦੋਵੇਂ ਮੁਲਕਾਂ ਵਿਚਕਾਰ ਆਪਸੀ ਸਮਝ ਵਧੇਗੀ ਅਤੇ ਧਰਮਾਂ ਵਿਚਕਾਰ ਸਦਭਾਵਨਾ ਦਾ ਮਾਹੌਲ ਬਣੇਗਾ।

### ਕੈਪਟਨ ਤੋਂ ਨਿਰਾਸ਼ ਸਿੱਖ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਭਾਸ਼ਣ ਨਾਲ ਤਾਂ ਸਿੱਖ ਪੰਥ ਅਤੇ ਪੰਜਾਬੀ ਪੂਰੀ ਤਰ੍ਹਾਂ ਨਿਰਾਸ਼ ਹੋਏ ਹਨ। ਉਨ੍ਹਾਂ ਗੁਰੂ ਨਾਨਕ ਸਾਹਿਬ ਦੀ ਗੱਲ ਕਰਨ ਦੀ ਬਜਾਇ ਪਾਕਿਸਤਾਨ ਦੀ ਗ਼ਰੀਬੀ, ਅੰਦਰੂਨੀ ਟਕਰਾਅ ਅਤੇ ਉਸ ਖ਼ਿਲਾਫ਼ ਤਾਕਤਵਰ ਹੋਣ ਦੀ ਪੁਰਾਣੀ ਮੁਹਾਰਨੀ ਹੀ ਪੜ੍ਹੀ ਤੇ ਕਿਹਾ ਕਿ ਪਾਕਿਸਤਾਨ ਨੂੰ ਸਬਕ ਸਿਖਾਵਾਂਗੇ। ਇਸ ਕਾਰਨ ਪੂਰੇ ਸਿੱਖ ਜਗਤ ਵਿਚ ਕੈਪਟਨ ਪ੍ਰਤੀ ਨਿਰਾਸ਼ਾ ਪਾਈ ਜਾ ਰਹੀ ਹੈ। ਸ਼ੋਸ਼ਲ ਮੀਡੀਆ ਵਿਚ ਕੈਪਟਨ ਨੂੰ ਸੋਇਲ ਆਫ ਸੰਨ ਦੀ ਬਜਾਏ ਸੰਘ ਪਰਿਵਾਰ ਦਾ ਪੁੱਤਰ ਦੱਸਿਆ ਜਾ ਰਿਹਾ ਹੈ।

ਸਭ ਤੋਂ ਪਹਿਲੀ ਗੱਲ ਇਹ ਕਿ ਕਰਤਾਰਪੁਰ ਲਾਂਘਾ ਗੁਰੂ ਬਾਬੇ ਨਾਨਕ ਦੀ ਆਪਣੀ ਕਿਰਪਾ ਸਦਕਾ ਹੀ ਖੁੱਲ੍ਹ ਰਿਹਾ ਹੈ। ਨਹੀਂ ਤਾਂ ਇਸ ਵੇਲੇ ਜਿਸ ਤਰ੍ਹਾਂ ਦੇ ਹਾਲਾਤ ਭਾਰਤ-ਪਾਕਿਸਤਾਨ ਵਿਚ ਚੱਲ ਰਹੇ ਹਨ, ਉਨ੍ਹਾਂ ਵਿਚ ਵੀ ਇਸ ਲਾਂਘੇ ਦਾ ਬਣ ਜਾਣਾ ਇਕ ਮੁਅੱਜ਼ਜ਼ਾ ਹੀ ਹੈ। ਇਸ ਪਿੱਛੇ ਲੰਮੇ ਸਮੇਂ ਤੋਂ ਸਿੱਖਾਂ ਦੀ ਅਰਦਾਸ ਖ਼ਾਸ ਕਰ ਜਥੇ: ਕੁਲਦੀਪ ਸਿੰਘ ਵਡਾਲਾ ਵਲੋਂ ਸ਼ੁਰੂ ਕੀਤੀ ਗਈ ਮੁਹਿੰਮ ਨੂੰ ਵੀ ਯਾਦ ਕਰਨਾ ਜ਼ਰੂਰੀ ਹੈ। ਪਰ ਜਿਥੇ ਇਸ ਲਾਂਘੇ ਦਾ ਸਿਹਰਾ ਅਸੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਉਨ੍ਹਾਂ ਦੇ ਦੋਸਤ ਨਵਜੋਤ ਸਿੰਘ ਸਿੱਧੂ ਦੇ ਸਿਰ ਬੰਨ੍ਹ ਰਹੇ ਹਾਂ, ਉਥੇ ਇਸ ਲਾਂਘੇ ਦੇ ਹਕੀਕਤ ਬਣਨ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵੀ ਧੰਨਵਾਦੀ ਹੋਣਾ ਜ਼ਰੂਰੀ ਹੈ। ਕਿਉਂਕਿ ਇਹ ਲਾਂਘਾ ਦੋ ਦੇਸ਼ਾਂ ਦੀਆਂ ਸਰਕਾਰਾਂ ਦੇ ਸਹਿਮਤੀ ਪੱਤਰ 'ਤੇ ਦਸਤਖ਼ਤਾਂ ਤੋਂ ਬਿਨਾਂ ਨਹੀਂ ਬਣ ਸਕਦਾ ਸੀ। ਨਹੀਂ ਤਾਂ ਜਿਸ ਤਰ੍ਹਾਂ ਦੇ ਹਾਲਾਤ ਪੁਲਵਾਮਾ ਦੀ ਦੁਰਘਟਨਾ ਤੋਂ ਬਾਅਦ ਭਾਰਤ ਪਾਕਿਸਤਾਨ ਵਿਚ ਬਣ ਗਏ ਹਨ ਤੇ ਦੋਵਾਂ ਦੇਸ਼ਾਂ ਦੇ ਜਿਸ ਤਰ੍ਹਾਂ ਆਪਸੀ ਸਬੰਧ ਟੁੱਟ ਚੁੱਕੇ ਹਨ ਤੇ ਹਰ ਪੱਧਰ 'ਤੇ ਆਪਸੀ ਗੱਲਬਾਤ ਤੱਕ ਬੰਦ ਹੈ। ਉਨ੍ਹਾਂ ਹਾਲਤਾਂ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਲੋਂ ਲਾਂਘੇ ਲਈ ਅਪਣਾਈ ਦੋਸਤੀ ਭਰੀ ਪਹੁੰਚ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੁੰਗਾਰੇ ਤੋਂ ਬਿਨਾਂ ਅਸਲੀਅਤ ਵਿਚ ਨਹੀਂ ਬਦਲ ਸਕਦੀ ਸੀ। ਫਿਰ ਉਹ ਵੀ ਉਸ ਵੇਲੇ ਜਦੋਂ ਭਾਰਤ ਦਾ ਸਾਰਾ ਬਿਜਲਈ ਮੀਡੀਆ ਤੇ ਕਿਸੇ ਹੱਦ ਤੱਕ ਕੌਮੀ ਪ੍ਰਿੰਟ ਮੀਡੀਆ ਖ਼ਾਸ ਕਰ ਹਿੰਦੀ ਮੀਡੀਆ ਤੇ ਭਾਜਪਾ ਦੇ ਕਈ ਨੇਤਾ ਵੀ ਚੀਕ-ਚੀਕ ਕੇ ਇਹ ਲਾਂਘਾ ਬੰਦ ਕਰਵਾਉਣ ਲਈ ਇਸ ਲਾਂਘੇ ਬਾਰੇ ਖਾੜਕੂ ਸੰਗਠਨਾਂ, ਅੱਤਵਾਦੀ ਕੈਂਪਾਂ, ਆਈ.ਐਸ.ਆਈ., ਪਾਕਿਸਤਾਨੀ ਫ਼ੌਜ ਦੇ ਛੁਪੇ ਮਨਸੂਬਿਆਂ ਦਾ ਖਾਕਾ ਇੰਜ ਖਿੱਚ ਰਹੇ ਹਨ, ਜਿਵੇਂ ਕਿ ਪਾਕਿਸਤਾਨ ਨਾਲ ਹੋਰ ਸਾਰੀ 3323 ਕਿਲੋਮੀਟਰ ਲੰਮੀ ਸਰਹੱਦ ਤਾਂ ਸੀਲ ਹੈ ਸਿਰਫ ਇਹ ਲਾਂਘਾ ਹੀ ਭਾਰਤੀ ਫ਼ੌਜ ਨਹੀਂ ਸੰਭਾਲ ਸਕੇਗੀ। ਪਰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਇਸ ਲਾਂਘੇ ਦੇ ਖਿਲਾਫ਼ ਇਕ ਲਫ਼ਜ਼ ਨਾ ਬੋਲਣਾ ਤੇ ਸਗੋਂ ਇਸ ਨੂੰ ਸਿਰੇ ਚੜ੍ਹਾਉਣਾ ਇਕ ਸ਼ਲਾਘਾਯੋਗ ਕਦਮ ਹੈ।

### ਕੈਪਟਨ 'ਤੇ ਅਫ਼ਸੋਸ

ਸਿੱਖ ਪੰਥ ਨੇ ਕੈਪਟਨ ਨੂੰ ਹਮੇਸ਼ਾਂ ਹੀ ਸਿੱਖ ਪ੍ਰਸਤ ਮੰਨਿਆ ਤੇ ਵੇਖਿਆ ਹੈ। ਉਨ੍ਹਾਂ ਵਲੋਂ ਘੱਲੂਘਾਰਾ ਜੂਨ 84 ਵੇਲੇ ਦਿੱਤਾ ਅਸਤੀਫ਼ਾ, ਆਪ੍ਰੇਸ਼ਨ ਬਲੈਕ ਥੰਡਰ ਵੇਲੇ ਨਿਭਾਇਆ ਰੋਲ ਤੇ ਪੰਜਾਬ ਦੇ ਹਿਤਾਂ ਲਈ ਕਈ ਵਾਰ ਲਏ ਸਟੈਂਡ ਕਾਰਨ ਉਨ੍ਹਾਂ ਦੇ ਕਾਂਗਰਸੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਇਕ 'ਮੁਕਾਬਲਤਨ' ਚੰਗਾ ਸਿੱਖ ਆਗੂ ਵੀ ਮੰਨਿਆ ਜਾਂਦਾ ਰਿਹਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਵੇਲੇ ਕੈਪਟਨ ਸਾਹਿਬ ਦੇ ਬਿਆਨ ਸ਼ਿਵ ਸੈਨਾ ਵਰਗੇ ਆ ਰਹੇ ਹਨ। ਹਾਲਾਂਕਿ ਭਾਰਤ ਵਿਚ ਕਈ ਵੱਡੀਆਂ ਏਜੰਸੀਆਂ ਹਨ, ਜੋ ਇਸ 'ਤੇ ਨਜ਼ਰ ਰੱਖ ਰਹੀਆਂ ਹਨ, ਪਰ ਕੈਪਟਨ ਅਮਰਿੰਦਰ ਸਿੰਘ ਨੇ ਲਾਂਘੇ ਬੰਦ ਕਰਵਾਉਣ ਬਾਰੇ ਇਹੋ ਜਿਹੇ ਬਿਆਨ ਕਿਉਂ ਛੱਡਣੇ ਸ਼ੁਰੂ ਕਰ ਦਿੱਤੇ ਹਨ? ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਜਿਹੇ ਬਿਆਨ ਦੇ ਕੇ ਪੰਜਾਬ ਵਿਚ ਕਾਂਗਰਸ ਦੀ ਸਿਆਸੀ ਖ਼ੁਦਕੁਸ਼ੀ ਕਰਵਾ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਅਜਿਹੇ ਮੌਕੇ ਅਮਰਿੰਦਰ ਸਿੰਘ ਪੰਜਾਬੀਆਂ ਦੀ ਨਬਜ਼ ਨਹੀਂ ਟੋਹ ਸਕੇ ਤੇ ਉਹ ਅੜਿੱਕਾ ਸਿੰਘ ਬਣ ਰਹੇ ਹਨ।

### ਅਯੁੱਧਿਆ ਦਾ ਫੈਸਲਾ ਹਾਟ ਨਿਊਜ਼ ਅੱਗੇ ਰੁਕਾਵਟ

ਲਾਂਘਾ ਖੋਲ੍ਹਣ ਵਾਲੇ ਦਿਨ ਹੀ ਅਯੁੱਧਿਆ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਆ ਜਾਣ ਕਰਕੇ ਇਸ ਦੇ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਵਿਚ ਹੋਣ ਵਾਲੀ ਕਵਰੇਜ ਉੱਤੇ ਅਸਰ ਪਿਆ ਹੈ। ਪਾਕਿਸਤਾਨੀ ਮੀਡੀਆ ਤਾਂ ਇਸ ਪੂਰੇ ਮਾਮਲੇ ਨੂੰ ਆਪਣੇ ਤਰੀਕੇ ਨਾਲ ਦੇਖ ਰਿਹਾ ਹੈ ਅਤੇ ਟੀਵੀ ਪੈਨਲਿਸਟਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਵੱਲੋਂ ਅਮਨ ਅਤੇ ਸ਼ਾਂਤੀ ਦੇ ਪੱਖ ਵਿਚ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਕੀਤੇ ਉੱਦਮ ਦੀ ਛਾਪ ਫਿੱਕੀ ਕਰਨ ਲਈ ਉਸੇ ਦਿਨ ਜੱਜਮੈਂਟ ਦੀ ਵਿਉਂਤਬੰਦੀ ਕੀਤੀ ਗਈ ਹੈ। ਭਾਰਤ ਵਾਲੇ ਪਾਸੇ ਦੇ ਪੰਜਾਬੀ ਆਗੂ ਖੁੱਲ੍ਹ ਕੇ ਨਹੀਂ ਬੋਲ ਰਹੇ ਪਰ ਪਰ ਸ਼ੋਸ਼ਲ ਮੀਡੀਆ ਵਿਚ ਇਹ ਗੱਲ ਤਿੱਖੇ ਰੂਪ ਵਿਚ ਕੀਤੀ ਜਾ ਰਹੀ ਹੈ। ਸ. ਗੁਰਤੇਜ ਸਿੰਘ ਆਈਏਐਸ ਦਾ ਕਹਿਣਾ ਹੈ ਕਿ ਜਿਸ ਕਿਸਮ ਦਾ ਹਾਂ ਪੱਖੀ ਸੁਨੇਹਾ ਜਿੰਨੇ ਜ਼ੋਰ ਨਾਲ ਜਾਣਾ ਚਾਹੀਦਾ ਸੀ, ਉਸ ਉੱਤੇ ਅਯੁੱਧਿਆ ਮੁੱਦੇ ਉੱਤੇ ਜੱਜਮੈਂਟ ਕਰਨ ਕਰਕੇ ਫੋਕਸ ਨਹੀਂ ਹੋ ਸਕਿਆ।

### ਸਿੱਧੂ ਬਣੇ ਰਹੇ ਖਿੱਚ ਦਾ ਕੇਂਦਰ

ਕਰਤਾਰਪੁਰ ਲਾਂਘੇ ਨੂੰ ਲੈ ਕੇ ਚਾਹੇ ਸਿਆਸਤ ਸਿਖਰਾਂ 'ਤੇ ਰਹੀ ਪਰ ਨੌਂ ਨਵੰਬਰ ਨੂੰ ਉਦਘਾਟਨੀ ਸਮਾਗਮ ਦੌਰਾਨ ਭਾਰਤ ਤੇ ਪਾਕਿਸਤਾਨ ਦੇ ਹੀਰੋ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਹੀ ਰਹੇ। ਦਿਲਚਸਪ ਹੈ ਕਿ ਇਨ੍ਹਾਂ ਭਾਰਤ ਤੇ ਪਾਕਿਸਤਾਨ ਵਾਲੇ ਪਾਸੇ ਹੋਏ ਸਮਾਗਮਾਂ ਵਿਚ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਤੋਂ ਇਲਾਵਾ ਸਾਰੇ ਵੱਡੇ ਸਿਆਸਤਦਾਨ ਪਹੁੰਚੇ ਸੀ ਪਰ ਮੀਡੀਆ ਦੀ ਨਜ਼ਰ ਸਿੱਧੂ ਉੱਪਰ ਹੀ ਰਹੀ। ਸਿਰਫ ਮੀਡੀਆ ਹੀ ਨਹੀਂ ਦੋਵੇਂ ਮੁਲਕਾਂ ਦੇ ਲੋਕਾਂ ਨੇ ਵੀ ਸਿੱਧੂ ਨੂੰ ਹੀਰੋ ਵਾਂਗ ਲਿਆ।

ਕਰਤਾਰਪੁਰ ਵਿਖੇ ਤਾਂ ਸਿੱਧੂ ਨਾਲ ਸੈਲਫੀਆਂ ਲੈਣ ਵਾਲਿਆਂ ਦਾ ਹੜ੍ਹ ਆ ਗਿਆ। ਇਸ ਤਰ੍ਹਾਂ ਕਾਫੀ ਸਮੇਂ ਤੋਂ ਸਿਆਸਤੀ ਮੈਦਾਨ ਤੋਂ ਆਊਟ ਸਿੱਧੂ ਨੇ ਨੌਂ ਨਵੰਬਰ ਨੂੰ ਮੁੜ ਧਮਾਕੇਦਾਰ ਐਂਟਰੀ ਕੀਤੀ। ਕਰਤਾਰਪੁਰ ਲਾਂਘੇ ਦੇ ਉਦਘਾਟਨੀ ਸਮਾਗਮ ਵਿੱਚ ਉਨ੍ਹਾਂ ਜਿਉਂ ਹੀ ਆਪਣਾ ਭਾਸ਼ਣ ਸ਼ੁਰੂ ਕੀਤਾ ਸ਼ਰਧਾਲੂਆਂ ਨੇ 'ਬੋਲੇ ਸੋ ਨਿਹਾਲ' ਤੇ ਨਵਜੋਤ ਸਿੰਘ ਸਿੱਧੂ ਜ਼ਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਆਪਣੇ 16 ਮਿੰਟ ਦੇ ਲੱਛੇਦਾਰ ਭਾਸ਼ਣ ਵਿੱਚ ਇਮਰਾਨ ਲਈ 10-12 ਸ਼ੇਅਰ ਸੁਣਾ ਕੇ ਖ਼ੂਬ ਤਾੜੀਆਂ ਬਟੋਰੀਆਂ।

ਲੋਕਾਂ ਨੇ ਸਿੱਧੂ ਨੂੰ ਅਮਨ ਦਾ ਨੁਮਾਇੰਦਾ ਦੱਸਦਿਆਂ ਜੈਕਾਰੇ ਵੀ ਛੱਡੇ। ਜ਼ਿਕਰਯੋਗ ਹੈ ਕਿ ਸਿੱਧੂ ਜਦੋਂ ਇਮਰਾਨ ਖ਼ਾਨ ਦੇ ਵਜ਼ੀਰੇ ਆਜ਼ਮ ਵਜੋਂ ਹਲਫ਼ ਲੈਣ ਵਾਲੇ ਸਮਾਗਮ ਲਈ ਪਾਕਿਸਤਾਨ ਗਏ ਸਨ ਤਾਂ ਉਨ੍ਹਾਂ ਕਰਤਾਰਪੁਰ ਲਾਂਘਾ ਖੋਲ੍ਹਣ ਦੀ ਗੱਲ ਕੀਤੀ ਸੀ। ਲੋਕਾਂ ਦਾ ਮੰਨਣਾ ਹੈ ਕਿ ਸਿੱਧੂ ਦੇ ਲਾਂਘਾ ਖੁਲ੍ਹਵਾਉਣ ਦੇ ਯਤਨਾਂ ਕਰਕੇ ਹੀ ਅੱਜ ਸੰਗਤ ਨੂੰ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਨੂੰ ਮਿਲੇ ਹਨ।

### ਆਰਐੱਸਐੱਸ ਨੇ ਵਧਾਈ ਦਿੱਤੀ

ਆਰਐੱਸਐੱਸ ਦੇ ਜਨਰਲ ਸਕੱਤਰ ਭਈਆ ਜੀ ਜੋਸ਼ੀ ਨੇ ਕਿਹਾ ਕਿ ਅੱਜ ਦੇ ਦਿਨ ਕਰਤਾਰਪੁਰ ਲਾਂਘੇ ਦਾ ਉਦਘਾਟਨ ਹੋਣ ਨਾਲ ਡੇਰਾ ਬਾਬਾ ਨਾਨਕ, ਕਰਤਾਰਪੁਰ ਨਾਲ ਜੁੜ ਜਾਣ ਨਾਲ 9 ਨਵੰਬਰ ਦਾ ਦਿਨ ਇਤਿਹਾਸ ਦੇ ਪੰਨਿਆਂ ਉੱਤੇ ਸੁਨਹਿਰੀ ਹਰਫ਼ਾਂ ਵਿੱਚ ਲਿਖਿਆ ਜਾਵੇਗਾ। ਸੰਘ ਨੇ ਲਾਂਘਾ ਖੋਲ੍ਹਣ ਲਈ ਯਤਨਸ਼ੀਲ ਰਹੇ ਲੋਕਾਂ ਨੂੰ ਵਧਾਈ ਦਿੱਤੀ।

### ਸਿੱਧੂ ਦੀ ਬਿਆਨਬਾਜ਼ੀ ਤੋਂ ਬੀਜੇਪੀ ਭੜਕੀ

ਬੀਜੇਪੀ ਦੇ ਬੁਲਾਰੇ ਸੰਬਿਤ ਪਾਤਰਾ ਨੇ ਕਿਹਾ ਕਿ ਕਰਤਾਰਪੁਰ ਕੌਰੀਡੋਰ ਤੇ ਰਾਮ ਜਨਮ ਭੂਮੀ ਨੂੰ ਲੈ ਕੇ ਕਾਂਗਰਸ ਦਾ ਜੋ ਰਵੱਈਆ ਰਿਹਾ ਹੈ, ਉਹ ਅੱਜ ਸਾਡੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਕਰਤਾਰਪੁਰ ਕੌਰੀਡੋਰ ਦੇ ਉਦਘਾਟਨ ਵਿੱਚ ਪਾਕਿਸਤਾਨ ਵੱਲੋਂ ਮੁੱਖ ਮਹਿਮਾਨ ਵਜੋਂ ਜਾਂਦੇ ਹਨ ਪਰ ਭਾਰਤ ਤੋਂ ਗਏ ਪਹਿਲੇ ਜਥੇ ਵਿੱਚ ਨਹੀਂ ਜਾਂਦੇ। ਉਹ ਸਿੱਖਾਂ ਦਾ ਨੁਮਾਇੰਦਾ ਹੋਣ ਦਾ ਦਾਅਵਾ ਕਰਦੇ ਹਨ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪ੍ਰਸ਼ੰਸਾ ਵਿੱਚ ਕਸੀਦੇ ਪੜ੍ਹਦੇ ਹਨ। ਪਾਤਰਾ ਨੇ ਕਿਹਾ ਕਿ ਸਿੱਧੂ ਕਾਂਗਰਸ ਦੇ ਕੱਦਾਵਰ ਨੇਤਾ ਹਨ ਪਰ ਉਨ੍ਹਾਂ ਨੇ ਪਾਕਿਸਤਾਨ ਵਿੱਚ ਬਿਆਨਬਾਜ਼ੀ ਕਰਕੇ ਭਾਰਤ ਦਾ ਕੱਦ ਛੋਟਾ ਕੀਤਾ ਹੈ।

### ਕਰਤਾਰਪੁਰ ਵਿਚ ਖਾਲਿਸਤਾਨ-ਪਾਕਿਸਤਾਨ ਜ਼ਿੰਦਾਬਾਦ !

ਭਾਰਤ ਸਰਕਾਰ ਵੱਲੋਂ ਵਾਰ-ਵਾਰ ਇਤਰਾਜ਼ ਦੇ ਬਾਵਜੂਦ ਕਰਤਾਰਪੁਰ ਲਾਂਘੇ ਦੇ ਉਦਘਾਟਨੀ ਸਮਾਗਮ ਦੌਰਾਨ ਖਾਲਿਸਤਾਨ ਦੇ ਨਾਅਰੇ ਗੂੰਜੇ। ਸ਼ਰਧਾਲੂਆਂ ਵਿੱਚੋਂ ਹੀ ਕੁਝ ਲੋਕ ਜੋਸ਼ ਵਿੱਚ ਆ ਕੇ ਖਾਲਿਸਤਾਨ-ਪਾਕਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਲੱਗੇ। ਇਸ ਮੌਕੇ ਇਮਰਾਨ ਖ਼ਾਨ, ਜਨਰਲ ਬਾਜਵਾ ਤੇ ਨਵਜੋਤ ਸਿੰਘ ਸਿੱਧੂ ਜ਼ਿੰਦਾਬਾਦ ਦੇ ਨਾਅਰੇ ਵੀ ਲੱਗੇ।

ਯਾਦ ਰਹੇ ਕੁਝ ਦਿਨ ਪਹਿਲਾਂ ਪਾਕਿਸਤਾਨ ਵੱਲੋਂ ਜਾਰੀ ਥੀਮ ਸੌਂਗ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਸਣੇ ਹੋਰ ਗਰਮ ਖਿਆਲੀ ਸਿੱਖਾਂ ਦੀਆਂ ਤਸਵੀਰਾਂ ਮਗਰੋਂ ਭਾਰਤ ਸਰਕਾਰ ਨੇ ਇਸ 'ਤੇ ਇਤਰਾਜ਼ ਜਤਾਇਆ ਸੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਨੂੰ ਪਾਕਿਸਤਾਨ ਦੀ ਸਾਜ਼ਿਸ਼ ਕਰਾਰ ਦਿੱਤਾ ਸੀ। ਹੁਣ ਸਿੱਖ ਸ਼ਰਧਾਲੂਆਂ ਵੱਲੋਂ ਖਾਲਿਸਤਾਨ ਦੇ ਨਾਅਰੇ ਲਾਏ।

### ਇੰਜ ਹੋਵੇਗੀ ਦਾਖ਼ਲ ਹੋਣ ਦੀ ਪ੍ਰਕਿਰਿਆ

ਲਾਂਘੇ ਦੀ ਸ਼ੁਰੂਆਤ 'ਤੇ ਬਣੇ ਚੈੱਕ ਪੁਆਇੰਟ 'ਤੇ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਈ-ਰਿਕਸ਼ਾ ਰਾਹੀਂ ਬੀ.ਐਸ.ਐਫ. ਦੇ ਜਵਾਨਾਂ ਵਲੋਂ ਸੁਰੱਖਿਆ ਵਿਚਕਾਰ ਟਰਮੀਨਲ ਤਕ ਲਿਜਾਇਆ ਜਾਵੇਗਾ। ਟਰਮੀਨਲ 'ਤੇ ਫਿਰ ਤੋਂ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਹੋਵੇਗੀ। ਇਥੋਂ ਸੁਰੱਖਿਆ ਵਿਚਕਾਰ ਜੱਥਾ ਪੈਦਲ ਅਤੇ ਈ-ਰਿਕਸ਼ਾ ਰਾਹੀਂ ਜ਼ੀਰੋ ਲਾਈਨ ਤਕ ਲਿਜਾਇਆ ਜਾਵੇਗਾ। ਜ਼ੀਰੋ ਲਾਈਨ 'ਤੇ ਇਕ ਵਾਰ ਫਿਰ ਦਸਤਾਵੇਜ਼ ਚੈੱਕ ਕੀਤੇ ਜਾਣਗੇ। ਇਸ ਤੋਂ ਬਾਅਦ ਸ਼ਰਧਾਲੂ ਪਾਕਿਸਤਾਨ ਦੀ ਸਰਹੱਦ ਵਿਚ ਦਾਖ਼ਲ ਹੋਣਗੇ। ਕਰਤਾਰਪੁਰ ਸਾਹਿਬ ਤੋਂ ਇਲਾਵਾ ਸ਼ਰਧਾਲੂ ਹੋਰ ਕਿਸੇ ਥਾਂ 'ਤੇ ਨਹੀਂ ਘੁੰਮ ਸਕਣਗੇ। ਸ਼ਰਧਾਲੂ ਸਵੇਰੇ 4 ਵਜੇ ਕਰਤਾਰਪੁਰ ਸਾਹਿਬ ਲਈ ਰਵਾਨਾ ਹੋਣਗੇ ਅਤੇ ਉਸੇ ਦਿਨ ਸ਼ਾਮ ਨੂੰ ਵਾਪਸ ਆਉਣਗੇ। ਸ਼ਰਧਾਲੂ ਆਪਣੇ ਨਾਲ ਮੋਬਾਈਲ ਫ਼ੋਨ ਜਾਂ ਫਿਰ ਕੈਮਰਾ ਨਹੀਂ ਲਿਜਾ ਸਕਣਗੇ।

### ਨਾਨਕ ਦੇ ਰੰਗ ਵਿਚ ਰੰਗਿਆ ਪੰਜਾਬ

ਇਸ ਦੇ ਨੇੜੇ ਹੀ ਮੀਡੀਆ ਲਈ ਪੰਡਾਲ ਬਣਾਇਆ ਗਿਆ ਹੈ ਤੇ ਉਥੇ ਵੀ ਏਅਰ ਕੰਡੀਸ਼ਨ ਚੱਲ ਰਹੇ ਸਨ। ਸੰਗਤ ਦਾ ਕਹਿਣਾ ਸੀ ਕਿ ਜਦ ਦਿਨੋਂ-ਦਿਨ ਠੰਢ ਵਧੀ ਰਹੀ ਹੈ ਤਾਂ ਅਕਾਲੀਆਂ ਨੂੰ ਏਅਰ ਕੰਡੀਸ਼ਨ ਵਾਲਾ ਪੰਡਾਲ ਬਣਾਉਣ ਦੀ ਕੀ ਲੋੜ ਸੀ। ਅਕਾਲੀਆਂ ਦੇ ਪੰਡਾਲ ਵਿੱਚ ਸਟੇਜ ਦੀਆਂ ਲਾਈਟਾਂ ਦਿਖਾਉਣ ਲਈ ਬਾਕੀ ਪੰਡਾਲ ਵਿੱਚ ਹਨੇਰਾ ਰੱਖਿਆ ਹੋਇਆ ਸੀ। ਗੁਰਦੁਆਰਾ ਬੇਰ ਸਾਹਿਬ ਦੀ ਪੁਰਾਣੀ ਦਰਸ਼ਨੀ ਡਿਉਢੀ ਤੋਂ ਬਾਹਰ ਸੜਕ ਤੱਕ ਮੱਥਾ ਟੇਕਣ ਵਾਲਿਆਂ ਦੀਆਂ ਲੱਗੀਆਂ ਕਤਾਰਾਂ ਵਿੱਚ ਗੁਰਦੁਆਰਾ ਹੱਟ ਸਾਹਿਬ ਤੱਕ ਸ਼ਰਧਾਲੂਆਂ ਦੇ ਸਿਰ ਹੀ ਸਿਰ ਨਜ਼ਰ ਆ ਰਹੇ ਸਨ। ਦੋਵੇਂ ਸ਼੍ਰੋਮਣੀ ਕਮੇਟੀ ਦੇ ਪੰਡਾਲ ਅੰਦਰ ਕਰਵਾਏ ਗਏ ਰਾਗ ਦਰਬਾਰ ਵਿੱਚ ਪੰਥ ਪ੍ਰਸਿੱਧ ਰਾਗੀ ਜੱਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ।

ਰਾਗ ਦਰਬਾਰ ਦੌਰਾਨ ਕੀਰਤਨ ਕਰਨ ਵਾਲਿਆਂ ਰਾਗੀ ਜਥਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਰਾਗਾਂ ਦੇ ਆਧਾਰ 'ਤੇ ਕੀਰਤਨ ਕੀਤਾ। ਭਾਈ ਸਤਿੰਦਰਪਾਲ ਸਿੰਘ ਸੁਲਤਾਨਪੁਰ ਲੋਧੀ, ਬੀਬੀ ਰਾਜਵਿੰਦਰ ਕੌਰ ਅੰਮ੍ਰਿਤਸਰ, ਡਾ. ਗੁਰਿੰਦਰ ਸਿੰਘ ਬਟਾਲਾ, ਭਾਈ ਸਤਵਿੰਦਰ ਸਿੰਘ ਬੋਦਲ, ਬੀਬੀ ਆਸ਼ੂਪ੍ਰੀਤ ਕੌਰ ਜਲੰਧਰ, ਡਾ. ਨਿਵੇਦਿੱਤਾ ਸਿੰਘ ਪਟਿਆਲਾ ਅਤੇ ਭਾਈ ਬਲਵੰਤ ਸਿੰਘ ਨਾਮਧਾਰੀ ਦੇ ਕੀਰਤਨੀ ਜੱਥਿਆਂ ਨੇ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਨਾਲ ਜੋੜਿਆ ਇਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਦਲਜੀਤ ਸਿੰਘ ਚੀਮਾ ਆਦਿ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਦਰਬਾਰ ਵਿਚ ਹਾਜ਼ਰੀ ਲਵਾਈ।

## ਜਾਤਾਂ ਛੱਡੋ ਪੰਥ ਇਕ ਕਰੋ, ਸਮਾਜ ਇਕ ਕਰੋ

### 550ਵੇਂ ਪ੍ਰਕਾਸ਼ ਪੁਰਬ ਮੌਕੇ ਜਥੇਦਾਰ ਅਕਾਲ ਤਖ਼ਤ ਵਲੋਂ ਕੌਮ ਦੇ ਨਾਂ ਸੰਦੇਸ਼

ਸੁਲਤਾਨਪੁਰ ਲੋਧੀ/ਏ.ਟੀ. ਨਿਊਜ਼ : ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕੌਮ ਦੇ ਨਾਂ ਸੰਦੇਸ਼ ਦਿੰਦਿਆਂ ਕਿਹਾ ਕਿ ਸਾਨੂੰ ਗੁਰੂ ਨਾਨਕ ਦੀਆ ਸਿੱਖਿਆਵਾ ਤੋਂ ਸੇਧ ਲੈਣ ਦੀ ਲੋੜ ਹੈ। ਅੱਜ ਕੁਦਰਤ ਦਾ ਵਿਗੜਦਾ ਸੰਤੁਲਨ ਇਨਸਾਨੀ ਸੁਭਾਅ ਦਾ ਬਦਲਦਾ ਸਰੂਪ ਵੀ ਚਿੰਤਾ ਦਾ ਵਿਸ਼ਾ ਹੈ। ਅੱਜ ਦੇ ਸਮੇਂ ਦੀ ਲੋੜ ਨੂੰ ਮੁੱਖ ਰੱਖਿਆਂ ਗੁਰੂ ਸਾਹਿਬ ਦੀਆਂ ਸਿੱਖਿਆ ਬੜੀ ਅਹਿਮ ਹੈ। ਉਨ੍ਹਾਂ ਕਿਹਾ ਕਿ ਕਿਰਤ ਸਭਿਆਚਾਰ ਤੋਂ ਮੂੰਹ ਮੋੜ ਰਹੇ ਪੰਜਾਬੀਆਂ ਨੂੰ ਅੱਜ ਬਾਬੇ ਨਾਨਕ ਦੇ ਸੰਦੇਸ਼ ਗ੍ਰਹਿਣ ਕਰਨ ਦੀ ਲੋੜ ਹੈ। ਅੱਜ ਸਾਡੇ ਸਮਾਜ ਵਿੱਚ ਜਾਤ-ਪਾਤ ਦਾ ਬੋਲਬਾਲਾ ਕਿਉਂ ਵਧ ਰਿਹਾ ਹੈ? ਸਿੱਖਾਂ ਨੂੰ ਜਾਤਾਂ ਛੱਡਣੀਆਂ ਚਾਹੀਦੀਆਂ ਹਨ, ਸਮਾਜ ਤੇ ਪੰਥ ਇਕ ਕਰਨਾ ਚਾਹੀਦਾ ਹੈ। ਇਸਤਰੀ ਜਾਤੀ ਦਾ ਸਨਮਾਨ ਕਰਨਾ ਚਾਹੀਦਾ ਹੈ। ਜਥੇਦਾਰ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬੀ ਭਾਈਚਾਰਾ ਅਵੇਸਲੇਪਣ ਨੂੰ ਤਿਆਗ ਕੇ ਪੰਜਾਬੀ ਦੇ ਪਹਿਰੇਦਾਰ ਬਣੇ। ਸਾਡੀ ਤਕਦੀਰ ਦੇ ਫ਼ੈਸਲੇ ਕਿਸੇ ਹੋਰ ਕੋਲ ਕਿਵੇਂ ਚਲੇ ਗਏ? ਸੰਸਾਰ ਪੱਧਰ 'ਤੇ ਚੱਲ ਰਹੀਆਂ ਬਹਿਸਾਂ ਵਿੱਚ ਸਿੱਖ ਵਿਦਵਾਨ ਸ਼ਾਮਲ ਹੋਣ ਤੇ ਗੁਰੂ ਨਾਨਕ ਦਾ ਫ਼ਲਸਫ਼ਾ ਦੇਣ। ਜਥੇਦਾਰ ਨੇ ਕਿਹਾ ਕਿ ਭਾਰਤ ਸਰਕਾਰ ਤੁਰੰਤ ਬੰਦੀ ਸਿੰਘ ਰਿਹਾਅ ਕਰੇ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਬਣੀ ਹੈ।

### ਗੁਰਪੁਰਬ ਮੌਕੇ ਰਾਜੋਆਣਾ ਨੂੰ ਮਿਲੀ ਵੱਡੀ ਰਾਹਤ

ਚੰਡੀਗੜ੍ਹ/ਏ.ਟੀ. ਨਿਊਜ਼ : ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿੱਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨੂੰ ਵੱਡੀ ਰਾਹਤ ਮਿਲ ਗਈ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਜਾਣਕਾਰੀ ਪੰਜਾਬ ਸਰਕਾਰ ਨੂੰ ਭੇਜ ਦਿੱਤੀ ਹੈ। ਜੇਲ੍ਹ ਵਿਭਾਗ ਦੇ ਸੂਤਰਾਂ ਅਨੁਸਾਰ ਰਾਜੋਆਣਾ ਨਾਲ ਸਬੰਧਤ ਫਾਈਲ ਮੁੱਖ ਮੰਤਰੀ ਦਫਤਰ ਨੂੰ ਭੇਜ ਦਿੱਤੀ ਗਈ ਹੈ। ਰਾਜੋਆਣਾ ਪੰਜਾਬ ਪੁਲਿਸ ਦਾ ਸਿਪਾਹੀ ਸੀ ਜਿਸ ਨੂੰ ਉਸ ਵੇਲੇ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿੱਚ ਫਾਂਸੀ ਦੀ ਸਜ਼ਾ ਹੋਈ ਸੀ।

## ਗੁਰੂ ਨਾਨਕ ਦੇਵ ਜੀ ਦੀ ਬਾਣੀ : ਸਮਾਜਿਕ ਸੰਘਰਸ਼ ਦੀ ਸਾਖੀ

ਬਣਤਰ ਦੇ ਬ੍ਰਾਹਮਣਵਾਦੀ ਅਤੇ ਜਾਗੀਰਦਾਰੀ ਸੰਕਲਪਾਂ ਵਿਚ ਕਿਰਤ ਨੂੰ ਹਿਕਾਰਤ ਨਾਲ ਵੇਖਿਆ ਗਿਆ ਹੈ। ਹੱਥੀਂ ਕੰਮ ਕਰਨ ਵਾਲਿਆਂ ਨੂੰ ਸਮਾਜਿਕ ਤੌਰ 'ਤੇ ਨੀਵੇਂ ਦਰਜੇ ਦਿੱਤੇ ਗਏ ਹਨ। ਗੁਰੂ ਸਾਹਿਬ ਕਿਰਤ ਨੂੰ ਬੁਨਿਆਦੀ ਮਨੁੱਖੀ ਗੁਣ ਵਜੋਂ ਪਛਾਣਦੇ ਹਨ ਤੇ ਏਸੇ ਲਈ ਗੁਰੂ ਨਾਨਕ ਦੇਵ ਜੀ ਦੇ ਦੌਰ ਤੋਂ ਕਿਰਤੀਆਂ ਦੇ ਸਮਰੱਥ ਹੋਣ ਦਾ ਦੌਰ ਸ਼ੁਰੂ ਹੁੰਦਾ ਹੈ। ਕਿਰਤੀਆਂ ਨੂੰ ਨਵੀਂ ਪਛਾਣ ਤੇ ਇੱਜ਼ਤ ਮਿਲਦੀ ਹੈ। ਪੰਜਾਬੀ ਸਮਾਜ ਵਿਚ ਜਮਹੂਰੀਅਤ ਦੇ ਬੀਜ ਪਣਪਦੇ ਹਨ। ਜੇ ਪੰਜਾਬੀ ਸਮਾਜ ਹਿੰਦੋਸਤਾਨੀ ਬਰੇ-ਸਗੀਰ ਦੇ ਦੂਸਰੇ ਸਮਾਜਾਂ ਨਾਲੋਂ ਜ਼ਿਆਦਾ ਜਮਹੂਰੀ ਹੈ ਤਾਂ ਇਸ ਵਿਚ ਗੁਰੂ ਸਾਹਿਬਾਨ, ਭਗਤੀ ਲਹਿਰ ਦੇ ਹੋਰ ਰਹਿਬਰਾਂ, ਸੂਫ਼ੀਆਂ ਤੇ ਇਨ੍ਹਾਂ ਦੇ ਨਾਲ ਨਾਲ ਪਣਪੇ ਸੰਘਰਸ਼ਾਂ ਦੀ ਦੇਣ ਬੁਨਿਆਦੀ ਹੈ। ਦੂਸਰੇ ਦੇ ਹੱਕ ਨੂੰ ਮਾਰਨਾ, ਉਨ੍ਹਾਂ ਨੇ ਹਰਾਮ ਦੱਸਿਆ ਹੈ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥" ਜਿਹੜੇ ਲੋਕ ਜ਼ੁਲਮ ਕਰਦੇ ਹਨ, ਦੂਸਰਿਆਂ ਦਾ ਹੱਕ ਮਾਰਦੇ ਹਨ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਲਹੂ-ਪੀਣੇ ਆਖਿਆ "ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥" ਇਨਸਾਫ਼ ਕਰਨ ਵਾਲੇ ਕਾਜ਼ੀਆਂ ਲਈ ਕਹਿੰਦੇ ਹਨ "ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੇ ਹਕ ਗਵਾਇ॥" ਤੇ ਫਿਰ ਵੇਲੇ ਦੇ ਹਾਕਮਾਂ ਬਾਰੇ ਕਿਹਾ ਹੈ "ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥" ਰਾਜੇ ਦੀ ਨੌਕਰਸ਼ਾਹੀ ਤੇ ਉਸ ਦੇ ਚਾਕਰਾਂ ਬਾਰੇ ਕਿਹਾ "ਚਾਕਰ ਨਹਦਾ ਪਾਇਨਿ ਘਾਉ॥ ਰਤ ਪਿਤੁ ਕੁਤਿਹੋ ਚਟਿ ਜਾਹੁ॥" ਇਹ ਨੌਕਰਸ਼ਾਹ ਲੋਕਾਂ 'ਤੇ ਨਹੁੰਦਰਾਂ ਨਾਲ ਜ਼ਖ਼ਮ ਕਰਦੇ ਹਨ। ਕੁੱਤਿਆਂ ਵਾਂਗ ਪਰਜਾ ਦਾ ਲਹੂ ਪੀਂਦੇ ਹਨ।

ਗੁਰੂ ਨਾਨਕ ਦੇਵ ਜੀ ਸਾਡੇ ਸਾਹਮਣੇ ਉਹ ਫਲਸਫ਼ਾ ਨਹੀਂ ਰੱਖਦੇ ਜੋ ਰਹੱਸਮਈ ਹੋਵੇ; ਸ਼ਬਦਾਂ ਦੀ ਧੁੰਦ ਵਿਚ ਗਵਾਚਾ ਹੋਵੇ। ਉਹ ਆਪਣੇ ਸਮੇਂ ਦੇ ਸਮਾਜ ਦੀ ਤਸ਼ਖ਼ੀਸ ਕਰਦੇ ਹਨ। ਉਸ ਸਮਾਜ ਦਾ ਸਿਆਸੀ ਤੇ ਸਮਾਜਿਕ ਅਕਸ ਸਾਡੇ ਸਾਮ੍ਹਣੇ ਰੱਖਦੇ ਹਨ; ਉਸ ਵੇਲੇ ਦੇ ਸਮਾਜ ਦੀਆਂ ਪ੍ਰੇਰਕ ਸ਼ਕਤੀਆਂ 'ਤੇ ਉਂਗਲ ਰੱਖਦੇ ਹੋਏ ਰਾਗ ਆਸਾ ਵਿਚ ਦੱਸਦੇ ਹਨ "ਲਬੁ ਪਾਪ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰ॥" ਲਬੁ ਮਤਲਬ ਲੋਭ ਤੇ ਪਾਪ ਰਾਜਨ ਹਨ, ਕੂੜ ਮਹਿਤਾ ਹੈ ਭਾਵ ਸਰਕਾਰੀ ਟਕਸਾਲ ਦਾ ਸਰਦਾਰ ਹੈ। ਪਰਜਾ ਅੰਨ੍ਹੀ ਤੇ ਗਿਆਨ ਤੋਂ ਸੱਖਣੀ ਹੈ। ਹਾਕਮ ਲਾਲਚ ਦੀ ਅੱਗ ਨਾਲ ਭਰੇ ਹੋਏ ਹਨ, ਪਰਜਾ ਉਨ੍ਹਾਂ ਨੂੰ ਵੱਢੀ ਦੇ ਕੇ ਸ਼ਾਂਤ ਕਰਦੀ ਹੈ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥" (ਰਾਗ ਆਸਾ) ਵੱਢੀ ਦੇਣ ਦਾ ਜ਼ਿਕਰ ਵਾਰ ਵਾਰ ਕਰਦੇ ਹਨ "ਰਾਜਾ ਨਿਆਉ ਕਰੇ ਹਥਿ ਹੋਇ॥" ਭਾਵ ਹਾਕਮ ਦੇ ਹੱਥ 'ਤੇ ਪੈਸਾ ਰੱਖੋ, ਵੱਢੀ ਦਿਉ ਤਾਂ ਉਹ ਨਿਆਂ ਕਰਦਾ ਹੈ। ਇਸ ਤਰ੍ਹਾਂ ਨਾਨਕ-ਬਾਣੀ ਸਮਾਜ ਦਾ ਅਕਸ ਪੇਸ਼ ਕਰਦੀ ਹੈ।

ਗੁਰੂ ਨਾਨਕ ਦੇਵ ਜੀ ਦੇ ਸਮਾਜਿਕ ਸੰਘਰਸ਼ ਦਾ ਮੁੱਖ ਪਹਿਲੂ ਬ੍ਰਾਹਮਣਵਾਦ ਤੋਂ ਨਾਤਾ ਤੋੜਨਾ ਹੈ। ਇਹ ਤੋੜ-ਵਿਛੋੜਾ ਬਹੁ-ਦੇਵਤਾਵਾਦ ਤੇ ਅਵਤਾਰਵਾਦ ਨੂੰ ਨਕਾਰਣ ਵਿਚ ਵੀ ਹੈ ਤੇ ਕਰਮਕਾਂਡ, ਮੂਰਤੀ-ਪੂਜਾ ਤੇ ਤੀਰਥਵਾਦ ਨੂੰ ਨਕਾਰਣ ਵਿਚ ਵੀ। ਤੀਰਥ-ਯਾਤਰਾ ਤੇ ਤੀਰਥਾਂ ਦੇ ਸੰਕਲਪ ਵਿਰੁੱਧ ਆਵਾਜ਼ ਬੁਲੰਦ ਕਰਦੇ ਹੋਏ ਸੂਹੀ ਰਾਗ ਵਿਚ ਲਿਖਦੇ ਹਨ "ਨਾਵਣ ਚਲੇ ਤੀਰਥੀ ਮਨਿ ਖੋਟੇ ਤਨਿ ਚੋਰੁ॥" ਭਾਵ ਖੋਟੇ ਮਨਾਂ ਤੇ ਚੋਰਟੇ ਤਨਾਂ ਵਾਲੇ ਬੰਦੇ ਤੀਰਥਾਂ 'ਤੇ ਇਸ਼ਨਾਨ ਕਰਨ ਜਾਂਦੇ ਹਨ। ਰਾਗ ਬਸੰਤ ਵਿਚ ਲਿਖਦੇ ਹਨ "ਤੀਰਥਿ ਭਰਮੈ ਰੋਗੁ ਨ ਛੂਟਸਿ॥" ਸੂਹੀ ਰਾਗ ਵਿਚ ਅੱਗੇ ਲਿਖਦੇ ਹਨ "ਬਾਂਗਾ ਬੁਰਗੂ ਸਿੰਙੀਆ ਨਾਲ ਮਿਲੀ ਕਲਾਣ॥" ਕਿ ਬਾਂਗਾਂ ਦੇਣ ਵਾਲੇ, ਸਿੰਙੀਆਂ ਵਜਾਉਣ ਵਾਲੇ, ਕਲਾਣ ਕਰਨ ਵਾਲੇ ਲੋਕਾਂ ਤੋਂ ਮਿਲੀ ਭਿੱਖਿਆ 'ਤੇ ਪੇਟ ਪਾਲਣਾ ਕਰਦੇ ਹਨ। ਰਾਗ ਭੈਰਉ ਵਿਚ ਯੱਗ, ਹਵਨ, ਦੇਹ ਨੂੰ ਦੁੱਖ ਦੇਣ ਵਾਲੀ ਤਪੱਸਿਆ ਕਰਨ ਤੇ ਹੋਰ ਕਰਮਕਾਂਡਾਂ ਨੂੰ ਨਕਾਰਦੇ ਹਨ "ਜਗ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥ ਰਾਮ ਨਾਮ ਬਿਨ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖ ਲਹੈ॥" ਰਾਗ ਬਿਲਾਵਲ ਵਿਚ ਸਪਸ਼ਟ ਕਰਦੇ ਹਨ "ਪਾਖੰਡਿ ਕੀਨੈ ਮੁਕਤਿ ਨ ਹੋਇ॥" ਮੂਰਤੀ-ਪੂਜਾ ਵਿਰੁੱਧ ਲਿਖਿਆ ਹੈ ਕਿ ਮੂਰਤੀ-ਪੂਜਾ ਕਰਨ ਵਾਲੇ ਗੂੰਗੇ, ਅੰਨ੍ਹੇ, ਮਹਾਂ-ਅੰਨ੍ਹੇ ਹਨ "ਅੰਧੇ ਗੁੰਗੇ ਅੰਧ ਅੰਧਾਰੁ॥ ਪਾਥਰੁ ਲੈ ਪੂਜਹਿ ਮੁਗਧ ਗਵਾਰ॥" ਰਾਗ ਆਸਾ ਵਿਚ ਮੁਸਲਮਾਨਾਂ ਤੇ ਹਿੰਦੂਆਂ ਦੋਹਾਂ ਦੇ ਆਗੂਆਂ ਨੂੰ ਸਪਸ਼ਟ ਤੇ ਪ੍ਰਚੰਡ ਸ਼ਬਦਾਂ ਵਿਚ ਕਹਿੰਦੇ ਹਨ "ਛੋਡੀ ਲੇ ਪਾਖੰਡਾ॥"

ਜਦ ਪੰਜਾਬ 'ਤੇ ਮੁਸੀਬਤ ਆਉਂਦੀ ਹੈ, ਬਾਬਰ ਹਮਲਾ ਕਰਦਾ ਹੈ ਤਾਂ ਗੁਰੂ ਸਾਹਿਬ ਉਸ ਦੇ ਵਿਰੋਧ ਵਿਚ ਆਪਣੀ ਆਵਾਜ਼ ਬੁਲੰਦ ਕਰਦੇ ਹਨ। ਪਰ ਉਹ ਸਿਰਫ ਪੰਜਾਬ ਦੇ ਲੋਕਾਂ ਦੇ ਹੱਕਾਂ ਦੇ ਵਾਹਕ ਨਹੀਂ ਬਣਦੇ ਸਗੋਂ ਇਕ ਵੱਡੇ ਭੂਗੋਲਿਕ ਖਿੱਤੇ ਦੇ ਹੱਕਾਂ ਦੇ ਵਾਹਕ ਬਣਦੇ ਹਨ ਜਿਸ ਨੂੰ ਉਹ ਆਪਣੀ ਬਾਣੀ ਵਿਚ ਹਿੰਦੋਸਤਾਨ ਕਹਿੰਦੇ ਹਨ, "ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥" ਇਸ ਤਰ੍ਹਾਂ ਉਹ ਪੰਜਾਬ ਦੇਸ ਲੋਕਾਂ ਦੀ ਭਾਵੀ ਨੂੰ ਨਾਲ ਦੇ ਖੇਤਰਾਂ ਨਾਲ ਜੋੜਦੇ ਹਨ, ਸਾਨੂੰ ਸੌੜੀਆਂ ਵਲਗਣਾਂ 'ਚੋਂ ਕੱਢਦੇ ਹਨ।

ਇਸ ਤਰ੍ਹਾਂ ਨਾਨਕ-ਬਾਣੀ ਸਮਾਜਿਕ ਏਕਤਾ ਤੇ ਸਮਾਜਿਕ ਬਰਾਬਰੀ ਦੇ ਸੰਘਰਸ਼ ਦੀ ਬਾਣੀ ਹੋ ਨਿੱਬੜਦੀ ਹੈ ਜਿਸ ਰਾਹੀਂ ਪੰਜਾਬ ਦੀਆਂ ਕਿਰਸਾਨੀ ਤੇ ਕਿਰਤੀ ਜਾਤਾਂ ਅਤੇ ਜਮਾਤਾਂ ਮੁਗ਼ਲਾਂ ਅਤੇ ਬਾਹਰ ਦੇ ਹਮਲਾਵਰਾਂ ਨਾਲ ਟੱਕਰ ਲੈਂਦੀਆਂ ਹਨ। ਗੁਰੂ ਸਾਹਿਬ ਦੀ ਵਾਣੀ ਪੂਰੇ ਹਿੰਦੋਸਤਾਨ ਵਿਚ ਗੂੰਜਦੀ ਹੈ। ਏਸੇ ਲਈ ਮੁਹੰਮਦ ਇਕਬਾਲ ਨੇ ਲਿਖਿਆ ਸੀ:

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਾਬ ਸੇ।

16ਵੀਂ ਸਦੀ ਤੋਂ ਬਾਅਦ ਗੁਰੂ ਨਾਨਕ ਬਾਣੀ ਉੱਤਰੀ ਹਿੰਦੋਸਤਾਨ ਵਿਚ ਚਾਰ-ਚੁਫ਼ੇਰੇ ਗੂੰਜ ਰਹੀ ਸੀ। ਕੁਝ ਲੋਕ ਸ਼ਾਇਦ ਇਹ ਸੋਚ ਸਕਦੇ ਸਨ ਕਿ ਇਹ ਅਤਿਕਥਨੀ ਹੈ। ਮੈਂ ਦੋ ਉਦਾਹਰਣਾਂ ਦਿਆਂਗਾ: ਗੁਰੂ ਸਾਹਿਬ ਬੰਗਾਲ, ਉੜੀਸਾ, ਆਸਾਮ ਗਏ ਸਨ। ਪੁਰੀ (ਉੜੀਸਾ) ਵਿਚ ਜਗਨਨਾਥ ਦੀ ਬਹੁਤ ਵੱਡੀ ਯਾਤਰਾ ਨਿਕਲਦੀ ਹੈ। ਉਸ ਵਿਚ ਇਕ ਝਾਕੀ ਹੁੰਦੀ ਹੈ ਜਿਸ ਵਿਚ ਇਹ ਬੋਲ ਹਨ:

"ਕਹਾਂ ਸੇ ਆਇਆ ਨਾਨਕ ਸਾਈਂ, ਕਹਾਂ ਤੁਮਾਰਾ ਡੇਰਾ।
ਕਹਾਂ ਤੁਮਾਰਾ ਗੁਰੂ ਕਾ ਗੱਦੀ, ਕੌਣ ਦੇਵ ਕਾ ਪਹਿਰਾ।"

18ਵੀਂ ਸਦੀ ਦੇ ਆਗਰੇ ਦੇ ਲੋਕ-ਸ਼ਾਇਰ ਨਜ਼ੀਰ ਅਕਬਰਾਬਾਦੀ ਨੇ ਗੁਰੂ ਨਾਨਕ ਦੇਵ ਜੀ ਨੂੰ ਏਦਾਂ ਯਾਦ ਕੀਤਾ:

ਕਹਤੇ ਹੈਂ ਨਾਨਕ ਸ਼ਾਹ ਜਿਨ੍ਹੇਂ,
ਵੁਹ ਪੂਰੇ ਹੈਂ ਆਗਾਹ ਗੁਰੂ।
ਵਹ ਕਾਮਿਲ ਰਹਬਰ ਜਗ ਮੇਂ ਹੈ,
ਯੂੰ ਰੌਸ਼ਨ ਜੈਸੇ ਮਾਹ ਗੁਰੂ।
ਮਕਸੂਦ ਮੁਰਾਦ ਉਮੀਦ,
ਸਭੀ ਬਰ ਲਾਤੇ ਹੈਂ ਦਿਲਖਵਾਹ ਗੁਰੂ।
ਨਿਤ ਲੁਤਫ਼ੋ-ਕਰਮ ਸੇ ਕਰਤੇ ਹੈਂ,
ਲੋਗੋਂ ਕਾ ਨਿਰਬਾਹ ਗੁਰੂ।
ਇਸ ਬਖ਼ਸ਼ਿਸ਼ ਕੇ, ਇਸ ਅਜ਼ਮਤ ਕੇ,
ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਝੁਕਾ ਅਰਦਾਸ ਕਰੋ,
ਔਰ ਹਰਦਮ ਬੋਲੋ ਵਾਹ ਗੁਰੂ।

ਗੁਰੂ ਨਾਨਕ-ਬਾਣੀ ਨੇ ਆਪਣੇ ਵੇਲੇ ਤੇ ਉਸ ਤੋਂ ਬਾਅਦ ਵਿਚ ਹੋਏ ਸਮਾਜਿਕ ਸੰਘਰਸ਼ਾਂ ਵਿਚ ਵੱਡਾ ਹਿੱਸਾ ਪਾਇਆ। ਗੁਰੂ ਸਾਹਿਬ ਦੇ ਬੋਲ ਲੁੱਟ-ਖਸੁੱਟ, ਜ਼ੁਲਮ, ਬ੍ਰਾਹਮਣਵਾਦ ਤੇ ਜਾਤ-ਪਾਤ ਦੇ ਵਿਰੋਧੀ ਤੇ ਕਿਰਤੀਆਂ ਦੇ ਹੱਕਾਂ ਦੇ ਬੋਲ ਬਣੇ। ਉਨ੍ਹਾਂ ਦੇ ਸਿਰਜੇ ਨਿਰਗੁਣ ਇਕ-ਈਸ਼ਵਰਵਾਦ ਦੇ ਸੰਕਲਪ ਨੇ ਪੰਜਾਬੀ ਸਮਾਜ ਵਿਚ ਤੇ ਹੋਰ ਸਮਾਜਾਂ ਵਿਚ ਜਮਹੂਰੀ ਰੂਹ ਫੂਕੀ। ਗੁਰੂ ਸਾਹਿਬ ਦੀ ਸਮਾਜ ਨੂੰ ਦੇਣ ਅਦੁੱਤੀ ਹੈ।

(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

## ਕਿਉਂ ਉਦਾਸ ਹੈ ਕਸ਼ਮੀਰ ਘਾਟੀ

ਤੇ ਹਾਊਸ ਵੋਟਸ ਜਲਦੀ ਖਾਲੀ ਕਰ ਦੇਵੋ, ਪਾਕਿਸਤਾਨ ਵਲੋਂ ਬਹੁਤ ਜ਼ਬਰਦਸਤ ਹਮਲਾ ਕੀਤਾ ਜਾਣ ਵਾਲਾ ਹੈ। ਇਸ ਲਈ ਜਲਦੀ ਨਿਕਲ ਜਾਵੋ। ਲੋਕ ਵਿਚਾਰੇ ਅੱਧੀ ਰਾਤ ਨੂੰ ਸੜਕਾਂ ਤੇ ਏਧਰ ਉਧਰ ਰੁਲਦੇ ਰਹੇ, ਸਵੇਰੇ ਨੂੰ ਪੰਜ ਅਗਸਤ ਨੂੰ ਘਾਟੀ ਸੀਲ ਕਰ ਦਿੱਤੀ ਗਈ। ਬੜੀ ਮੁਸ਼ਕਲ ਨਾਲ ਲੋਕ ਸ੍ਰੀਨਗਰ ਤੋਂ ਹਵਾਈ ਰਸਤੇ ਬਾਹਰ ਨਿਕਲੇ। ਝੂਠ ਤਾਂ ਏਥੋਂ ਤੱਕ ਬੋਲਿਆ ਗਿਆ ਜਿਹੜੇ ਫੌਜੀ ਉਥੇ ਭੇਜੇ ਗਏ, ਉਨ੍ਹਾਂ ਨੂੰ ਕਿਹਾ ਗਿਆ ਕਿ ਕਸ਼ਮੀਰ ਵਿਚ ਇਲੈਕਸ਼ਨ ਡਿਊਟੀ ਹੈ, ਇਸ ਲਈ ਆਪ ਕੋ ਕਸ਼ਮੀਰ ਵਿਚ ਜਾਣਾ ਹੈ। ਫੌਜੀਆਂ ਨੂੰ ਵੀ ਸੱਚ ਨਹੀਂ ਦੱਸਿਆ ਗਿਆ। ਇਹ ਹੈ ਸਾਡਾ ਲੋਕਤੰਤਰ ਢਾਂਚਾ। ਤੁਹਾਨੂੰ ਪਤਾ ਹੀ ਹੈ ਕੀ ਕੁਝ ਕਰਦੀਆਂ ਹਨ ਸਰਕਾਰੀ ਏਜੰਸੀਆਂ, ਜਦੋਂ ਹੱਥਾਂ ਵਿਚ ਹਥਿਆਰ ਹੋਣ ਤੇ ਤਾਕਤ ਵੀ ਹੱਥ ਵਿਚ ਹੋਵੇ ਤਾਂ ਫਿਰ ਇਕ ਸਿਪਾਹੀ ਵੀ ਮਾਣ ਨਹੀਂ ਹੁੰਦਾ, ਪੰਜਾਬ ਵਿਚ ਤੁਸੀਂ ਸਭ ਕੁਝ ਦੇਖਿਆ ਹੈ। ਏਜੰਸੀਆਂ ਉਹ ਕੁਝ ਕਰਦੀਆਂ ਹਨ ਜੋ ਆਮ ਨਾਗਰਿਕ ਸੋਚ ਵੀ ਨਹੀਂ ਸਕਦੇ। ਕਸ਼ਮੀਰ ਘਾਟੀ ਵਿਚ ਤਾਇਨਾਤ ਹਰ ਇਕ ਫੌਜੀ ਲੱਖਾਂ ਰੁਪਏ ਕਮਾ ਰਹੇ ਹਨ। ਜਿੱਥੇ ਵਧੀਆ ਖਾਣ ਪੀਣ ਨੂੰ ਮਿਲੇ, ਵਾਤਾਵਰਨ ਵੀ ਸ਼ੁਧ ਅਤੇ ਪੈਸਾ ਵੀ ਵਾਧੂ ਉਹ ਕਿਉਂ ਘਾਟੀ ਨੂੰ ਛੱਡਣਗੇ। ਇਕ ਸਿਪਾਹੀ ਹੀ ਲੱਖ ਤੋਂ ਉਪਰ ਜਾਂਦਾ ਹੈ ਤੇ ਅਫ਼ਸਰ ਤਾਂ ਲੱਖਾਂ ਰੁਪਏ ਕਮਾਉਂਦੇ ਹਨ। ਉਹ ਕਿਉਂ ਘਾਟੀ ਤੋਂ ਬਾਹਰ ਆਉਣਗੇ। ਉਹ ਤਾਂ ਉਪਰ ਵੀ ਪੈਸੇ ਦੇ ਕੇ ਕਸ਼ਮੀਰ ਵਿਚ ਬਦਲੀ ਕਰਾਉਂਦੇ ਹਨ। ਜਦੋਂ ਵੀ ਸਰਕਾਰਾਂ ਕਸ਼ਮੀਰੀਆਂ ਲਈ ਕੋਈ ਐਲਾਨ ਕਰਦੀਆਂ ਹਨ ਇਹ ਏਜੰਸੀਆਂ ਐਸੀਆ ਘਟਨਾਵਾਂ ਆਪ ਹੀ ਕਰ ਦਿੰਦੀਆਂ ਹਨ, ਜਿਨ੍ਹਾਂ ਨੂੰ ਦੇਖ ਕੇ ਸੁਣ ਕੇ ਧੋਤੀ ਟੋਪੀ ਵਾਲੀਆਂ ਸਰਕਾਰਾਂ ਡਰ ਜਾਂਦੀਆਂ ਹਨ, ਉਹ ਕਸ਼ਮੀਰੀਆਂ ਤੇ ਹੋਰ ਤਸ਼ੱਦਦ ਕਰਨ ਲਈ ਇਨ੍ਹਾਂ ਨੂੰ ਪਾਵਰਾਂ ਦਿੰਦੀ ਹੈ, ਬੱਸ ਇਹ ਸਿਲਸਿਲਾ ਲਗਾਤਾਰ ਚਲ ਰਿਹਾ ਹੈ। ਏਜੰਸੀਆਂ ਕੋਲ ਵਧੀਆ ਬਹਾਨਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ, ਪਾਕਿਸਤਾਨ ਕਰ ਰਿਹਾ ਹੈ। ਹੁਣੇ ਹੁਣੇ ਫੌਜ ਮੁਖੀ ਦੇ ਬਿਆਨ ਕਿੰਨੇ ਓਪਰੇ ਓਪਰੇ ਲਗਦੇ ਸਨ ਕਿ ਪਾਕਿਸਤਾਨ ਕਸ਼ਮੀਰ ਵਿਚ ਅਤਿਵਾਦੀਆਂ ਦੀ ਘੁਸਪੈਠ ਕਰਵਾ ਰਿਹਾ ਹੈ। ਉਥੇ ਚੱਪੇ ਚੱਪੇ ਤੇ ਫੌਜ ਤਾਇਨਾਤ ਹੈ ਫੇਰ ਕਿਵੇਂ ਘੁਸਪੈਠ ਹੋ ਸਕਦੀ ਹੈ। ਸੋਚਣ ਦੀਆਂ ਗੱਲਾਂ ਨੇ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਫੌਜ ਘਾਟੀ ਵਿਚ ਰਾਜ ਕਰਨ ਦਾ ਆਨੰਦ ਮਾਣ ਰਹੀ ਹੈ। ਉਥੇ ਕੋਈ ਬਹੁਤੇ ਖਤਰੇ ਵਾਲੀ ਗੱਲ ਨਹੀਂ, ਹਾਂ ਕਿਤੇ ਬਹੁਤ ਉਪਰ ਊੜੀ ਵਗੈਰਾ ਥਾਵਾਂ ਤੇ ਇਕ ਦੋ ਘਟਨਾਵਾਂ ਵਾਪਰਦੀਆਂ ਹਨ, ਬਾਕੀ ਘਾਟੀ ਸ਼ਾਂਤ ਹੈ।

ਅਸੀਂ ਜੁਲਾਈ ਵਿਚ ਪ੍ਰੋਗਰਾਮ ਬਣਾਇਆ ਸੀ ਕਸ਼ਮੀਰ ਜਾਣ ਦਾ। ਭਾਰਤ ਦੇ ਹੋਰ ਬਹੁਤ ਸਾਰੇ ਖਿੱਤੇ ਅਸੀਂ ਦੇਖ ਚੁੱਕੇ ਸੀ ਤੇ ਸੋਚਿਆ ਇਸ ਵਾਰ ਕਸ਼ਮੀਰ ਦਾ ਪ੍ਰੋਗਰਾਮ ਬਣਾਉਂਦੇ ਹਾਂ। ਪ੍ਰੋਗਰਾਮ ਬਣਾ ਕੇ ਬੱਚਿਆਂ ਨੇ ਸਾਡੀ ਹਵਾਈ ਟਿਕਟਾਂ ਬੁੱਕ ਕਰਵਾ ਦਿੱਤੀਆਂ ਤੇ ਹੋਟਲ ਵੀ ਬੁੱਕ ਕਰਵਾ ਦਿੱਤਾ। ਸਾਨੂੰ ਕੀ, ਕਿਸੇ ਨੂੰ ਵੀ ਇਹ ਪਤਾ ਨਹੀਂ ਸੀ ਕਿ ਪੰਜ ਤਰੀਕ ਨੂੰ ਸਾਡੇ ਹੁਕਮਰਾਨ ਰਾਜ ਦੇ ਨਸ਼ੇ ਵਿਚ ਅੰਨੇ ਹੋਏ ਕਸ਼ਮੀਰ ਬਾਰੇ ਅਜਿਹਾ ਕੁਝ ਕਰਨਗੇ। ਅਸੀਂ ਸੋਚਦੇ ਸਾਂ ਕਿ ਥੋੜੇ ਦਿਨਾਂ ਬਾਅਦ ਹਾਲਾਤ ਨਾਰਮਲ ਹੋ ਜਾਣਗੇ। ਈਦ ਦਾ ਤਿਓਹਾਰ ਵੀ ਆ ਗਿਆ ਸੀ, ਈਦ ਕਰਕੇ ਵੀ ਮਾਹੌਲ ਠੀਕ ਹੋਣ ਦੀ ਆਸ ਸੀ। ਇਸੀ ਆਸ ਵਿਚ ਅਸੀਂ ਸਾਂ ਕਿ ਹੌਲੀ ਹੌਲੀ ਮਾਹੌਲ ਸ਼ਾਂਤ ਹੋ ਜਾਵੇਗਾ ਅਤੇ ਅਸੀਂ ਸ੍ਰੀਨਗਰ ਘੁੰਮ ਆਵਾਂਗੇ।

ਕਾਫ਼ੀ ਦਿਨਾਂ ਬਾਅਦ ਅਸੀਂ ਫੈਸਲਾ ਲਿਆ ਕਿ ਤੇ ਬੱਚੇ ਵੀ ਕਹਿਣ ਲੱਗੇ ਜਾਣ ਦਾ ਪ੍ਰੋਗਰਾਮ ਕੈਂਸਲ ਕਰ ਦੇਵੋ। ਮੈਂ ਹੋਟਲ ਦੀ ਬੂਕਿੰਗ ਕੈਂਸਲ ਕਰਵਾ ਦਿੱਤੀ, ਹੁਣ ਹਵਾਈ ਟਿਕਟਾਂ ਦੀ ਸਮੱਸਿਆ ਖੜ੍ਹੀ ਹੋ ਗਈ। ਉਹ ਕਹਿੰਦੇ ਸਾਨੂੰ 31 ਅਗਸਤ ਤੱਕ ਦੀਆਂ ਟਿਕਟਾਂ ਰੱਦ ਕਰਨ ਦੇ ਹੁਕਮ ਹਨ। ਉਸ ਤੋ ਬਾਅਦ ਦੇ ਨਹੀਂ, ਅਸੀਂ ਦੋ ਤਾਰੀਕ ਨੂੰ ਜਾਣਾ ਸੀ। ਇਸੇ ਚੱਕਰ ਵਿਚ ਸਾਨੂੰ ਫੇਰ ਹਾਊਸ ਵੋਟ ਬੁੱਕ ਕਰਵਾਉਣੀ ਪਈ ਤੇ ਦੋ ਤਰੀਕ ਨੂੰ ਅੰਮ੍ਰਿਤਸਰ ਤੋਂ ਅਸੀਂ ਹਵਾਈ ਜਹਾਜ਼ ਰਾਹੀਂ ਸ੍ਰੀਨਗਰ ਪਹੁੰਚੇ। ਸਿਰਫ਼ 20 ਮਿੰਟਾਂ ਵਿਚ ਹਵਾਈ ਜਹਾਜ਼ ਸ੍ਰੀਨਗਰ ਪਹੁੰਚ ਜਾਂਦਾ ਹੈ।

ਉਥੇ ਜਾ ਕੇ ਜੋ ਅਸੀਂ ਦੇਖਿਆ, ਜੋ ਅਨੁਭਵ ਕੀਤਾ, ਜੋ ਲੋਕਾਂ ਦਾ ਦੁੱਖ ਦਰਦ ਸੁਣਿਆ, ਉਹ ਆਪ ਜੀ ਨਾਲ ਸਾਂਝਾ ਕੀਤਾ ਹੈ। ਤੁਸੀਂ ਸਭ ਨੇ ਪੰਜਾਬ ਦੇ ਹਾਲਾਤ ਦੇਖੇ ਹਨ, ਤੁਸੀਂ ਆਪ ਹੀ ਅੰਦਾਜ਼ਾ ਲਾ ਸਕਦੇ ਹੋ, ਏਜੰਸੀਆਂ ਕਿਵੇਂ ਸਾਜ਼ਿਸਾਂ ਰਚਦੀਆਂ ਹਨ ਅਤੇ ਨਿਰਦੋਸ਼ ਲੋਕਾਂ ਦੇ ਮੁਕਾਬਲੇ ਬਣਾ ਕੇ ਮਾਰਦੀਆਂ ਹਨ।

ਸਾਡੇ ਜਾਣ ਦੀ ਦੇਰ ਹੀ ਸੀ ਕਿ ਜਦੋਂ ਅਸੀਂ ਹਵਾਈ ਅੱਡੇ ਤੋਂ ਡੱਲ ਲੇਕ ਵਿਚ ਸ਼ਿਕਾਰੇ ਵਿਚ ਬੈਠੇ ਸਾਨੂੰ ਬਹੁਤ ਸਾਰੀਆਂ ਛੋਟੀਆਂ ਛੋਟੀਆਂ ਕਿਸ਼ਤੀਆਂ ਵਾਲਿਆਂ ਨੇ ਘੇਰ ਲਿਆ, ਕਹਿੰਦੇ ਕਿਆ ਬਾਤ ਹੈ ਇਕ ਸਰਦਾਰ ਜੀ ਹਨ ਜਿਗਰੇ ਵਾਲੇ ਜੋ ਇਕ ਮਹੀਨੇ ਬਾਅਦ ਇਥੇ ਪਹਿਲੇ ਟੂਰਿਸਟ ਵਜੋਂ ਆਏ ਹਨ। ਸਾਡੇ ਕੋਲ ਉਹ ਆਪਣੀਆਂ ਬਹੁਤ ਸੋਹਣੀਆਂ ਚੀਜ਼ਾਂ, ਜਿਊਲਰੀ, ਜੈਕਟਾਂ, ਲੱਕੜ ਦਾ ਬਹੁਤ ਸੁੰਦਰ ਸਮਾਨ ਤੇ ਕੇਸਰ, ਡਰਾਈ ਫਰੂਟ ਵਗੈਰਾ ਲੈ ਕੇ ਆਏ। ਸਭ ਇਹੀ ਕਹਿਣ ਇਕ ਮਹੀਨਾ ਹੋਗਿਆ ਸਰਦਾਰ ਜੀ ਪੈਸੇ ਦਾ ਮੂੰਹ ਨਹੀਂ ਦੇਖਿਆ, ਚਲੋ ਅਸੀਂ ਉਨ੍ਹਾਂ ਦੇ ਚੇਹਰਿਆਂ ਦੀ ਗੰਭੀਰਤਾ ਤੇ ਉਦਾਸੀ ਨੂੰ ਦੇਖ ਕੇ ਨਾ ਵੀ ਚਾਹੁੰਦੇ ਹੋਏ ਥੋੜਾ ਥੋੜਾ ਸਾਮਾਨ ਖਰੀਦਿਆ, ਪਰ ਕੇਸਰ, ਬਾਦਾਮ, ਅਖਰੋਟ ਇਹ ਕਦੇ ਵੀ ਡੱਲ ਵਿਚ ਨਹੀਂ ਖਰੀਦਣੇ ਚਾਹੀਦੇ, ਇਹ ਸਮਾਨ ਕਿਸੇ ਚੰਗੇ ਦੁਕਾਨਦਾਰ ਤੋਂ ਹੀ ਲੈਣਾ ਚਾਹੀਦਾ ਹੈ। ਸਾਨੂੰ ਸਾਡਾ ਡਰਾਇਵਰ ਲੈ ਗਿਆ ਸੀ, ਦੁਕਾਨਾਂ ਬੰਦ ਸਨ ਪਰ ਉਸ ਨੇ ਹਿੰਮਤ ਨਾਲ ਸਾਨੂੰ ਥੋੜੀ ਬਹੁਤ ਸ਼ਾਪਿੰਗ ਕਰਵਾ ਦਿੱਤੀ। ਸਾਨੂੰ ਪਹਿਲਗਾਮ, ਅਨੰਤ ਨਾਗ, ਬੈਲਗਾਮ ਅਤੇ ਹੋਰ ਪਾਤਸ਼ਾਹੀ ਤੇ ਹੋਰ ਸ੍ਰੀਨਗਰ ਦੇ ਪ੍ਰਸਿੱਧ ਗੁਰਦੁਆਰਿਆਂ ਵਿਚ ਵੀ ਘੁੰਮਾਇਆ। ਗੁਰਦੁਆਰਾ ਸ਼ਹੀਦ ਬੁੰਗ ਬਾਬਾਤ ਬਰਮਾਲਾ ਦਾ ਵੀ ਸਾਨੂੰ ਦਿਖਾਇਆ। ਇਹ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਸਿੱਖ ਫੌਜੀਆਂ ਦੀ ਸ਼ਹਾਦਤ ਦੀ ਯਾਦ ਵਿਚ ਬਣਾਇਆ ਹੈ। ਸਾਨੂੰ ਆਇਆਂ ਨੂੰ ਵੀ 20-21 ਦਿਨ ਹੋ ਗਏ ਸਨ ਪਰ ਅਜੇ ਤੱਕ ਮੋਬਾਇਲ ਨੈਟਵਰਕ ਪੂਰੀ ਤਰ੍ਹਾਂ ਬੰਦ ਹੈ। ਏਜੰਸੀਆਂ ਸਰਕਾਰ ਨੂੰ ਇਹ ਕਹਿ ਕੇ ਡਰਾ ਰਹੀਆਂ ਹਨ ਕਿ ਜੇ ਨੈਟਵਰਕ ਚਾਲੂ ਕਰ ਦਿੱਤਾ ਤਾਂ ਹੋ ਸਕਦਾ ਹੈ ਅਫ਼ਵਾਹਾਂ ਦਾ ਬਾਜ਼ਾਰ ਗਰਮ ਹੋ ਜਾਵੇ। ਹੁਣ ਵੀ ਅਫ਼ਵਾਹਾਂ ਤਾਂ ਫੈਲ ਰਹੀਆਂ ਸਨ ਝੂਠੀਆਂ ਕਿ ਫੌਜ ਤੇ ਫਲਾਣੇ ਪਿੰਡ ਵਾਲਿਆਂ ਨੇ ਪੱਥਰਾਂ ਨਾਲ ਹਮਲਾ ਕਰ ਦਿੱਤਾ। ਅਜਿਹੀਆਂ ਅਫ਼ਵਾਹਾਂ ਏਜੰਸੀਆਂ ਆਪ ਹੀ ਫੈਲਾ ਕੇ ਨੌਜਵਾਨਾਂ ਤੇ ਅੱਤਿਆਚਾਰ ਕਰ ਰਹੀਆਂ ਹਨ। ਕਿਸੇ ਦੀ ਕੋਈ ਸੁਣਵਾਈ ਨਹੀਂ। ਸਰਕਾਰ ਕਹਿੰਦੀ ਹੈ ਕਿ ਜੇ ਉਥੇ ਫੌਜ ਨਾ ਲਾਈਏ ਤਾਂ ਉੱਥੇ ਉਪਦ੍ਰਵ ਹੋ ਸਕਦਾ ਹੈ। ਪਰ ਅਸੀਂ ਆਪਣੀਆਂ ਅੱਖਾਂ ਨਾਲ ਵੇਖ ਕੇ ਆਏ ਹਾਂ ਘਾਟੀ ਸ਼ਾਂਤ ਹੈ। ਪਰ ਲੋਕਾਂ ਦੇ ਚਿਹਰੇ ਉਦਾਸ ਹਨ, ਉਨ੍ਹਾਂ ਦੇ ਚੇਹਰੇ ਇਕ ਗੱਲ ਬਿਆਨ ਕਰਦੇ ਹਨ ਕਿ ਉਨ੍ਹਾਂ ਦੇ ਅੰਦਰ ਗੁਲਾਮੀ ਪ੍ਰਤੀ ਕਿੰਨੀ ਜਦੋ ਜਹਿਦ ਚੱਲ ਰਹੀ ਹੈ।

ਜੇਕਰ ਹਾਲਾਤ ਇਸੇ ਤਰ੍ਹਾਂ ਬਣੇ ਰਹੇ ਇਕ ਦਿਨ ਲੋਕਾਂ ਦੇ ਸਬਰ ਦਾ ਪਿਆਲਾ ਫੁੱਟ ਜਾਣਾ ਹੈ ਤੇ ਲੋਕਾਂ ਨੇ ਸੜਕਾਂ ਤੇ ਆ ਕੇ ਸਿੱਧਾ ਹੀ ਫੌਜੀਆਂ ਨੂੰ ਕਹਿਣਾ ਹੈ ਕਿ ਅਜਿਹੀ ਗੁਲਾਮੀ ਨਾਲੋਂ ਮਰਨਾ ਸੌ ਗੁਣਾਂ ਚੰਗਾ ਹੈ, ਲੋਕਾਂ ਨੇ ਕਹਿਣਾ ਹੈ ਮਾਰੋ ਸਾਡੀਆਂ ਹਿੱਕਾਂ ਵਿਚ ਗੋਲੀਆਂ ਹੋਰ ਜ਼ੁਲਮ ਸਾਥੋਂ ਨਹੀਂ ਸਹਿਆ ਜਾਂਦਾ, ਰੋਜ਼ ਰੋਜ਼ ਦੇ ਮਰਨ ਨਾਲੋਂ ਚੰਗਾ ਹੇ ਕਿ ਇਕ ਦਿਨ ਹਿੱਕ ਤਾਣ ਕੇ ਮਰਨਾ। ਬੱਸ ਇਹੀ ਕੁਝ ਕਸ਼ਮੀਰੀ ਕਰਨ ਵਾਲੇ ਹਨ, ਜੇਕਰ ਸਰਕਾਰ ਨੇ ਆਪਣੇ ਵਤੀਰੇ ਵਿਚ ਨਰਮਾਈ ਨਾ ਲਿਆਂਦੀ ਤਾਂ ਇਕ ਦਿਨ ਲਾਵਾ ਜ਼ਰੂਰ ਫੁੱਟੇਗਾ। ਉਸ ਦਿਨ ਕਸ਼ਮੀਰ ਦਾ ਰੰਗ ਤੇ ਡੱਲ ਲੇਕ ਦਾ ਰੰਗ ਲਾਲ ਹੀ ਲਾਲ ਹੋਵੇਗਾ।

## ਅਯੁੱਧਿਆ ਦਾ ਫੈਸਲਾ ਹਿੰਦੂ ਭਾਈਚਾਰੇ ਦੇ ਹੱਕ 'ਚ

ਮਸਜਿਦ ਢਾਹੇ ਜਾਣ ਮਗਰੋਂ ਕਈ ਥਾਵਾਂ 'ਤੇ ਹਿੰਦੂ-ਮੁਸਲਿਮ ਫ਼ਸਾਦ ਹੋਏ ਤੇ 1993 ਵਿਚ ਹੋਏ ਮੁੰਬਈ ਧਮਾਕਿਆਂ ਵਿਚ ਸੈਂਕੜੇ ਲੋਕ ਮਾਰੇ ਗਏ। ਦੱਸਣਯੋਗ ਹੈ ਕਿ ਹਿੰਦੂ ਦਲੀਲ ਦਿੰਦੇ ਆਏ ਹਨ ਕਿ ਮੁਸਲਿਮ ਬਾਦਸ਼ਾਹ ਬਾਬਰ ਦੀ ਸ਼ਹਿ 'ਤੇ ਰਾਮ ਮੰਦਰ ਨੂੰ 16ਵੀਂ ਸਦੀ ਵਿਚ ਢਾਹ ਕੇ ਮਸਜਿਦ ਦੀ ਉਸਾਰੀ ਕੀਤੀ ਸੀ। 1885 ਵਿਚ ਇਹ ਮਾਮਲਾ ਉਸ ਵੇਲੇ ਕਾਨੂੰਨੀ ਰੂਪ ਧਾਰ ਗਿਆ ਜਦ ਇਕ ਮਹੰਤ ਨੇ ਮਸਜਿਦ ਦੇ ਅੰਦਰ ਤੰਬੂ ਲਾਉਣ ਲਈ ਅਦਾਲਤ ਦਾ ਬੂਹਾ ਖੜਕਾਇਆ। ਉਸ ਦੀ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ ਗਿਆ। ਦਸੰਬਰ 1949 ਵਿਚ ਅਣਪਛਾਤੇ ਵਿਅਕਤੀਆਂ ਨੇ ਮਸਜਿਦ ਦੇ ਅੰਦਰ ਭਗਵਾਨ ਰਾਮ ਦੀ ਮੂਰਤੀ ਸਥਾਪਿਤ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਸੰਵਿਧਾਨ ਇਸ ਗੱਲ ਦੀ ਹਾਮੀ ਭਰਦਾ ਹੈ ਕਿ ਜੋ ਹੋਇਆ ਗਲਤ ਹੋਇਆ ਤੇ ਉਸ ਨੂੰ ਸੁਧਾਰਿਆ ਜਾਵੇ। ਜੇ ਅਦਾਲਤ ਮੁਸਲਿਮ ਭਾਈਚਾਰੇ ਦੇ ਹੱਕ ਨੂੰ ਅੱਖੋਂ-ਪਰੋਖੇ ਕਰਦੀ ਹੈ ਜਿਨ੍ਹਾਂ ਨੂੰ ਮਸਜਿਦ ਤੋਂ ਵਿਰਵੇ ਕਰ ਦਿੱਤਾ ਗਿਆ, ਉਹ ਵੀ ਅਜਿਹੇ ਢੰਗ ਵਰਤ ਕੇ ਜੋ ਇਸ ਧਰਮ ਨਿਰਪੱਖ ਦੇਸ਼ ਦੇ ਕਾਨੂੰਨੀ ਦਾਇਰੇ ਵਿਚ ਨਹੀਂ ਹਨ, ਤਾਂ ਇਹ ਨਿਆਂ ਨਹੀਂ ਹੋਵੇਗਾ। ਅਦਾਲਤ ਨੇ ਅਯੁੱਧਿਆ ਵਿਚ ਸਰਕਾਰ ਨੂੰ ਕਿਸੇ 'ਮਹੱਤਵਪੂਰਨ' ਥਾਂ 'ਤੇ ਨਵੀਂ ਮਸਜਿਦ ਉਸਾਰਨ ਲਈ ਪੰਜ ਏਕੜ ਪਲਾਟ ਦੇਣ ਦਾ ਹੁਕਮ ਦਿੱਤਾ ਹੈ।

## ਕੀ ਕਿਹਾ ਮੋਦੀ ਤੇ ਇਮਰਾਨ ਨੇ

ਦੇ ਗੌਰਵ, ਪਿਆਰ ਅਤੇ ਤਪੱਸਿਆ ਦਾ ਪ੍ਰਸਾਦ ਆਖਿਆ, ਜਿਸ ਨੂੰ ਉਨ੍ਹਾਂ ਗੁਰੂ ਚਰਨਾਂ ਵਿਚ ਸਮਰਪਿਤ ਕੀਤਾ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ 550ਵੇਂ ਪ੍ਰਕਾਸ਼ ਪੁਰਬ ਨੂੰ ਬੜੇ ਸ਼ਰਧਾ ਭਾਵ ਨਾਲ ਮਨਾ ਰਹੀ ਹੈ ਅਤੇ ਇਸ ਮੌਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਸਮੁੱਚੇ ਵਿਸ਼ਵ ਵਿਚ ਪ੍ਰਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ। ਯੂਨੈਸਕੋ ਦੀ ਮਦਦ ਨਾਲ ਗੁਰੂ ਸਾਹਿਬ ਦੀ ਬਾਣੀ ਦਾ ਵੱਖ ਵੱਖ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾ ਰਿਹਾ ਹੈ। ਬਰਤਾਨੀਆ ਵਿਚ ਇਕ ਯੂਨੀਵਰਸਿਟੀ ਵਿਚ ਗੁਰੂ ਸਾਹਿਬ ਦੇ ਨਾਂ ਦੀ ਚੇਅਰ ਸਥਾਪਤ ਕੀਤੀ ਗਈ ਹੈ ਅਤੇ ਕੈਨੇਡਾ ਵਿਚ ਵੀ ਇਸੇ ਤਰ੍ਹਾਂ ਕੀਤਾ ਜਾ ਰਿਹਾ ਹੈ।

ਦੂਜੇ ਪਾਸੇ ਪਾਕਿਸਤਾਨੀ ਵਜ਼ੀਰੇ ਆਜ਼ਮ ਇਮਰਾਨ ਖ਼ਾਨ ਨੇ ਗੁਰਦੁਆਰਾ ਕਰਤਾਰਪੁਰ ਦੇ ਵਿਹੜੇ ਵਿਚ ਬਣਾਈ ਗਈ ਇਕ ਵੱਡੀ ਸ੍ਰੀ ਸਾਹਿਬ ਅਤੇ ਪੱਥਰ ਤੋਂ ਪਰਦਾ ਹਟਾ ਕੇ ਉਦਘਾਟਨ ਦੀ ਰਸਮ ਨੂੰ ਪੂਰਾ ਕੀਤਾ। ਆਪਣੇ ਸੰਬੋਧਨ ਵਿਚ ਉਨ੍ਹਾਂ ਆਖਿਆ ਕਿ ਕਰਤਾਰਪੁਰ ਲਾਂਘਾ ਸ਼ੁਰੂ ਹੋਣ ਨਾਲ ਸਿੱਖ ਆਪਣੇ 'ਮਦੀਨੇ' ਦੇ ਖੁੱਲ੍ਹੇ ਦਰਸ਼ਨ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਥੇ ਹਾਜ਼ਰ ਸਿੱਖਾਂ ਦੇ ਚਿਹਰੇ ਤੋਂ ਝਲਕਦੀ ਖੁਸ਼ੀ ਨੂੰ ਵੇਖ ਕੇ ਉਨ੍ਹਾਂ ਦਾ ਮਨ ਵੀ ਵਧੇਰੇ ਖੁਸ਼ ਹੈ। ਵਜ਼ੀਰੇ ਆਜ਼ਮ ਨੇ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਦੀ ਸਿੱਖ ਕੌਮ ਵਾਸਤੇ ਅਹਿਮੀਅਤ ਦਾ ਪਤਾ ਉਨ੍ਹਾਂ ਨੂੰ ਇਕ ਵਰ੍ਹੇ ਪਹਿਲਾਂ ਲੱਗਾ ਸੀ ਅਤੇ ਉਨ੍ਹਾਂ ਇਸ ਲਾਂਘੇ ਨੂੰ ਖੋਲ੍ਹਣ ਦਾ ਨਿਰਣਾ ਲਿਆ ਸੀ। ਉਨ੍ਹਾਂ ਕਿਹਾ ਕਿ ਕਰੀਬ ਇਕ ਸਾਲ ਦੇ ਵਕਫ਼ੇ ਵਿਚ ਪਾਕਿਸਤਾਨੀਆਂ ਨੇ ਇਥੇ ਵੱਡੇ ਵਿਕਾਸ ਦੀ ਤਸਵੀਰ ਪੇਸ਼ ਕੀਤੀ ਹੈ। ਭਾਰਤੀ ਪ੍ਰਧਾਨ ਮੰਤਰੀ ਦਾ ਨਾਮ ਲਏ ਬਿਨਾਂ ਉਨ੍ਹਾਂ ਆਖਿਆ ਕਿ ਲੀਡਰ ਉਹੀ ਹੁੰਦਾ ਹੈ, ਜੋ ਇਨਸਾਨਾਂ ਨੂੰ ਇਕੱਠਾ ਕਰਦਾ ਹੈ, ਉਨ੍ਹਾਂ ਵਿਚ ਨਫ਼ਰਤ ਨਹੀਂ ਫੈਲਾਉਂਦਾ ਹੈ ਅਤੇ ਨਫਰਤ ਫੈਲਾ ਕੇ ਵੋਟਾਂ ਨਹੀਂ ਮੰਗਦਾ ਹੈ। ਇਮਰਾਨ ਨੇ ਕਿਹਾ, "ਜਦੋਂ ਮੈਂ ਵਜ਼ੀਰੇ ਆਜ਼ਮ ਬਣਿਆ ਸੀ ਤਾਂ ਆਪਣੇ ਹਮਰੁਤਬਾ ਨਰਿੰਦਰ ਮੋਦੀ ਨੂੰ ਦੋਵਾਂ ਦੇਸ਼ਾਂ ਵਿਚਾਲੇ ਸੁਖਾਲੇ ਸਬੰਧ ਬਣਾਉਣ ਦਾ ਹੋਕਾ ਦਿੱਤਾ ਸੀ।" ਉਨ੍ਹਾਂ ਕਸ਼ਮੀਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਥੇ ਵੱਡੀ ਗਿਣਤੀ ਵਿਚ ਤਾਇਨਾਤ ਭਾਰਤੀ ਫ਼ੌਜ ਵਲੋਂ ਕਸ਼ਮੀਰੀਆਂ ਦੇ ਹੱਕਾਂ ਨੂੰ ਦਬਾਇਆ ਜਾ ਰਿਹਾ ਹੈ।

ਬਾਅਦ ਦੁਪਹਿਰ ਜਦੋਂ ਜਥਾ ਕੁਝ ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਪੁੱਜਾ ਤਾਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮੁਹੰਮਦ ਕੁਰੈਸ਼ੀ ਨੇ ਉਨ੍ਹਾਂ ਨੂੰ 'ਜੀ ਆਇਆਂ' ਆਖਿਆ। ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਅਮਨ ਦਾ ਪੈਗਾਮ ਦਿੱਤਾ ਸੀ। ਉਸੇ ਤਹਿਤ ਹੀ ਅੱਜ ਪਾਕਿਸਤਾਨ ਵਿਚ ਸਮੁੱਚੇ ਸਿੱਖ ਭਾਈਚਾਰੇ ਨੂੰ ਖੁਸ਼ਆਮਦੀਦ ਆਖਿਆ ਗਿਆ ਹੈ। ਉਨ੍ਹਾਂ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਲਾਂਘੇ ਰਾਹੀਂ ਭਾਰਤ ਸਮੇਤ ਬਰਤਾਨੀਆ, ਕੈਨੇਡਾ, ਅਮਰੀਕਾ, ਨਿਊਜ਼ੀਲੈਂਡ ਤੇ ਹੋਰ ਮੁਲਕਾਂ ਵਿਚ ਬੈਠੇ ਸਮੂਹ ਸਿੱਖਾਂ ਲਈ ਪਾਕਿਸਤਾਨ ਦਾ ਰਸਤਾ ਖੋਲ੍ਹ ਦਿੱਤਾ ਗਿਆ ਹੈ। ਕਸ਼ਮੀਰ ਦਾ ਜ਼ਿਕਰ ਛੇੜਦਿਆਂ ਉਨ੍ਹਾਂ ਕਿਹਾ ਕਿ ਬਾਬੇ ਨਾਨਕ ਵਲੋਂ ਦਿੱਤਾ ਅਮਨ ਦਾ ਪੈਗਾਮ ਕਸ਼ਮੀਰ ਵਿਚ ਵੀ ਪੁੱਜਣਾ ਚਾਹੀਦਾ ਹੈ।

ਕਰਤਾਰਪੁਰ ਲਾਂਘੇ ਨੂੰ ਉਨ੍ਹਾਂ ਮੁਹੱਬਤ ਦੀ ਰਾਹਦਾਰੀ ਕਰਾਰ ਦਿੰਦਿਆਂ ਉਮੀਦ ਪ੍ਰਗਟਾਈ ਕਿ ਇਸ ਨਾਲ ਆਪਸੀ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਜੇਕਰ ਮੁਹੱਬਤ ਦੇ ਰਾਹ ਤੇ ਚਲਿਆ ਜਾਂਦਾ ਤਾਂ ਇਹ 7 ਕਿਲੋਮੀਟਰ ਦਾ ਸਫ਼ਰ ਤੈਅ ਕਰਨ ਲਈ 72 ਸਾਲ ਦਾ ਸਮਾਂ ਨਾ ਲਗਦਾ।




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


SHER® BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com